੨੯ ਵਾਂ ਸਾਲ

# ਵਰਿਆਮ

ਮਈ, ੨੦੦੪



ਅਮਰ ਭਾਰਤੀ

ਜੋਤੀ ਜੋਤਿ ਰਲੀ, ਸੰਪੂਰਨੁ ਥੀਆ ਰਾਮ

Namdhari Elibrary NamdhariElibrary@gmail.com

# ਅਮਰ ਭਾਰਤੀ ਜੀ ਦੀ ਯਾਦ ਵਿੱਚ



ਭਾਰਤੀ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ



ਮਿੱਤਰ ਮੰਡਲ - ਅਮਰ ਭਾਰਤੀ, ਤਾਰਾ ਸਿੰਘ ਕਾਮਲ, ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com

# ਵਰਿਆਮ

ਮਈ-੨੦੦੪

ਜਿਲਦ-੨੯

ਅੰਕ-੭

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |



### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


## ਤਤਕਰਾ


ਡਾ. ਅਮਰ ਭਾਰਤੀ ਬ੍ਰਹਮਲੀਨ—*ਜਗਦੀਸ਼ ਸਿੰਘ* ------ -੨
ਆਜ਼ਾਦੀ ਦੇ ਇਤਿਹਾਸ ਦਾ ਨਰਾਦਰ—*ਪੰਜਾਬੀ ਟ੍ਰਿਬਿਊਨ* -੩
ਦਸ ਕਦਮ—*ਅਮਰ ਭਾਰਤੀ* ------------------੫
ਡਾ. ਅਮਰ ਭਾਰਤੀ—*ਸੁਵਰਨ ਸਿੰਘ ਵਿਰਕ* ------- ੧੧
ਅਮਰ ਸਿੰਘ ਤੋਂ ਅਮਰ ਭਾਰਤੀ ਦਾ ਸਫਰ
—*ਪ੍ਰੀਤਮ ਸਿੰਘ ਪੰਛੀ* --------੧੫
ਭਾਰਤੀ ਜੀ ਮਹਾ ਪ੍ਰਸਥਨ ਕਰਦਿਆਂ
—*ਸਰਬ ਸ਼ਕਤੀਮਾਨ ਸਿੰਘ* -----੧੭
ਅਜਾਤ ਸ਼ਤਰੂ—ਡਾ. ਅਮਰ ਭਾਰਤੀ
—*ਸੁਖਬੀਰ ਸਿੰਘ ਗੁਲਾਟੀ* --------- ੧੯
ਕੀਹ ਪਤਾ ਸੀ—*ਡਾ. ਅਮਰੀਕ ਸਿੰਘ* ----------- ੨੧
ਕੂਕਾ ਲਹਿਰ ਨਾਲ ਨਾ ਇਨਸਾਫੀ ਕਿਉਂ
—*ਗੁਰਬਚਨ ਸਿੰਘ ਨਾਮਧਾਰੀ* ------- ੨੩
ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਧਰਮ ਵਿਸ਼ਵਾਸ
—*ਸਵਰਨ ਸਿੰਘ ਸਨੇਹੀ* --- ੨੪
ਚਾਰ ਗ਼ਜ਼ਲਾਂ—*ਡੀ.ਆਰ. ਧਵਨ* ------------- ੨੬
ਦੁੱਖ ਹੈ ਮੈਨੂੰ—*ਗੁਰਦਿਆਲ ਰੌਸ਼ਨ* ------------- ੨੭
ਕਾਵਿ ਟੁਕੜੀਆਂ—*ਮਲਕੀਤ ਮੀਤ* ------------ ੨੭
ਦੋ ਗ਼ਜ਼ਲਾਂ-*ਗੁਰਦਿਆਲ ਸਿੰਘ ਢਿੱਲੋਂ ਪ੍ਰੀਤ* ------- ੨੮
ਧੀਆਂ—*ਊਧਮ ਸਿੰਘ ਮੌਜੀ* ----------------- ੨੮
ਦੋ ਗ਼ਜ਼ਲਾਂ—*ਮਹਿਮਾ ਸਿੰਘ ਤੂਰ* -------------- ੨੯
ਕਸ਼ਮੀਰ ਸੜ ਰਿਹਾ ਹੈ—*ਚਰਨ ਸੀਚੇਵਾਲਵੀ* ------ ੨੯
ਕਾਵਿ ਟੁਕੜੀਆਂ—*ਆਦਲ ਦਿਆਲਪੁਰੀ* -------- ੩੦
ਸਾਹਾਂ 'ਚ ਮਿਸ਼ਰੀ ਘੋਲ ਗਿਆ
ਤੂੰ ਵੀ ਹੋ ਅਮਰੀਕ ਸਿੰਘ—*ਅਮਰੀਕ ਸਿੰਘ* ------- ੩੧
ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ—*ਗੁਰਭਜਨ ਗਿੱਲ* ੩੩
ਇਕ ਅਹਿਸਾਸ—ਮਹਿੰਦਰ ਸਿੰਘ ਮਠਾੜੂ ---------- ੩੫
ਖੁਲੀ ਨਿਲਾਮੀ ਰਾਹੀਂ ਇਸਤਰੀਆਂ ਦੀ ਵਿਕਰੀ
—*ਦਿਲਬਾਗ ਸਿੰਘ ਬਾਗਾ* ----- ੩੯
ਮਿੰਨੀ ਕਹਾਣੀਆਂ—*ਮਲਕੀਤ ਮੀਤ, ਕਰਮ ਸਿੰਘ ਵਕੀਲ*-੪੧
ਖ਼ਬਰਨਾਮਾ ------------------------------ ੪੨
ਸ਼ੋਕ ਸੁਨੇਹੇ ----------------------------- ੫੦
ਪ੍ਰਤੀਕਿਰਿਆ ---------------------------- ੫੨





Namdhari Elibrary NamdhariElibrary@gmail.com

# ਡਾ. ਅਮਰ ਭਾਰਤੀ ਬ੍ਰਹਮਲੀਨ

ਪਿਛਲੇ ਅੰਕ ਵਿਚ ਅਸਾਂ ਅਮਰ ਭਾਰਤੀ ਜੀ ਦੇ ਸਨਮਾਨ ਦੀ ਖਬਰ, ਲੇਖ ਅਤੇ ਤਸਵੀਰ ਛਾਪੀ ਸੀ। ਅਜੇ ਡਾ. ਅਮਰ ਭਾਰਤੀ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪ੍ਰਾਪਤ ਵਿਸ਼ੇਸ਼ ਸਨਮਾਨ ਅਤੇ ਸਾਹਿਤ ਮਾਰਤੰਡ ਦੀ ਉਪਾਧੀ ਦੀਆਂ ਖੁਸ਼ੀਆਂ ਜਮਾ ਵਧਾਈਆਂ ਦਾ ਸਿਲਸਿਲਾ ਚਲ ਹੀ ਰਿਹਾ ਸੀ ਕਿ ੧੪ ਅਪਰੈਲ ੨੦੦੪ ਦੀ ਸ਼ਾਮ ਨੂੰ ਭਾਰਤੀ ਜੀ ਬ੍ਰਹਮ ਲੀਨ ਹੋ ਗਏ।

ਦਿੱਲੀ ਤੋਂ ਪ੍ਰੋ. ਤਾਰਾ ਸਿੰਘ ਅਨਜਾਣ ਜੀ ਦੇ ਫੋਨ ਤੋਂ ਉਹਨਾਂ ਦੀ ਸਿਹਤ ਦੇ ਵਿਗਾੜ ਦਾ ਪਤਾ ਹਫਤਾ ਕੁ ਪਹਿਲਾਂ ਲਗਿਆ ਸੀ। ਅਸੀਂ ਭਾਰਤੀ ਜੀ ਦੇ ਘਰ ਫੋਨ ਕੀਤੇ ਅਤੇ ਸਿਹਤ ਦੀ ਸੂਚਨਾ ਲੈਂਦੇ ਰਹੇ। ਉਹਨਾਂ ਬਹੁਤ ਬੇਫਿਕਰੀ ਵਿਚ ਸਹਿਜਤਾ ਨਾਲ ਦਸਿਆ ਕਿ ਪੇਟ ਵਿਚ ਦਰਦ ਹੈ ਅਤੇ ਕੈਂਸਰ ਹੋਣ ਦੀ ਸੰਭਾਵਨਾ ਦਾ ਪਤਾ ਲਾਉਣ ਲਈ ਦਿੱਲੀ ਦੇ ਮਸ਼ਹੂਰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿਚ ਟੈਸਟ ਹੋ ਰਹੇ ਹਨ ਅਤੇ ਇਕ ਹਫਤੇ ਤਕ ਰਿਪੋਰਟਾਂ ਆਉਣਗੀਆਂ, ਫੇਰ ਮਰਜ਼ ਦੀ ਤਸ਼ਖੀਸ਼ ਹੋ ਸਕੇਗੀ। ਇਹ ਰਿਪੋਰਟ ੧੪ ਅਪਰੈਲ ਨੂੰ ਹੀ ਆਉਣੀ ਸੀ।

੧੪ ਸ਼ਾਮ ਨੂੰ ਮੁੜ ਅਨਜਾਣ ਜੀ ਦਾ ਫੋਨ ਆਇਆ। ਸੁਭਾਵਕ ਹੀ ਭਾਰਤੀ ਜੀ ਦੀ ਰਿਪੋਰਟ ਬਾਰੇ ਉਤਸੁਕਤਾ ਸੀ। ...ਪਰ ਅਨਜਾਣ ਜੀ ਦੇ ਇਹ ਹੀ ਬੋਲ ਸੁਣੇ "ਭਾ ਜੀ ਭਾਰਤੀ ਜੀ ਨਹੀਂ ਰਹੇ" ਤੇ ਫੇਰ ਉਹ ਬੋਲ ਨਾ ਸਕੇ।

ਭਾਰਤੀ ਜੀ ਦਸ ਕੁ ਸਾਲ ਪਹਿਲਾਂ ਦਿਲ ਦੇ ਦੌਰੇ ਦੀ ਮਾਰ ਤੋਂ ਬਚ ਨਿਕਲੇ ਸਨ ਅਤੇ ਪੂਰਨ ਪਰਹੇਜ਼ ਨਾਲ ਜੀਵਨ ਜੀ ਰਹੇ ਸਨ। ਉਂਜ ਵੀ ਉਹਨਾਂ ਦਾ ਜੀਵਨ ਸਾਦਗੀ ਸੰਜਮ ਅਤੇ ਸਾਧਨਾ ਦਾ ਜੀਵਨ ਸੀ। ਆਪ ਹੋਮਿਓਪੈਥਿਕ ਡਾਕਟਰ ਸਨ ਅਤੇ ਕਈਆਂ ਨੂੰ ਜੀਵਨ ਦਾਨ ਦੇ ਚੁੱਕੇ ਸਨ। ਸੰਪਾਦਕ ਵਰਿਆਮ ਦਾ ਇਲਾਜ ਵੀ ਉਹਨਾਂ ਟੈਲੀਫੋਨ ਰਾਹੀਂ ਹੀ ਕੀਤਾ ਸੀ। ਬਾਦ ਵਿਚ ਪਤਾ ਲਗਾ ਕਿ ਉਹਨਾਂ ਆਪਣਾ ਆਖਰੀ ਦਿਨ ਵਸੀਹਤ ਲਖਵਾਉਣ ਵਿਚ ਬਤੀਤ ਕੀਤਾ ਅਤੇ ਇਸ ਦੇ ਮੁਕੰਮਲ ਹੋਣ ਬਾਦ ਆਪਣਾ ਸਰੀਰ ਤਿਆਗਿਆ। (ਉਹ ਕੈਂਸਰ ਨਾਲ ਨਹੀਂ ਸ਼ਾਂਤ ਹੋਏ)

ਉਹ ਬਹੁਤ ਉੱਚ ਕੋਟੀ ਦੇ ਵਿਦਵਾਨ ਸਾਹਿਤਕਾਰ ਅਤੇ ਸਿਆਣੇ ਪੁਰਸ਼ ਸਨ। ਸਾਨੂੰ ਉਹਨਾਂ ਦਾ ਬਹੁਤ ਆਸਰਾ ਸੀ। ਵਰਿਆਮ ਨੂੰ ਉਹਨਾਂ ਕਦੇ ਓਪਰਾ ਪਰਚਾ ਨਹੀਂ ਸੀ ਸਮਝਿਆ ਅਤੇ ਬਹੁਤ ਮਹੱਤਵਪੂਰਨ ਲੇਖ ਛਪਵਾਉਣ ਲਈ ਉਹਨਾਂ ਦੀ ਪਹਿਲ ਵਰਿਆਮ ਹੀ ਸੀ। ਦੋਸਤੀ ਦੇ ਮਾਮਲੇ ਵਿਚ ਉਹ ਲਾ ਮਿਸਾਲ ਸਨ। ਜਦੋਂ ਦਿੱਲੀ ਜਾਣਾ ਤਾਂ ਦੂਰ ਦੁਰਾਡੇ ਮਿੱਤਰਾਂ ਭਾਪਾ ਪ੍ਰੀਤਮ ਸਿੰਘ ਜੀ ਜਾਂ ਗੁਰਬਚਨ ਸਿੰਘ ਭੁੱਲਰ ਆਦਿ ਨੂੰ ਮਿਲੋਣ ਵਾਸਤੇ ਉਹਨਾਂ ਕਾਰ ਲੈ ਕੇ ਸਦਾ ਨਾਲ ਰਹਿਣਾ। ਭਾਰਤੀ ਜੀ ਨਾਲ ਹੀ ਅਸੀਂ ਅੰਮ੍ਰਿਤਾ ਪ੍ਰੀਤਮ ਜੀ ਦੇ ਦਰਸ਼ਨ ਵੀ ਕਰਦੇ ਰਹੇ। ਇਕ ਵਾਰ ਉਹਨਾਂ ਦੀ ਕਾਰ ਅਸੀਂ ਐਕਸੀਡੈਂਟ ਵਿਚ ਭੰਨ ਸੁੱਟੀ ਪਰ ਉਹ ਏਡੇ ਸਹਿਜ ਕਿ ਮੱਥੇ ਤੇ ਸ਼ਿਕਨ ਵੀ ਨਾ ਪਾਇਆ। ਭਾਰਤੀ ਜੀ ਬਿਨਾਂ ਅਸੀਂ ਦਿੱਲੀ ਦਾ ਕਿਆਸ ਕਰ ਹੀ ਨਹੀਂ ਸਕਦੇ। ਸਾਡਾ ਆਪਣਾ ਗਤੀ ਚੱਕਰ ਰੁਕ ਗਿਆ ਹੈ। ਦਿਲੀ ਵਿਚਲੇ ਪੁਰਾਣੇ ਲੇਖਕ ਮਿੱਤਰ ਹੁਣ ਆਪ ਵੀ ਸੇਜਾਸਣੀ ਹੋਏ ਪਏ ਹਨ। ਭਾਰਤੀ ਜੀ ਨਮਿਤ ਭੋਗ ੨੪ ਅਪਰੈਲ ਨੂੰ ਦਿੱਲੀ ਵਿਚ ਪੂਰਨ ਸ਼ਰਧਾ ਅਤੇ ਵੈਰਾਗ ਨਾਲ ਪਾਇਆ ਜਾ ਚੁੱਕਾ ਹੈ। ਦਿੱਲੀ ਦੀ ਯਾਤਰਾ ਬਾਦ ਤਤ ਫਟ ਇਸ ਅੰਕ ਦੀ ਤਿਆਰੀ ਬਹੁਤ ਅਸੰਭਵ ਕਾਰਜ ਸੀ। ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਕੁਝ ਹਾਜ਼ਰ ਕਰ ਸਕੇ ਹਾਂ। ਭਾਰਤੀ ਜੀ ਦੇ ਵਿਅਕਤਿਤਵ ਨੂੰ ਦਰਸਾਉਂਦੀਆਂ ਕੁਝ ਦੋਸਤਾਂ ਦੀਆਂ ਲਿਖਤਾਂ ਕੁਝ ਉਹਨਾਂ ਦਾ ਆਪਣਾ ਲਿਖਿਆ ਸਿਮ੍ਰਤੀ ਅਤੇ ਸਤਿਕਾਰ ਵਜੋਂ ਵਰਿਆਮ ਦੇ ਇਸ ਅੰਕ ਵਿਚ ਦਰਜ ਹੈ। ਰਾਤਾਂ ਦੀਆਂ ਨੀਦਾਂ ਲੇਖੇ ਲਾਉਣ ਦੇ ਬਾਵਜੂਦ ਕਈ ਲੇਖ ਤੇ ਹੋਰ ਸਾਮਗਰੀ ਇਸ ਅੰਕ ਵਿਚ ਨਹੀਂ ਆ ਸਕੀ, ਇਸ ਵਾਸਤੇ ਖਿਮਾ ਦੇ ਜਾਚਕ ਹਾਂ। ਮਨ ਭਰਿਆ ਪਿਆ ਹੈ ਖਲਾਅ ਵੱਡਾ ਹੈ। ਵੱਡਾ ਥੰਮ ਡਿਗਿਆ ਹੈ। ਦੋ ਚਾਰ ਲੇਖ ਭਾਰਤੀ ਜੀ ਦੀ ਸ਼ਖਸੀਅਤ ਦਾ ਮੁਲੰਕਣ ਨਹੀਂ ਕਰ ਸਕਦੇ। ਇਹ ਕੇਵਲ ਸੂਚਨਾ ਮਾਤਰ ਹੈ। ਦੋਸਤ ਮਿੱਤਰਾਂ ਦੇ ਅਫਸੋਸ ਸੁਨੇਹੇ ਆ ਰਹੇ ਹਨ। ਭਾਰਤੀ ਜੀ ਦੀਆਂ ਅਮਰ ਲਿਖਤਾਂ ਵਿਚੋਂ ਉਹਨਾਂ ਦੇ ਸਦਾ ਦਰਸ਼ਨ ਹੋਣਗੇ।

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

# ਅਜ਼ਾਦੀ ਦੇ ਇਤਿਹਾਸ ਦਾ ਨਿਰਾਦਰ

## ਕਾਮਾਗਾਟਾ ਮਾਰੂ ਤੇ ਕੂਕਾ ਲਹਿਰ ਦੇ ਯੋਧੇ ਸ਼ਹੀਦ ਕਿਉਂ ਨਹੀਂ ?

ਕੀ ਅਸੀਂ ਆਜ਼ਾਦੀ ਦੇ ਇਤਿਹਾਸ ਨੂੰ ਪੱਖਪਾਤੀ ਬਣ ਕੇ ਜਾਂ ਮੁਤੱਸਬੀ ਹੋ ਕੇ ਕੋਰਟ ਵਿਚ ਦਰਜ ਕਰਵਾਏ ਲਿਖਤੀ ਬਿਆਨ ਵੱਲ ਜਾਈਏ ਤਾਂ ਪੱਖਪਾਤੀ ਦੋਸ਼ ਦੀ ਪੁਸ਼ਟੀ ਹੋ ਜਾਂਦੀ ਹੈ। ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਭਾਰਤ ਦੀ ਆਜ਼ਾਦੀ ਦੀ ਸ਼ਮ੍ਹਾਂ ਉੱਤੇ ਮਰ-ਮਿਟਣ ਵਾਲੇ ਪਰਵਾਨਿਆਂ ਦੀਆਂ ਇਤਿਹਾਸਕ ਯਾਦਗਾਰਾਂ ਤੇ ਪੈਗ਼ਾਮਾਂ ਨੂੰ ਪਿਛਲੇ ੪੦ ਵਰ੍ਹਿਆਂ ਤੋਂ ਸਾਡੇ ਤੱਕ ਪਹੁੰਚਾਉਣ ਵਾਲੇ ਇਕ ਸਿਰੜੀ ਅਤੇ ਸੁਹਿਰਦ ਖੋਜੀ ਇਨਸਾਨ ਪ੍ਰੋਫੈਸਰ ਨੂੰ ਹਾਈਕੋਰਟ ਦਾ ਦਰਵਾਜ਼ਾ ਸਿਰਫ਼ ਇਸ ਲਈ ਖੜਕਾਉਣਾ ਪਿਆ ਤਾਂ ਜੋ ਕਾਮਾਗਾਟਾ ਮਾਰੂ ਦੇ ਆਜ਼ਾਦੀ ਘੁਲਾਟੀਆਂ ਅਤੇ ਪ੍ਰਸਿੱਧ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਵੀ ਆਜ਼ਾਦੀ ਸੰਗਰਾਮੀਆਂ ਦਾ ਰੁਤਬਾ ਦਿੱਤਾ ਜਾਏ। ਜੋ ਕਿ ਹੁਣ ਤੱਕ ਭਾਰਤ ਸਰਕਾਰ ਨੇ ਨਹੀਂ ਸੀ ਦਿੱਤਾ। ਪਰ ਕੇਂਦਰੀ ਹਾਕਮਾਂ, ਗ੍ਰਹਿ ਮੰਤਰਾਲਾ ਅਤੇ ਅਫ਼ਸਰਸ਼ਾਹੀ ਦੀ ਆਜ਼ਾਦੀ ਦੇ ਇਤਿਹਾਸ ਪ੍ਰਤੀ ਸਮਝ, ਜਾਣਕਾਰੀ ਅਤੇ ਸਤਿਕਾਰ ਦੇ ਪੱਧਰ ਦਾ ਪਤਾ ਉਦੋਂ ਲੱਗਾ ਜਦੋਂ ਗ੍ਰਹਿ ਮੰਤਰਾਲੇ ਨੇ ਪਿਛਲੇ ਦਿਨੀਂ ਹਾਈਕੋਰਟ ਵਿਚ ਲਿਖ ਕੇ ਦੇ ਦਿੱਤਾ ਕਿ, "ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਵਲੋਂ ੧੯੧੪ ਵਿਚ ਭਾਰਤ ਛੱਡ ਜਾਣ ਤੇ ਮਹਿਜ਼ ਉਨ੍ਹਾਂ ਉੱਤੇ ਅੰਗਰੇਜ਼ ਪੁਲਸ ਵਲੋਂ ਕੀਤੇ ਹਮਲਿਆਂ ਤੋਂ ਇਹ ਗੱਲ ਸਥਾਪਤ ਨਹੀਂ ਹੁੰਦੀ ਕਿ ਉਨ੍ਹਾਂ ਦਾ ਆਜ਼ਾਦੀ ਦੀ ਲਹਿਰ ਨਾਲ ਕੋਈ ਸੰਬੰਧ ਸੀ।"

ਕੇਂਦਰੀ ਹਾਕਮਾਂ ਨੇ ਉਕਤ ਟਿੱਪਣੀ ਕਰ ਕੇ ਇਤਿਹਾਸ ਨਾਲ ਕਿੰਨਾ ਮਜ਼ਾਕ ਕੀਤਾ ਹੈ, ਜਦਕਿ ਹਕੀਕਤ ਇਹ ਹੈ ਕਿ ੭੦ਵਿਆਂ ਦੇ ਪਹਿਲੇ ਅੱਧ ਵਿਚ ਆਜ਼ਾਦੀ ਦੀ ਜੱਦੋ ਜਹਿਦ ਵਿਚ ਅਹਿਮ ਰੋਲ ਅਦਾ ਕਰਨ ਵਾਲੀ ਕਾਂਗਰਸ ਪਾਰਟੀ ਨੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ ਵਿਚ ਚੰਡੀਗੜ੍ਹ ਦੇ ਨੇੜੇ ਜਿਸ ਥਾਂ ਉੱਤੇ ਪਾਰਟੀ ਇਜਲਾਸ ਕੀਤਾ, ਉਸ ਦਾ ਨਾਂ ਕਾਮਾਗਾਟਾ ਮਾਰੂ ਨਗਰ ਰੱਖਿਆ ਗਿਆ ਸੀ। ਕਾਮਾਗਾਟਾ ਮਾਰੂ ਕਾਂਡ ਬਾਰੇ ਇਤਿਹਾਸਕ ਤੱਥ ਇਹ ਹੈ ਕਿ ਇਸ ਦੇ ਮੁਸਾਫਰ ਭਾਵੇਂ ਕੈਨੇਡਾ ਵੱਲ ਗਏ ਤਾਂ ਸਨ ਖੱਟਣ ਕਮਾਉਣ ਲਈ ਪਰ ਜਦੋਂ ਕੈਨੇਡਾ ਦੀ ਧਰਤੀ ਉੱਤੇ ਪੈਰ ਰੱਖੇ ਤੇ ਬਿਨਾਂ ਹੀ ਕਲਕੱਤਾ ਵਿਚ ਬਜਬਜ ਘਾਟ 'ਤੇ ਵਾਪਸ ਪਰਤੇ ਤਾਂ ਉਦੋਂ ਉਹ ਹੋਰ ਦੇ ਹੋਰ ਬਣ ਚੁੱਕੇ ਸਨ। ਆਜ਼ਾਦੀ ਦੀ ਚਿਣਗ ਉਨ੍ਹਾਂ ਅੰਦਰ ਮਘ ਚੁੱਕੀ ਸੀ। ਗਦਰ ਪਾਰਟੀ ਨੇ ਮਹਾਨ ਯੋਧਿਆਂ ਬਾਰੇ ਵੀ ਇਤਿਹਾਸ ਕੁਝ ਇਸ ਤਰ੍ਹਾਂ ਦੀ ਗਵਾਹੀ ਭਰਦਾ ਹੈ ਜਿਨ੍ਹਾਂ ਵਿਚੋਂ ਕਈਆਂ ਨੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮੇ ਤੇ ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਆਪਣੇ ਜੀਵਨ ਦਾ ਕੀਮਤੀ ਭਾਗ ਆਜ਼ਾਦੀ ਲਈ ਕੁਰਬਾਨ ਕਰ ਦਿੱਤਾ। ਤੇ ਕੂਕਾ ਲਹਿਰ ਵਿਚ ਨਾਮਧਾਰੀ ਵੀਰਾਂ ਦੀਆਂ ਕੁਰਬਾਨੀਆਂ ਨੂੰ ਕੀ ਭੁਲਾਇਆ ਜਾ ਸਕਦਾ ਹੈ ? ਕੀ ਸਾਡੇ ਕੇਂਦਰੀ ਹਾਕਮਾ ਨੂੰ ਯਾਦ ਹੈ ਕਿ ਬਾਬਾ ਰਾਮ ਸਿੰਘ ਜੀ ਜਲਾਵਤਨ ਕਰ ਦਿੱਤੇ ਗਏ ਸਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਅੰਗਰੇਜ਼ਾਂ ਨੇ ਤੋਪਾਂ ਦੇ ਗੋਲਿਆਂ ਨਾਲ ਉਡਾਇਆ ਸੀ ? ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਲਈ ਤਾਂ ਮਹਾਤਮਾ ਗਾਂਧੀ ਦੇ ਦਿਲ ਵਿਚ ਵੀ ਬੇਅੰਤ ਸ਼ਰਧਾ ਤੇ ਸਤਿਕਾਰ ਸੀ। ਪਰ ਅੱਜ ਜਦੋਂ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਆਜ਼ਾਦੀ ਦੀ ਲਹਿਰ ਦੇ ਇਕ ਹਿੱਸੇ ਵਜੋਂ ਇਤਿਹਾਸ ਵਿਚ ਦਰਜ ਕਰਵਾਉਣ ਲਈ ਇਕ ਸੰਸਥਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਮਰਥਕ ਰੱਥ ਦੀ ਸਵਾਰੀ ਕਰ ਰਹੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਡਵਾਨੀ ਨੂੰ ਇਕ ਯਾਦ ਪੱਤਰ ਦੇਣ ਜਾਂਦੇ ਹਨ ਤਾਂ ਰਾਹ ਵਿਚ ਉਨ੍ਹਾਂ ਉੱਤੇ ਪੁਲੀਸ ਵਲੋਂ ਕੀਤੀਆਂ ਵਧੀਕੀਆਂ ਤੋਂ ਸਰਕਾਰ ਇਸ ਦੇਸ਼ ਦੇ ਲੋਕਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੀ ਹੈ ? ਚਾਹੀਦਾ ਤਾਂ ਇਹ ਸੀ ਕਿ ਸ੍ਰੀ ਅਡਵਾਨੀ ਸੁਰੱਖਿਆ ਦੇ ਸਾਰੇ ਘੇਰੇ ਪਾਸੇ ਕਰਕੇ ਖੁਦ ਯਾਦਗਾਰੀ ਕਮੇਟੀ ਦੇ ਮੈਂਬਰਾਂ ਨੂੰ ਮਿਲਦੇ ਅਤੇ ਗ੍ਰਹਿ ਮੰਤਰਾਲੇ ਦੀ ਭੁੱਲ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰਦੇ, ਪਰ ਉਨ੍ਹਾਂ ਵਲੋਂ ਵਿਖਾਈ ਗਈ ਲਾਪ੍ਰਵਾਹੀ ਨੂੰ ਆਜ਼ਾਦੀ ਦੇ ਸ਼ਹੀਦਾ ਪ੍ਰਤੀ ਨਿਰਾਦਰ ਹੀ ਕਿਹਾ ਜਾਏਗਾ।

ਭਾਰਤੀ ਹਾਕਮਾਂ ਵਲੋਂ ਆਜ਼ਾਦੀ ਦੇ ਇਤਿਹਾਸ ਪ੍ਰਤੀ ਅਖ਼ਤਿਆਰ ਕੀਤੇ ਗਏ ਵਤੀਰੇ ਅਤੇ ਪਹੁੰਚ ਉੱਤੇ ਅਫਸੋਸ ਹੁੰਦਾ ਹੈ ਜਦੋਂ ਉਹ ਕੂਕਾ ਲਹਿਰ ਨੂੰ ਮਹਿਜ ਧਾਰਮਿਕ ਲਹਿਰ ਆਖ ਕੇ ਉਸ ਨੂੰ ਆਜ਼ਾਦੀ ਦੇ ਇਤਿਹਾਸ ਦਾ ਹਿੱਸਾ ਨਹੀਂ ਮੰਨਦੇ। ਇਹ ਇਤਿਹਾਸ ਦੀ ਹਾਸੋਹੀਣੀ ਤੇ ਅਜੀਬ ਵਿਆਖਿਆ ਹੈ ਹਾਲਾਂਕਿ ਇਹ ਹਕੀਕਤ ਹੈ ਕਿ ਅਕਾਲੀਆਂ ਵਲੋਂ ਉਸ ਸਮੇਂ ਲਾਏ ਮੋਰਚਿਆਂ ਨੂੰ ਆਜ਼ਾਦੀ ਦੀ ਲਹਿਰ ਦਾ ਹਿੱਸਾ ਮੰਨਿਆ ਜਾਂਦਾ ਹੈ। ਇਹ ਇਕ ਹਕੀਕਤ ਹੈ ਕਿ ਮਹਾਤਮਾ ਗਾਂਧੀ ਨੇ ਅਕਾਲੀਆਂ ਦੇ ਇਕ ਮੋਰਚੇ ਵਿਚ ਹੋਈ ਜਿੱਤ ਉੱਤੇ ਉਸ ਮੋਰਚੇ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਕਰਾਰ ਦਿੱਤਾ ਸੀ। ਅਸਲ ਵਿਚ ਸਾਡੀ ਅਫਸਰਸ਼ਾਹੀ ਵੀ ਆਜ਼ਾਦੀ ਦੇ ਇਤਿਹਾਸ ਦੇ ਦਰਦ ਤੋਂ ਉੱਕਾ ਹੀ ਬੇਖ਼ਬਰ ਹੈ। ਇਸ ਦੇ ਢੰਗ ਤਰੀਕੇ ਪੁਰਾਣੇ ਹੀ ਹਨ। ਜਿਨ੍ਹਾਂ ਲੋਕਾਂ ਦਾ ਮਾਮੂਲੀ ਰੋਲ ਸੀ, ਉਹ ਦੇਸ਼ ਭਗਤ ਬਣਾ ਦਿੱਤੇ ਜਾਂਦੇ ਹਨ ਤੇ ਜਿਹੜੇ ਅਸਲ ਦਾਅਵੇਦਾਰ ਹਨ, ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਜੇ ਇਹ ਅਫਸਰਸ਼ਾਹੀ ਸ਼ਹੀਦਾਂ ਦਾ ਸਤਿਕਾਰ ਨਹੀਂ ਕਰ ਸਕਦੀ ਤਾਂ ਉਨ੍ਹਾਂ ਨੂੰ ਸ਼ਹੀਦਾਂ ਦਾ ਨਿਰਾਦਰ ਕਰਨ ਦਾ ਵੀ ਕੋਈ ਹੱਕ ਨਹੀਂ।

*(ਪੰਜਾਬੀ ਟ੍ਰਿਬਿਊਨ ੩੦ ਮਾਰਚ ੨੦੦੪)*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- **Automatic machines for producing Biscuits**
- **Automatic machines for producing Wafers**

**and**

**Makers of High quality Biscuits**

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

**Balvinder Pal Singh** — *Manging Director*
**Lakhbir Singh Muchhal** — *Director*
**Bakhshish Singh Muchhal** — *Director*





Namdhari Elibrary NamdhariElibrary@gmail.com

# ਦਸ ਕਦਮ

*—ਅਮਰ ਭਾਰਤੀ*

*ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਰਚੇ ਨਾਗਮਣੀ ਵਿਚ ਪੁਛਿਆ ਕਿ ਕਿਸੇ ਔਖੇ ਸਮੇਂ ਤੁਸੀਂ ਦਸ ਕਦਮ ਕੀਹਦੇ ਨਾਂ ਤੁਰਨਾ ਚਾਹੋਗੇ। ਇਸੇ ਪ੍ਰਸੰਗ ਵਿਚ ਇਹ ਲੇਖ ਲਿਖਿਆ ਗਿਆ। —ਸੰਪਾਦਕ ਵਰਿਆਮ*

ਮੇਰੇ ਪਹਿਲੇ ਦਸ ਕਦਮ ਉਸ ਸ਼ੂਨਯ ਦੇ ਨਾਮ ਹਨ ਜਿਸ ਸ਼ੂਨਯ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ੨੭ ਫਰਵਰੀ ੧੯੯੪ ਦੀ ਰਾਤ ਦਿਲ ਉਤੇ ਹੋਏ ਬੀਮਾਰੀ ਦੇ ਹਮਲੇ ਕਾਰਨ ਪੰਜ-ਛੇ ਦਿਨ ਮੈਂ ਉਸ ਸੁੰਨ ਸਮਾਧੀ ਵਿਚ ਰਿਹਾ ਹੋਵਾਂਗਾ — ਜਿਹੜੀ ਅਰਬਦ ਨਰਬਦ ਧੁੰਦੂਕਾਰੇ ਦੀ ਸਥਿਤੀ ਵਿਚ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਉਹ ਪੰਜ ਛੇ ਦਿਨ ਮੇਰੀ ਸੰਸਾਰਕ ਜਾਂ ਲੌਕਿਕ ਯਾਤਰਾ ਵਿਚੋਂ ਮਨਫੀ ਹੋ ਗਏ ਸਨ ਤੇ ਪਾਰਲੌਕਿਕਤਾ ਦੇ ਅਹਿਸਾਸ ਤੋਂ ਵੀ ਰਹਿਤ ਸਨ। ਸੋਚਦਾ ਹਾਂ ਕਿ ਜੇ ਪਾਰਲੌਕਿਕ ਸਥਿਤੀ ਇਹੋ ਜਿਹੀ ਹੀ ਹੁੰਦੀ ਹੋਵੇ ਤਾਂ ਜ਼ਿੰਦਗੀ ਭਰ ਜੋ ਉਤਾਰ ਚੜਾਅ ਅਤੇ ਦੁਖ-ਸੁਖ ਵੇਖੇ ਹਨ, ਉਨ੍ਹਾਂ ਤੋਂ ਅਤੇ ਉਨ੍ਹਾਂ ਦੀ ਸਿਮਰਤੀ ਤੋਂ ਵੀ ਪੂਰਨ ਮੁਕਤੀ ਦੀ ਉਹ ਸਥਿਤੀ ਸ਼ਾਨਦਾਰ ਹੋਵੇਗੀ।

ਅਤੇ ਮੇਰੇ ਦੂਸਰੇ ਕਦਮ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਹਨ—ਜਿਨ੍ਹਾਂ ਦੇ ਦਰਸ਼ਨ ਮੈਨੂੰ ਉਸ ਸੰਗਿਆ ਸ਼ੂਨਯਤਾ ਤੋਂ ਥੋੜ੍ਹਾ ਕੁ ਬਾਹਰ ਆਉਂਦਿਆਂ ਹੀ ਹੋਏ ਤੇ ਉਹ ਦਰਸ਼ਨ 'ਮੁੜ ਤੋਂ ਜੀਵਨ' ਦੇ ਅਹਿਸਾਸ ਨੂੰ ਜਗਾਉਂਦੇ ਲੱਗੇ ਸਨ। ਸਤਿਗੁਰੂ ਜਗਜੀਤ ਸਿੰਘ ਜੀ—ਜਿਨ੍ਹਾਂ ਨੇ ਪਿਛਲੇ ਚਾਰ ਦਹਾਕਿਆਂ ਤੋਂ ਮੈਨੂੰ ਬਿਨਾਂ ਸ਼ਰਤ ਮੁਹੱਬਤ ਹੀ ਮੁਹੱਬਤ ਦਿੱਤੀ ਹੈ। ਸਤਿਗੁਰੂ ਜੀ ਮੇਰੀ ਸੁਰਤ ਲੈਣ ਹਸਪਤਾਲ ਆਏ ਸਨ ਤੇ ਇਕ ਸੁਰਤ ਮੈਨੂੰ ਦੇ ਵੀ ਗਏ ਸਨ। ਮੈਂ ਦੀਨਦਿਆਲ ਉਪਾਧਿਆਏ ਹਸਪਤਾਲ 'ਚੋਂ ਘਰ ਆ ਗਿਆ ਸੀ।

ਆਪ ਫਿਰ ਘਰ ਆਏ ਅਤੇ ਆਖਿਓ ਨੇ, "ਅਜੇ ਤੁਹਾਡੀ ਲੋੜ ਏ, ਅਜੇ ਜਾਣ ਨਹੀਂ ਦੇਣਾ।" ਅਤੇ ਫਿਰ ਸੇਵਕਾਂ ਨੂੰ ਹੁਕਮ ਕੀਤਾ ਸੀ—"ਭਾਰਤੀ ਜੀ ਨੂੰ ਫੌਰਨ ਐਸਕੌਰਟਸ ਹਸਪਤਾਲ ਵਿਚ ਲੈ ਜਾਓ।" ਮੈਨੂੰ ਜਾਪਿਆ ਕਿ ਸਚਮੁੱਚ ਹੀ ਅੱਜ ਵੀ ਕਿਸੇ ਨੂੰ ਲੋੜ ਹੈ, ਮੇਰੀ ਜ਼ਿੰਦਗੀ ਵੀ ਸਾਰਥਕ ਹੈ ਤੇ ਮੇਰੀ ਪੰਜ-ਛੇ ਦਿਨਾਂ ਦੀ ਸ਼ੂਨਯ ਦੀ ਯਾਤਰਾ ਵੀ ਸਾਰਥਕ ਹੈ।

ਮੇਰੇ ਤੀਸਰੇ ਦਸ ਕਦਮ ਮੇਰੇ ਉਨ੍ਹਾਂ ਦਿਨਾਂ ਦੇ ਸੇਵਕ ਨਰੇਸ਼ ਕੁਮਾਰ ਦੇ ਨਾਮ ਹਨ—ਜਿਸ ਨੇ ਮੇਰੇ ਦਿਲ ਦੇ ਦਰਦ ਸਮੇਂ ਯਥਾ ਬੁੱਧੀ ਤੇ ਯਥਾ ਸੰਭਵ ਮੇਰੀ ਮਦਦ ਕੀਤੀ। ਮੇਰੇ ਕੋਲ ਹੋਰ ਕੋਈ ਨਹੀਂ ਸੀ ਨਰੇਸ਼ ਤੋਂ ਬਿਨਾ। ਦਰਦ ਲਈ ਮੈਂ ਆਪਣੀ ਸਮਝ-ਸੂਝ ਅਨੁਸਾਰ ਓਨਾ ਚਿਰ ਤੱਕ ਹੋਮਿਓਪੈਥਿਕ ਦਵਾਈਆਂ ਅਦਲ ਬਦਲ ਕੇ ਲੈਂਦਾ ਰਿਹਾ। ਜਿੰਨਾ ਚਿਰ ਮੇਰੀ ਚੇਤਨਾ ਨੇ ਸਾਥ ਦਿੱਤਾ। ਉਸ ਵੇਲੇ ਨਾ ਕਿਸੇ ਹੋਰ ਡਾਕਟਰ ਦਾ ਧਿਆਨ ਆਇਆ, ਨਾ ਹਸਪਤਾਲ ਦਾ, ਨਾ ਕਿਸੇ ਰਿਸ਼ਤੇਦਾਰ ਦਾ ਅਤੇ ਨਾ ਹੀ ਰੱਬ ਦਾ ਤੇ ਨਾ ਗੁਰੂ ਦਾ। ਓਦੋਂ ਸ਼ਾਇਦ ਆਪ ਹੀ ਆਪਣੇ ਆਤਮ ਸਰੂਪ ਨੂੰ ਪਛਾਣ ਕੇ ਕਰਤਾ ਵੀ ਸਾਂ ਭੋਗਤਾ ਵੀ। ਧਿਆਨ ਸੀ ਤਾਂ ਦਰਦ ਦਾ ਅਤੇ ਦਰਦ ਦੀਆਂ ਦਵਾਈਆਂ ਦਾ। ਉਸ ਵੇਲੇ ਨਾ ਜੀਵਨ ਦੇ ਪ੍ਰਤੀ ਕੋਈ ਖਿੱਚ ਸੀ ਨਾ ਮੌਤ ਦਾ ਡਰ। ਨਾ ਕੋਈ ਅਰਦਾਸ ਸੀ ਨਾ ਉਦਾਸੀ। ਫਿਰ ਇਕ ਛਿਣ ਇਹੋ ਜਿਹਾ ਆਇਆ ਸੀ—ਜਦੋਂ ਮੈਨੂੰ ਲੱਗਾ ਕਿ ਇਸ ਜੀਵਨ ਦੀ ਯਾਤਰਾ ਪੂਰੀ ਹੋਣ ਵਾਲੀ ਹੈ। ਘਰ ਬਦਲਣ ਦਾ ਸਮਾਂ ਆ ਗਿਆ ਹੈ। ਉਸ ਛਿਣ ਇਹ ਗੱਲ ਜ਼ਰੂਰ ਮਨ ਵਿਚ ਆਈ—"ਕੀ ਚਾਦਰ ਸਾਫ ਤਾਂ ਹੈ ? ਮੈਲੀ ਤਾਂ ਨਹੀਂ ਹੋਈ ? ਉੱਤਰ ਵੀ ਮਿਲਿਆ—ਗੁਜ਼ਾਰੇ ਜੋਗੀ ਠੀਕ ਹੈ।" ਫਿਰ ਨਰੇਸ਼ ਨੂੰ ਆਖਿਆ—"ਹੁਣ ਤਿਆਰੀ ਹੈ।" ਨਰੇਸ਼ ਸੁਣ ਕੇ ਰੋ ਪਿਆ। ਮੈਨੂੰ ਲੱਗਾ—ਜ਼ਿੰਦਗੀ ਅਸਾਰਥਕ ਨਹੀਂ ਗੁਜ਼ਰੀ, ਇਸ ਦਾ ਰੋਣਾ ਦੱਸਦਾ ਹੈ ਕਿ ਮੇਰੀ ਸਦਾ ਹੀ ਲੋੜ ਰਹੀ ਹੈ। ਫਿਰ ਮੇਰਾ ਦਰਦ ਕੁਝ ਘਟਿਆ। ਦਵਾਈ ਨੇ ਆਪਣਾ ਅਸਰ ਵਿਖਾਣਾ ਸ਼ੁਰੂ ਕਰ ਦਿੱਤਾ ਸੀ। ਜਾਪਿਆ, ਹਾਲ ਦੀ ਘੜੀ ਜਾਣਾ ਟਲ ਗਿਆ ਹੈ। ਨਰੇਸ਼ ਨੂੰ ਆਖਿਆ—"ਪੰਜ ਕੁ ਵਜੇ ਕਾਰ ਲੈ ਜਾਈਂ ਤੇ ਡਾ. ਮਨਜੀਤ ਨੂੰ ਬੁਲਾ ਲਿਆਈਂ। ਦੱਸ ਦਈਂ ਕਿ ਦਿਲ ਦਾ ਦੌਰਾ ਹੈ, ਦਵਾਈਆਂ ਲੈ ਕੇ ਆਉਣ।'

ਉਸ ਰਾਤ ਵਿਚ ਢਲੇ ਦਿਨ, ਮੈਂ ਤੇ ਡਾ. ਮਨਜੀਤ ਸਾਰਾ ਦਿਨ ਇਕੱਠੇ ਹੀ ਸਾਂ। ਉਸ ਦਿਨ ਸਵੇਰੇ ਗਿਆਰਾਂ ਵਜੇ ਹੀ ਡਿਊਟੀ ਖਤਮ ਕਰਕੇ ਡਾ. ਮਨਜੀਤ ਮੇਰੇ ਘਰ ਆ ਗਏ ਸਨ ਮਿਲਣ ਲਈ, ਅਤੇ ਮੈਂ ਆਖਿਆ ਸੀ, ਡਾ. ਸਾਹਿਬ, ਤੁਸੀਂ ਤਾਂ ਨਿੱਤ ਨਵੇਂ ਦਿਨ ਸਾਧਾਂ-ਸੰਤਾਂ ਨੂੰ ਲੱਭਦੇ ਤੇ ਲੱਭ ਕੇ ਮਿਲਦੇ ਜੁਲਦੇ ਰਹਿੰਦੇ ਓ, ਅੱਜ ਜੀ ਕਰਦਾ ਏ ਤੁਹਾਡੇ ਨਾਲ ਚੱਲ ਕੇ ਕਿਸੇ ਸੰਤ ਦੇ ਦਰਸ਼ਨ ਕਰਾਂ।

ਡਾ. ਮਨਜੀਤ ਨੇ ਕਿਹਾ, "ਇਕ ਬੜੇ ਮਸਤ ਮਲੰਗ



Namdhari Elibrary NamdhariElibrary@gmail.com

ਸੰਤ ਨੂੰ ਮਿਲਿਆ ਹਾਂ ਥੋੜ੍ਹੇ ਦਿਨ ਪਹਿਲਾਂ। ਚੱਲੋ ਤੁਹਾਨੂੰ ਵੀ ਮਿਲਾ ਲਿਆਉਂਦਾ ਹਾਂ।" ਅਤੇ ਤੁਰੰਤ ਹੀ ਨਰੇਸ਼ ਨੇ ਕਾਰ ਬਾਹਰ ਕੱਢੀ ਤੇ ਅਸੀਂ ਮਹਿਰੌਲੀ ਤੋਂ ਪੰਦਰਾਂ ਕੁ ਕਿਲੋਮੀਟਰ ਅੱਗੇ ਉਨ੍ਹਾਂ ਸੰਤਾਂ ਕੋਲ ਜਾ ਪੁੱਜੇ ਸਾਂ। ਉਨ੍ਹਾਂ ਦੇ ਦਰਸ਼ਨਾਂ ਤੋਂ ਬਾਅਦ ਮੁੜਦਿਆਂ ਹੋਇਆਂ ਹੋਰ ਤਿੰਨ-ਚਾਰ ਪਰਿਚਿਤ ਸੰਤਾਂ ਦੇ ਵੀ ਦਰਸ਼ਨ ਕਰ ਆਏ ਸਾਂ। ਉਹ ਸਾਰਾ ਦਿਨ ਸਾਡਾ ਏਸੇ ਸਿਲਸਿਲੇ ਵਿਚ ਹੀ ਬੀਤਿਆ ਸੀ ਤੇ ਰਾਤ ਗਿਆਰਾਂ ਵਜੇ ਡਾ. ਮਨਜੀਤ ਮੈਨੂੰ ਘਰ ਛੱਡ ਕੇ—ਹਰੀ ਨਗਰ ਆਪਣੇ ਘਰ ਨੂੰ ਪਰਤ ਗਏ ਸਨ। ਤੜਕੇ ਪੰਜ ਵਜੇ ਨਰੇਸ਼ ਨੇ ਫਿਰ ਡਾ. ਮਨਜੀਤ ਦਾ ਬੂਹਾ ਖੜਕਾਇਆ ਤੇ ਅੱਧੇ ਘੰਟੇ ਦੇ ਅੰਦਰ ਅੰਦਰ ਹੀ ਉਨ੍ਹਾਂ ਨੂੰ ਲੈ ਕੇ ਆ ਗਿਆ ਸੀ। ਡਾ. ਸਾਹਿਬ ਨੇ ਦਵਾਈ ਦਿੱਤੀ, ਨਰੇਸ਼ ਹੱਥੀਂ ਇੰਜੈਕਸ਼ਨ ਮੰਗਵਾਏ ਤੇ ਸਵੇਰ ਦੇ ਛੇ ਵਜੇ ਤਕ ਮੈਨੂੰ ਉਸ ਨੀਂਦ ਵਿਚ ਭੇਜ ਦਿੱਤਾ, ਜੋ ਮੁੜ ਪੰਜ ਛੇ ਦਿਨਾਂ ਬਾਅਦ ਖੁਲ੍ਹੀ। ਅਤੇ ਇਹ ਚੌਥੇ ਦਸ ਕਦਮ ਮੇਰੇ ਇਸ ਮਿੱਤਰ ਡਾ. ਮਨਜੀਤ ਦੇ ਨਾਮ ਹਨ, ਜਿਨ੍ਹਾਂ ਨੇ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਆਪਣੇ ਸੰਗ-ਸਾਥ ਤੇ ਸਹਾਇਤਾ ਨਾਲ ਇਸ ਅਹਿਸਾਸ ਤੋਂ ਬਚਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ—ਕਿ ਇਹ ਜੀਵਨ ਬੇਕਾਰ ਹੈ। ਸਗੋਂ ਹਰ ਸਮੇਂ ਇਹ ਜਤਾਇਆ ਹੈ ਕਿ ਜਿਹੋ ਜਿਹਾ ਵੀ ਹੈ, ਐਵੇਂ ਕਿਵੇਂ ਹੀ ਨਹੀਂ, ਇਹ ਸਾਰਥਕ ਹੈ।

ਹੁਣ ਤਕ ਸੱਤਰ ਸਾਲ ਪਾਰ ਕਰ ਚੁੱਕਾ ਹਾਂ। ਕਿਨੇ ਕਦਮ ਅਜੇ ਬਾਕੀ ਨੇ, ਜਾਣਦਾ ਨਹੀਂ। ਪਰ ਜਿੰਨੇ ਵੀ ਹਨ, ਇਹਨਾਂ ਵਿਚੋਂ ਬਹੁਤ ਸਾਰੇ ਇਹੋ ਜਿਹੇ ਹੋਣਗੇ ਜਿਨ੍ਹਾਂ ਨੂੰ ਮੈਂ ਕੁਝ ਉਹਨਾਂ ਛਿਣਾਂ ਦੇ ਨਾਮ ਕਰਨਾ ਚਾਹਾਂਗਾ ਜਿਨ੍ਹਾਂ ਛਿਣਾਂ ਵਿਚ ਕੋਈ ਆਇਆ, ਕੋਈ ਉਤਸ਼ਾਹ ਭਰ ਗਿਆ, ਕੋਈ ਹੁਲਾਰਾ ਦੇ ਗਿਆ, ਕੋਈ ਅੰਤਰਮਨ ਦੀ ਚਿਣਗ ਨੂੰ ਫੂਕ ਮਾਰ ਗਿਆ, ਕੋਈ ਅਪਣਾਪਨ ਦਰਸਾ ਗਿਆ, ਕੋਈ ਗਿਆਨ ਦੀ ਜੋਤ ਜਗਾ ਗਿਆ।

ਧੁਰ ਬਚਪਨ ਤੋਂ ਹੀ ਇਕੱਲਤਾ ਦਾ ਸ਼ਿਕਾਰ ਸਾਂ। ਆਪਣੇ ਆਪ ਬਾਰੇ ਨਿਗੂਣੇਪਨ ਦਾ ਜ਼ਬਰਦਸਤ ਅਹਿਸਾਸ ਸੀ। ਲੋਕ ਮੈਨੂੰ ਅਮਰੂ ਨਿਥਾਵਾਂ ਕਹਿੰਦੇ। ਚੌਦਾਂ-ਪੰਦਰਾਂ ਕੁ ਸਾਲਾਂ ਦਾ ਹੋਵਾਂਗਾ ਉਸ ਵੇਲੇ, ਜਦੋਂ ਮੇਰੇ ਤਪਦੇ ਜੀਵਨ ਵਿਚ ਇਕ ਠੰਢੇ ਝੋਂਕੇ ਵਾਂਗ ਇਕ ਕੁੜੀ ਆਈ। ਓਦੋਂ ਉਸ ਦਾ ਨਾਮ ਹਰਕੀਰਤਨ ਕੌਰ ਸੀ, ਜੋ ਨਾਮ ਬਾਅਦ ਵਿਚ ਬਦਲ ਕੇ 'ਗੀਤਾ ਬਾਲੀ' ਹੋ ਗਿਆ ਸੀ। ਉਹ ਮੇਰੇ ਨਾਲੋਂ ਇਕ ਅੱਧ ਸਾਲ ਛੋਟੀ ਸੀ। ਸੁੰਦਰ, ਸੁਘੜ, ਹਾਕਮੀ ਲਹਿਜੇ ਵਾਲੀ, ਸੰਗੀਤ-ਨ੍ਰਿਤ ਵਿਚ ਨਿਪੁੰਨਤਾ ਵਲ ਵਧਦੀ ਉਹ ਕੁੜੀ ਕੁਝ ਸਮਾਂ ਮੇਰੇ ਕਦਮਾਂ ਨਾਲ ਕਦਮ ਮਿਲਾ ਕੇ ਚਲਦੀ ਰਹੀ। ਉਹ ਆਪਣੇ ਪ੍ਰਸਿੱਧ ਫਿਲਾਸਫਰ ਪਿਤਾ ਪੰਡਿਤ ਕਰਤਾਰ ਸਿੰਘ, ਆਪਣੀ ਧੜੱਲੇਦਾਰ ਮਾਂ, ਆਪਣੀ ਨ੍ਰਿਤਿਆਂਗਣਾ ਭੈਣ ਹਰਦਰਸ਼ਨ ਕੌਰ (ਵੀਰ ਪੁਤਰੀ) ਤੇ ਆਪਣੇ ਕਲਾਕਾਰ ਭਰਾ ਦਿਗਵਿਜੈ ਸਿੰਘ ਨਾਲ ਸਾਡੇ ਘਰ ਕਿਰਾਏਦਾਰ ਦੇ ਰੂਪ ਵਿਚ ਆਈ ਸੀ। ਇਕੋ ਜਿੱਡੇ ਹੋਣ ਕਰਕੇ ਹਰ ਸਮੇਂ ਦਾ ਬੈਠਣਾ ਉਠਣਾ, ਬਾਹਰ ਅੰਦਰ ਜਾਣਾ ਆਉਣਾ, ਸੈਰ-ਸਪਾਟਾ, ਗੌਣਾ, ਨੱਚਣਾ ਮੇਰਾ ਗੀਤਾ ਬਾਲੀ ਨਾਲ ਸਾਂਝਾ ਸੀ। ਜਦੋਂ ਅਸੀਂ ਦੋਵੇਂ ਘਰੋਂ ਬਾਹਰ ਜਾਂਦੇ—ਉਸ ਸੋਹਣੀ ਕੁੜੀ ਨਾਲ ਟੁਰਦਿਆਂ ਆਪਣੇ ਆਪ ਉਪਰ ਕੁਝ ਰਸ਼ਕ ਜਿਹਾ ਹੁੰਦਾ, ਮੇਰਾ ਨਿਗੂਣਾਪਨ ਜਿਵੇਂ ਪਰੇ ਪਰੇ ਹੋਈ ਜਾਂਦਾ। ਪੰਡਿਤ ਕਰਤਾਰ ਸਿੰਘ ਜੀ ਦੀ ਵਿਦਵਤਾ ਦੀ ਸਮਾਜ ਵਿਚ ਬੜੀ ਉਚੀ ਪਛਾਣ ਸੀ। ਵਿਦਵਾਨ ਆਉਂਦੇ ਉਨ੍ਹਾਂ ਨੂੰ ਮਿਲਣ ਲਈ, ਪੰਡਿਤ ਜੀ ਜਾਂਦੇ ਉਨ੍ਹਾਂ ਨੂੰ ਮਿਲਣ ਲਈ। ਮੇਰੇ ਹੱਥ ਪੰਡਿਤ ਜੀ ਦੀ ਉਂਗਲੀ ਹੁੰਦੀ (ਪੰਡਿਤ ਜੀ ਦੀਆਂ ਅੱਖਾਂ ਦੀ ਜੋਤ ਗਵਾਚ ਚੁੱਕੀ ਹੋਈ ਸੀ) ਮੈਂ ਇਕ ਤਰ੍ਹਾਂ ਦੇ ਅਭਿਮਾਨ ਦੇ ਅਹਿਸਾਸ ਨਾਲ ਭਰਿਆ ਭਰਿਆ ਟੁਰਦਾ। ਕੁਝ ਕੁ ਮਹੀਨਿਆਂ ਦੇ ਉਸ ਸਾਥ ਨੇ ਮੇਰੇ ਜੀਵਨ ਦਾ ਰੁਖ ਬਦਲ ਦਿੱਤਾ, ਮੇਰੇ ਮਾਨਸ ਪਟਲ ਉਪਰ ਕੁਝ ਵੱਖਰੀ ਤਰ੍ਹਾਂ ਦੀਆਂ ਰੇਖਾਵਾਂ ਉੱਘੜ ਆਈਆਂ ਅਤੇ ਫਿਰ ਮੇਰੀ ਮਾਂ ਆਂਢੀਆਂ-ਗੁਆਂਢੀਆਂ ਦੀਆਂ ਚੁਗਲੀ ਚਿੱਠੀਆਂ ਪੜ੍ਹ ਕੇ ਲਾਇਲਪੁਰੋਂ ਅੰਮ੍ਰਿਤਸਰ ਆਈ ਤੇ ਮੈਨੂੰ ਨਾਲ ਲੈ ਗਈ।

ਮੈਂ ਫਿਰ ਕਿਸੇ ਨਾ ਕਿਸੇ ਬਹਾਨੇ ਅੰਮ੍ਰਿਤਸਰ ਆਇਆ। ਪਰ ਆਣ ਕੇ ਪਤਾ ਲੱਗਾ—ਗੀਤਾ ਬਾਲੀ ਤੇ ਹਰਦਰਸ਼ਨ ਕੌਰ (ਵੀਰ ਪੁੱਤਰੀ) ਕਿਸੇ ਨ੍ਰਿਤ ਕੰਪਨੀ ਨਾਲ ਲੰਕਾ ਚਲੀਆਂ ਗਈਆਂ ਹਨ। ਪਿਤਾ ਤੇ ਮਾਤਾ ਵੀ ਨਾਲ ਹੀ ਗਏ ਹਨ। ਭਰਾ ਦਿਗਵਿਜੈ ਸਿੰਘ ਘਰ ਹੀ ਸਨ, ਪਰ ਮੇਰੇ ਜੀਵਨ ਵਿਚ ਉਦਾਸੀ ਦੀ ਇਕ ਗਹਿਰੀ ਰੇਖਾ ਉੱਕਰੀ ਗਈ। ਉਹ ਜਦੋਂ ਲੰਕਾਂ ਤੋਂ ਮੁੜ ਕੇ ਆਏ ਤਾਂ ਹੋਰ ਮਕਾਨ ਵਿਚ ਚਲੇ ਗਏ। ਮੈਂ ਮਿਲਣ ਗਿਆ, ਪਰ ਸਥਿਤੀ ਤੇ ਉਮਰ ਦੇ ਬਦਲਾਵ ਕਾਰਨ ਉਹ ਹੁੰਗਾਰਾ ਨਹੀਂ ਸੀ ਰਿਹਾ। ਉਹ ਉਦਾਸੀ ਦੀ ਰੇਖਾ ਅਮਿੱਟ ਹੋ ਗਈ, ਪਰ ਜਿਹੜੀਆਂ ਰੇਖਾਵਾਂ ਪਹਿਲਾਂ ਉੱਭਰੀਆਂ ਸਨ-ਉਹ ਮੇਰੇ ਜੀਵਨ ਵਿਕ ਰੌਸ਼ਨੀ ਦਾ ਅਰੰਭ ਕਰ ਗਈਆਂ ਸਨ। ਉਹ ਮੇਰੇ ਭਵਿਖਤ ਕਦਮ ਹਮੇਸ਼ਾ ਉਨ੍ਹਾਂ ਕਦਮਾਂ ਨੂੰ ਯਾਦ ਕਰਦੇ ਰਹੇ ਜਿਹੜੇ ਕੁਝ ਕ ਕਦਮ ਮੈਂ ਉਨ੍ਹਾਂ ਦਿਨਾਂ ਵਿਚ ਉਸ ਕੁੜੀ ਨਾਲ ਟੁਰਿਆ ਸਾਂ ਤੇ ਉਹ ਕਦਮ ਜਿਹੜੇ ਮੈਂ ਉਸ ਦੇ ਨੇਤਰਹੀਣ ਪਿਤਾ ਦੇ ਕਦਮਾਂ ਨਾਲ ਰਲ ਕੇ ਪੁੱਟੇ



Namdhari Elibrary NamdhariElibrary@gmail.com

ਸਨ, ਮੇਰੇ ਰਾਹਾਂ ਨੂੰ ਹਮੇਸ਼ਾਂ ਰੁਸ਼ਨਾਂਦੇ ਰਹੇ ਹਨ। ਇਸ ਲਈ ਮੇਰੇ ਅਗਲੇ ਕਦਮਾਂ ਵਿਚੋਂ ਦਸ ਕਦਮ ਮੈਂ ਉਨ੍ਹਾਂ ਦੇ ਨਾਮ ਕਰਦਾ ਹਾਂ।

ਜੀਵਨ ਦੀ ਧਾਰਾ ਬਦਲਨੀ ਸ਼ੁਰੂ ਹੋ ਗਈ ਸੀ। ਸਾਹਿਤ ਨੇ ਮੇਰੇ ਅੰਦਰ ਝਾਤੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸ. ਗੁਰਬਖਸ਼ ਸਿੰਘ ਨੇ 'ਪ੍ਰੀਤਲੜੀ' ਰਾਹੀਂ ਮੇਰੇ ਮਨ ਮਸਤਕ ਦੇ ਕਈ ਦਰਵਾਜ਼ਿਆਂ ਨੂੰ ਖੜਕਾਇਆ, ਖੋਲ੍ਹਿਆ ਤੇ ਇਕ ਨਵੀਂ ਤਰ੍ਹਾਂ ਦੀ ਰੌਸ਼ਨੀ ਨਾਲ ਮੇਰਾ ਅੰਦਰਲਾ ਦਮਕਣ ਲੱਗਾ। ਸ. ਗੁਰਬਖਸ਼ ਸਿੰਘ ਮੈਨੂੰ ਗੁਰੂਆਂ ਵਰਗੇ ਲਗਦੇ। ਮੈਂ ਉਨ੍ਹਾਂ ਦੀ ਤਸਵੀਰ ਆਪਣੇ ਕਮਰੇ ਵਿਚ ਲਗਾਈ। ਉਨ੍ਹਾਂ ਦਾ ਲਿਖਿਆ ਅੱਖਰ-ਅੱਖਰ ਮੇਰੇ ਲਈ ਪਵਿਤਰ ਸੀ। ਮੈਂ ਉਸ ਛੋਟੀ ਉਮਰ ਵਿਚ ਹੀ ਆਪਣੇ ਆਪ ਨੂੰ ਵੱਡਾ-ਵੱਡਾ ਮਹਿਸੂਸ ਕਰਨ ਲੱਗ ਪਿਆ... ਤੇ ਮੇਰੀ ਇਹ ਅਵਸਥਾ ਲੰਮੇ ਸਮੇਂ ਤੱਕ ਰਹੀ। ਜਿਨ੍ਹਾਂ ਦੀ ਬਦੌਲਤ ਮੇਰੇ ਮਸਤਕ ਦੇ ਦਰ ਖੁਲ੍ਹਣੇ ਸ਼ੁਰੂ ਹੋ ਗਏ। ਦਸ ਕਦਮ ਹੋਰ ਮੈਂ ਉਨ੍ਹਾਂ ਸ. ਗੁਰਬਖਸ਼ ਸਿੰਘ ਜੀ ਦੇ ਨਾਮ ਕਰਨਾ ਚਾਹੁੰਦਾ ਹਾਂ।

ਉਸੇ ਦੌਰ ਵਿਚ ਆਏ ਨਾਨਕ ਸਿੰਘ। ਨਾਨਕ ਸਿੰਘ ਜੀ ਦੇ ਨਾਵਲਾਂ ਨੇ ਜਿਵੇਂ ਮੈਨੂੰ ਕੀਲ ਲਿਆ। ਉਨ੍ਹਾਂ ਦੇ ਘਰ ਤਕ ਮੇਰੀ ਰਸਾਈ ਵੀ ਹੋ ਗਈ ਤੇ ਮੇਰੀ ਕੋਸ਼ਿਸ਼ ਹੁੰਦੀ ਕਿ ਜਿਹੜਾ ਵੀ ਨਾਵਲ ਉਨ੍ਹਾਂ ਦਾ ਆਵੇ ਉਹ ਮੈਂ ਸਭ ਤੋਂ ਪਹਿਲਾਂ ਖਰੀਦ ਲਵਾਂ। ਮੈਨੂੰ ਜਾਪਦਾ ਜਿਵੇਂ ਮੈਂ ਉਨ੍ਹਾਂ ਦੇ ਪਾਤਰਾਂ ਨੂੰ ਜੀ ਰਿਹਾ ਹਾਂ ਤੇ ਇਹ ਸਿਲਸਿਲਾ ਵੀ ਲੰਮੇ ਸਮੇਂ ਤੱਕ ਚੱਲਦਾ ਰਿਹਾ। ਦਸ ਕਦਮ ਮੇਰੇ ਉਨ੍ਹਾਂ ਛਿਣਾਂ ਨੂੰ ਅਰਪਿਤ ਹਨ...ਜਿਹੜੇ ਛਿਣ ਮੈਂ ਨਾਨਕ ਸਿੰਘ ਜੀ ਦੇ ਪਾਤਰਾਂ ਦੇ ਰੂਪ ਵਿਚ ਜਿਉਣ ਦੀ ਕੋਸ਼ਿਸ਼ ਕੀਤੀ।

ਉਹ ਜੁਗ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਵਿਚ ਇਕ ਵੱਖਰੀ ਤਰ੍ਹਾਂ ਦਾ ਜੁਗ ਸੀ। ਅੱਜ ਦੀ ਪੀੜ੍ਹੀ ਲਈ ਉਸ ਦੀ ਕਲਪਨਾ ਕਰਨੀ ਵੀ ਕੁਝ ਔਖੀ ਹੋਵੇਗੀ। ਪੰਜਾਬੀ ਵਿਚ ਲਿਖਣ ਵਾਲੇ ਥੋੜ੍ਹੇ ਜਿਹੇ ਸਨ। ਬਾਜ਼ਾਰ ਵਿਚ ਨਵੀਂ ਕਿਤਾਬ ਆਉਣ ਦੀ ਉਡੀਕ ਕਰਨੀ ਪੈਂਦੀ ਸੀ। ਉਨ੍ਹਾਂ ਦਿਨਾਂ ਵਿਚ ਵੀ ਕੁਝ ਤਰਜਮੇ ਛਪੇ। ਵਿਕਟਰ ਹਿਊਗੋ, ਤੇ ਗੋਰਕੀ, ਤੇ ਡਿਕਨਸ ਨੂੰ ਸ. ਨਰਿੰਦਰ ਸਿੰਘ ਨੇ ਤਰਜਮਾਇਆ ਸੀ। ਉਹ ਤੇ ਕਈ ਸਾਰੇ ਹੋਰ ਤਰਜਮਿਆਂ ਰਾਹੀਂ ਸੰਸਾਰ ਦੇ ਸ੍ਰੇਸ਼ਟ ਸਾਹਿਤ ਨਾਲ ਜਾਣ ਪਛਾਣ ਹੋਈ। ਕੁਝ ਬੰਗਲਾ ਪੁਸਤਕਾਂ ਵੀ ਤਰਜਮਿਆਂ ਰਾਹੀਂ ਪੜ੍ਹੀਆਂ। ਸ਼ਰਤ ਚੰਦਰ ਤੇ ਰਵੀਂਦਰ ਨਾਥ ਟੈਗੋਰ ਨੇ ਇਕ ਵੱਖਰੇ ਕੋਣ ਤੋਂ ਮੇਰੇ ਮਨ ਵਿਚ ਝਾਕਿਆ। ਉਨ੍ਹਾਂ ਦਾ ਉਹ ਝਾਕਣਾ ਮੇਰੇ ਲਈ ਹੌਲੀ-ਹੌਲੀ ਦਿਬ-ਦ੍ਰਿਸ਼ਟੀ ਵਾਂਗ ਹੋ ਗਿਆ। ਮੇਰੇ ਅੰਦਰੋਂ ਇਕ ਨਵਾਂ ਉਤਸ਼ਾਹ ਜਾਗਿਆ। ਉਸੇ ਉਤਸ਼ਾਹ ਵਿਚ ਹੀ ਬੰਗਲਾ ਭਾਸ਼ਾ ਸਿਖਣ ਦੀ ਲਲ੍ਹਕ ਜਾਗੀ– ਤੇ ਬੰਗਲਾ ਸਿੱਖ ਵੀ ਲਈ। ਇਹ ਇਕ ਵੱਖਰੀ ਦੁਨੀਆਂ ਸੀ ਜਿਸ ਵਿਚ ਕਦਮ ਰੱਖ ਰਿਹਾ ਸਾਂ। ਪਿਛਲੀ ਦੁਨੀਆਂ ਪਿਛਾਂਹ ਰਹਿ ਗਈ ਤੇ ਮੈਂ ਪੂਰੇ ਤਨ ਮਨ ਨਾਲ ਆਪਣੀ ਨਵੀਂ ਦੁਨੀਆਂ ਵਿਚ ਪਰਵੇਸ਼ ਕਰ ਗਿਆ। ਦਸ ਕਦਮ ਉਸ ਪਿਛਾਂਹ ਰਹਿ ਗਈ, ਦੁਨੀਆਂ ਨੇ ਨਾਮ ਕਰਨ ਨੂੰ ਜੀ ਕਰਦਾ ਹੈ– ਜਿਸ ਨੇ ਮੈਨੂੰ ਮੇਰੀ ਨਵੀਂ-ਨਵੀਂ ਦੁਨੀਆਂ ਦੀ ਜੂਹ ਤਕ ਪੁਚਾਇਆ।

ਹੁੰਮ ਹੁੰਮਾ ਕੇ ਆਏ ਪ੍ਰਭਾਕਰ ਮਾਚਵੇ। ਮੈਂ ਉਨ੍ਹਾਂ ਦੇ ਬਦਲਵੇਂ ਪ੍ਰਗਿਆਚਖਸ਼ੂ ਦਾ ਪਾਠਕਾ ਸਾਂ– ਨੇੜੇ ਹੀ ਰਹਿੰਦੇ ਸਾਂ। ਇਕ ਦਿਨ ਜਾਣ ਪਛਾਣ ਹੋ ਗਈ। ਉਹ ਪ੍ਰਸੰਨ ਹੋਏ, ਘਰ ਲੈ ਗਏ। ਪਤਨੀ ਸ਼ਰਦ ਮਾਚਵੇ ਨੂੰ ਮਿਲਾਇਆ– ਮੈਨੂੰ ਪਹਿਲੀ ਵਾਰੀ ਜਾਪਿਆ। ਦੁਨੀਆਂ ਵਿਚ ਮਮਤਾ ਦੀ ਕਮੀ ਨਹੀਂ। ਮਾਚਵੇ ਜੋੜੀ ਨੇ ਆਪਣੇ ਦੋਹਾਂ ਬੱਚਿਆਂ ਨਾਲ ਰਲ ਕੇ ਮੇਰੇ ਅੰਦਰੋਂ ਮੇਰੀ ਹੋਂਦ ਦਾ ਇਕ ਬਿਲਕੁਲ ਵੱਖਰੀ ਤਰ੍ਹਾਂ ਦਾ ਅਹਿਸਾਸ ਜਗਾ ਦਿੱਤਾ। ਮਾਚਵੇ ਜੀ ਦੇ ਘਰ ਸਾਹਿਤਕਾਰਾਂ ਦੀ ਆਵਾਜਾਈ ਲੱਗੀ ਰਹਿੰਦੀ। ਹਰ ਸਾਹਿਤਕਾਰ ਨਾਲ ਮੇਰੀ ਜਾਣ ਪਛਾਣ ਕਰਵਾਈ ਜਾਂਦੀ। ਨਾਂਗਾਰਜੁਨ ਜੀ ਤਾਂ ਸ਼ਰਦ ਮਾਚਵੇ ਦੇ ਮੂੰਹ-ਬੋਲੇ ਭਰਾ ਹੀ ਸਨ। ਉਹ ਜਦੋਂ ਦਿੱਲੀ ਆਉਂਦੇ ਮਾਚ੍ਵੇ ਜੀ ਦੇ ਘਰ ਹੀ ਠਹਿਰਦੇ– ਪਰ ਹੁਣ ਉਹ ਮੇਰੇ ਕੋਲ ਰਹਿੰਦੇ ਸਨ। ਮਾਚਵੇ ਜੀ ਤੇ ਨਾਗਾਰਜੁਨ ਜੀ ਬੰਗਲਾ ਸਿਖਣ ਵਿਚ ਮੇਰੀ ਮਦਦ ਕਰਦੇ। ਉਦੋਂ ਮਾਚਵੇ ਜੀ ਆਲ ਇੰਡੀਆ ਰੇਡੀਓ ਤੇ ਕੰਮ ਕਰਦੇ ਸਨ।

ਹਾਲਾਤ ਦਾ ਤਕਾਜ਼ਾ– ਮੈਂ ਪੰਜਾਬ ਚਲਿਆ ਗਿਆ। ਮਾਚਵੇ ਜੀ ਦੀ ਦਿੱਲੀ ਤੋਂ ਬਦਲੀ ਹੋ ਗਈ ਤੇ ਉਹ ਸ਼ਾਇਦ ਮਹਾਂਰਾਸ਼ਟਰ ਚਲੇ ਗਏ। ਫਿਰ ਅਸੀਂ ਦੋਵੇਂ ਦਿੱਲੀ ਆ ਗਏ।

ਮੈਂ ਉਦੋਂ ਤਕ ਕਈ ਸਾਰੀਆਂ ਕਹਾਣੀਆਂ ਤੇ ਲੇਖਾਂ ਦਾ ਬੰਗਲਾ ਵਿਚੋਂ ਤਰਜਮਾ ਛਪਵਾ ਚੁੱਕਾ ਸਾਂ ਤੇ ਬੰਕਿਮ ਚੰਦਰ ਚੈਟਰਜੀ ਦੇ ਇਕ ਨਾਵਲ 'ਕਪਾਲ ਕੁੰਡਲਾ' ਦਾ ਵੀ ਤਰਜਮਾ ਕਰਕੇ ਅੰਮ੍ਰਿਤਸਰੋਂ ਹੀ ਛਪਵਾ ਕੇ ਲੈ ਆਇਆ ਸਾਂ। ਸਾਹਿਤ ਅਕਾਦਮੀ ਦੀ ਸਥਾਪਨਾ ਹੋ ਚੁੱਕੀ ਸੀ ਤੇ ਮਾਚਵੇ ਜੀ ਸਾਹਿਤ ਅਕਾਦਮੀ ਤੇ ਮੀਤ ਸਕੱਤਰ ਬਣ ਕੇ ਹੀ ਦਿੱਲੀ ਆਏ ਸਨ। ਮੈਂ ਉਨ੍ਹਾਂ ਅੱਗੇ ਰੀਪੋਰਟ ਕੀਤੀ—ਕੀਤੀ ਕੀ, ਉਨ੍ਹਾਂ ਨੇ ਮੰਗ ਲਈ। ਮੇਰੀ ਕਮਾਈ ਵੇਖ ਕੇ ਉਹ ਬਾਗੋਬਾਗ ਸਨ। ਗੁੱਸੇ ਹੋਏ, ਝਿੜਕਿਆ—"ਏਨੇ ਦਿਨ ਦਸਿਆ ਕਿਉਂ ਨਹੀਂ ? ਅਸੀਂ


Namdhari Elibrary NamdhariElibrary@gmail.com

ਪ੍ਰੇਸ਼ਾਨ ਹੋ ਰਹੇ ਆਂ ਇਕ ਤੋਂ ਦੂਜੀ ਭਾਸ਼ਾ ਵਿਚ ਸਿੱਧਾ ਅਨੁਵਾਦ ਕਰਨ ਵਾਲਿਆਂ ਦੀ ਭਾਲ ਵਿਚ—ਤੇ ਤੁਸੀਂ ਲੁਕੇ ਬੈਠੇ ਓ। ਜਾਓ, ਹੁਣੇ 'ਕਪਾਲ ਕੁੰਡਲਾ' ਲੈ ਕੇ ਆਓ।"

ਮੈਂ ਦੌੜ ਲਗਾਈ ਸਾਈਕਲ ਉਪਰ। ਵੀਹ ਮੀਲ ਜਾਣ ਤੇ ਵੀਹ ਮੀਲ ਆਉਣ—"ਭਲਕੇ ਮੇਰੇ ਦਫਤਰ ਆਓ।" ਹੁਕਮ ਮੰਨ ਪ੍ਰਵਾਨ ਹੋਇਆ। ਸਾਹਿਤ ਅਕਾਦਮੀ ਦੀ ਲਾਇਬਰੇਰੀ ਵਿਚੋਂ 'ਆਰਨਯਕ' ਪੁਸਤਕ ਇਸ਼ੂ ਕਰਵਾ ਕੇ ਮੇਰੇ ਹੱਥ ਦੇਂਦਿਆ ਕਿਹਾ—"ਇਸ ਦਾ ਇਕ ਚੈਪਟਰ ਅਨੁਵਾਦ ਕਰਕੇ ਲਿਆਓ।" ਲੈ ਗਿਆ ਅਨੁਵਾਦ ਕਰਕੇ। ਮੇਰੇ ਹੀ ਹੱਥ ਉਹ ਅਨੁਵਾਦ, ਕਪਾਲ ਕੁੰਡਲਾ ਤੇ ਇਕ ਚਿੱਠੀ ਦੇ ਕੇ ਅੰਮ੍ਰਿਤਾ ਜੀ ਦਾ ਪਤਾ ਦੱਸਿਆ। ਪਹਿਲੀ ਵਾਰੀ ਉਸ ਦਿਨ ਅੰਮ੍ਰਿਤਾ ਜੀ ਨੂੰ ਮਿਲਿਆ ਸਾਂ। ਉਨ੍ਹਾਂ ਨੇ ਅਨੁਵਾਦ ਬਾਰੇ ਆਪਣੀ ਰਾਏ ਲਿਖ ਭੇਜੀ। ਮੈਨੂੰ 'ਆਰਨਯਕ' ਦੇ ਅਨੁਵਾਦ ਦਾ ਹੁਕਮ ਹੋ ਗਿਆ ਸੀ। ਉਹ 'ਬਨਬਾਸੀ' ਦੇ ਨਾਮ ਹੇਠ ਛਪੀ। ਇਂਜ ਇਕ ਤੋਂ ਬਾਅਦ ਇਕ ਸਾਹਿਤ ਅਕਾਦਮੀ ਦੀਆਂ ਪੰਜ ਪੁਸਤਕਾਂ ਦੇ ਅਨੁਵਾਦ ਦਾ ਕੰਮ ਕੀਤਾ। ਇੰਜ ਮਾਚਵੇ ਜੀ ਮਹਾਂ ਪ੍ਰਸੰਨ ਹੁੰਦੇ—ਜਦੋਂ ਵੀ ਪੁਸਤਕ ਅਨੁਵਾਦ ਲਈ ਦੇਂਦੇ, ਸ਼ਰਦ ਜੀ ਦੀ ਖੁਸ਼ੀ ਦਾ ਤਾਂ ਕੋਈ ਆਰ-ਪਾਰ ਹੀ ਨਾ ਰਹਿੰਦਾ। ਸਾਹਿਤਕ ਜਗਤ ਵਿਚ ਮੇਰੀ ਨਵੀਂ ਤਰਹਾਂ ਦੀ ਪਛਾਣ ਹੋ ਰਹੀ ਸੀ। ਮੈਨੂੰ ਇਕ ਵੱਖਰੇ ਢੰਗ ਦੀ ਪ੍ਰਵਾਨਗੀ ਮਿਲ ਰਹੀ ਸੀ।...ਤੇ ਇਸ ਪ੍ਰਵਾਨਗੀ ਦੇ ਪਿੱਛੇ ਵਰਦ ਹਸਤ ਸੀ—ਪ੍ਰਭਾਕਰ ਮਾਚਵੇ ਜੀ ਦਾ। ਇਹੋ ਜਿਹੇ ਮਾਚਵੇ ਜੀ ਲਈ—ਜਿਹੜੇ ਹਮੇਸ਼ਾ ਹਰ ਕਿਸੇ ਨੂੰ ਕੁਝ ਦੇ ਕੇ ਖੁਸ਼ ਹੁੰਦੇ ਸਨ—ਦਸ ਤਾਂ ਕੀ, ਹਜ਼ਾਰ ਕਦਮ ਵੀ ਅਰਪਨ ਹੋ ਜਾਣ ਤਾਂ ਕੋਈ ਮਾਅਨੇ ਨਹੀਂ ਰਖਦੇ—ਪਰ ਮੈਂ ਅੰਮ੍ਰਿਤਾ ਜੀ ਵਲੋਂ ਦੱਸੀ ਗਿਣਤੀ ਅਨੁਸਾਰ ਹੀ ਦਸ ਕਦਮ ਮਾਚਵੇ ਜੀ ਦੇ ਨਾਮ ਕਰ ਰਿਹਾ ਹਾਂ।

ਮਮੰਤਾ ਦਾ ਇਹ ਸਿਲਸਿਲਾ ਰੁਕਿਆ ਨਹੀਂ, ਉਹ ਥੋੜ੍ਹਾ ਸਰਕ ਕੇ ਅੰਮ੍ਰਿਤਾ ਪ੍ਰੀਤਮ ਜੀ ਦੇ ਘਰ ਤਕ ਪੁਜ ਗਿਆ ਸੀ। ਵਰ੍ਹਿਆਂ ਦੀ ਔੜ ਤੋਂ ਬਾਅਦ ਜਿਵੇਂ ਅਚਾਨਕ ਸੁਹਾਵਣੀ ਵਰਖਾ ਉਤਰ ਆਈ।

ਅੰਮ੍ਰਿਤਾ ਜੀ ਨਾਲ ਸੰਗਤ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਗਈਆਂ। ਕਦਮਾਂ ਦੀ ਛਾਪ ਬਰਾਬਰ ਦੀ ਸੀ—ਨਾ ਅੱਗੇ ਨਾ ਪਿੱਛੇ। ਨਾਲ ਨਾਲ ਟੁਰਨਾ। ਉਹ ਮੇਰੀ ਡਿਸਪੈਂਸਰੀ ਪਹੁੰਚ ਜਾਂਦੇ ਇਮਰੋਜ਼ ਹੁਰਾਂ ਨੂੰ ਨਾਲ ਲੈ ਕੇ। ਕਾਰ ਉਨ੍ਹਾਂ ਨੇ ਨਵੀਂ ਨਵੀਂ ਲਈ ਸੀ—ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕਰਕੇ। ਘੱਟ ਘੱਟ ਇਤਵਾਰ ਦੇ ਦਿਨ ਤਾਂ ਮੈਨੂੰ ਲਗਦਾ ਕਿ ਮੇਰੀ ਉਡੀਕ ਹੋ ਰਹੀ ਹੈ। ਇਕੱਠਿਆਂ ਭੋਜਨ ਕਰਨਾ ਹੈ। ਅੰਮ੍ਰਿਤਾ ਜੀ ਬਾਰੇ ਲੇਖ ਮੈਂ ਉਨ੍ਹਾਂ ਨੂੰ ਮਿਲਣ ਤੋਂ ਪਹਿਲਾਂ ਹੀ ਲਿਖ ਚੁੱਕਾ ਸਾਂ। ਬਾਅਦ ਵਿਚ ਵੀ ਲਿਖੇ, ਪਰ ਸਾਂਝ ਲੇਖਾਂ ਦੀ ਹੀ ਨਹੀਂ ਸੀ—ਸਨੇਹ ਕੁਝ ਅਧਿਆਤਮਿਕ ਕਿਸਮ ਦਾ ਸੀ, ਜੋ ਇਕ ਵਾਰੀ ਜਿਉਂ ਸ਼ੁਰੂ ਹੋਇਆ ਫਿਰ ਘਟਿਆ ਨਹੀਂ। ਮੇਰੀ ਝੋਲੀ ਭਰਦੀ ਹੀ ਗਈ—ਭਰਦੀ ਹੀ ਗਈ—ਤੇ ਅੱਜ ਵੀ ਉਵੇਂ ਹੀ ਭਰ ਰਹੀ ਹੈ।

ਜੇ ਦਸ ਕਦਮ ਉਨ੍ਹਾਂ ਸਨੇਹ ਭਰਪੂਰ ਛਿਣਾਂ ਦੇ ਨਾਮ ਕਰ ਦਿਆਂ, ਜੋ ਅੰਮ੍ਰਿਤਾ ਜੀ ਦੀ ਸੰਗਤ ਵਿਚ ਮੈਨੂੰ ਹਾਸਲ ਹੋਏ ਹਨ, ਤਾਂ ਸਮਝਾਂਗਾ ਕਿ ਮੇਰੇ ਕਦਮ ਸਾਰਥਕ ਹਨ—ਮੇਰੀ ਮੰਜ਼ਿਲ ਨਿਸ਼ਕੰਟਿਕ ਹੈ।

ਜ਼ਿੰਦਗੀ ਦੇ ਇਸ ਪੜਾਅ ਉੱਪਰ ਪਹੁੰਚਦਿਆਂ ਪਹੁੰਚਦਿਆਂ ਬੜਾ ਕੁਝ ਵਾਪਰ ਚੁੱਕਾ ਸੀ। ਕਾਰਲ ਮਾਰਕਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਮਹਾਤਮਾ ਗਾਂਧੀ ਨੂੰ ਪੜਚੋਲਿਆ ਘੋਖਿਆ ਸੀ। ਕਮਿਊਨਿਸਟ ਪਾਰਟੀ ਦੀ ਕੁਲਵਕਤੀ ਕਾਰਕੁਨ ਦੇ ਰੂਪ ਵਿਚ ਸੇਵਾ ਕਰ ਚੁੱਕਾ ਸਾਂ।

ਪਹਿਲਾਂ 'ਨਵਾਂ ਹਿੰਦੋਸਤਾਨ' ਸਪਤਾਹਕ ਤੇ ਫਿਰ ਰੋਜ਼ਾਨਾ 'ਨਵਾਂ ਹਿੰਦੋਸਤਾਨ' ਦਾ ਸੰਪਾਦਨ ਵੀ ਕਰ ਚੁੱਕਾ ਸਾਂ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸਨੇਹਮਈ ਦ੍ਰਿਸ਼ਟੀ ਵਿਚ ਸਾਂ। ਆਪ ਦੀ ਸਹਾਇਤਾ ਤੇ ਮੁਹੱਬਤ ਮੈਨੂੰ ਮਾਰਕਸ, ਗਾਂਧੀ, ਵਿਨੋਬਾ, ਰਾਵਿੰਦਰ ਨਾਥ ਟੈਗੋਰ ਤੇ ਸਤਿਗੁਰੂ ਰਾਮ ਸਿੰਘ—ਮੇਰੇ ਚਿੰਤਨ ਦਾ ਕੇਂਦਰੀ ਬਿੰਦੂ ਸਨ। ਅਜਬ ਸੰਜੋਗ ਹੈ ਨਾ ? ਪਰ ਇਹਨਾਂ ਦੇ ਚਿੰਤਨ ਨੇ ਹੀ ਮੈਨੂੰ ਮੇਰੀ ਨਵੀਂ ਪਛਾਣ ਕਰਵਾਈ। ਦੂਜਿਆਂ ਬਾਰੇ ਤਾਂ ਕਹਿ ਨਹੀਂ ਸਕਦਾ, ਪਰ ਮੈਂ ਆਪਣੇ ਸਾਹਮਣੇ ਆਪਣੀ ਇਸ ਪਛਾਣ ਨਾਲ ਜਿਊ ਕੇ ਹੀ ਆਪਣੀ ਸਾਰਥਕਤਾ ਸਮਝੀ ਹੈ। ਮੇਰੇ ਦਸ ਕਦਮ ਚਿੰਤਨ ਦੇ ਉਨ੍ਹਾਂ ਛਿਣਾਂ ਦੇ ਨਾਮ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹਨਾਂ ਮਹਾਂਪੁਰਸ਼ਾਂ ਦੀ ਚੇਤਨਾ ਨਾਲ ਜੋੜਿਆ।

ਏਸੇ ਦੌਰ ਵਿਚ ਸ਼ਾਂਤੀ ਨਿਕੇਤਨ ਵੀ ਗਿਆ ਸਾਂ ਤੇ ਢਾਈ ਮਹੀਨੇ ਓਥੇ ਰਹਿਕੇ ਪਰਤਿਆ ਸਾਂ। ਓਥੇ ਇਕ ਹੋਰ ਮਮਤਾ ਭਰੀ ਆਤਮਾ ਦੇ ਸੰਪਰਕ ਵਿਚ ਆਇਆ। ਸ੍ਰੀ ਐਸ.ਆਰ. ਦਾਸ, ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਬਣ ਕੇ ਗਏ ਸਨ। ਚਾਰ ਕੁ ਦਿਨਾਂ ਪਿਛੋਂ ਹੀ ਮੈਂ ਸ਼ਾਂਤੀ ਨਿਕੇਤਨ ਪੁਜਾ ਸਾਂ। ਪਹਿਲਾਂ ਆਪ ਪੰਜਾਬ ਹਾਈਕੋਰਟ ਦੇ ਚੀਫ ਜਸਟਿਸ ਰਹੇ ਸਨ ਤੇ ਫਿਰ ਸੁਪਰੀਮ ਕੋਰਟ ਦੇ ਚੀਫ ਜਸਟਿਸ। ਏਸੇ ਅਹੁਦੇ ਤੋਂ ਹੀ ਆਪ ਵਾਈਸ ਚਾਂਸਲਰ ਬਣਕੇ ਸ਼ਾਂਤੀ ਨਿਕੇਤਨ ਪਹੁੰਚੇ ਸਨ। ਗੁਰੂਦੇਵ ਰਵਿੰਦਰ ਨਾਥ ਟੈਗੋਰ ਦੇ ਬ੍ਰਹਮਚਰਜ ਆਸ਼ਰਮ ਦੇ ਪਹਿਲੇ


Namdhari Elibrary NamdhariElibrary@gmail.com

ਚਾਰ ਵਿਦਿਆਰਥੀਆਂ ਵਿਚੋਂ ਇਕ, ਸ੍ਰੀ ਐਸ.ਆਰ. ਦਾਸ ਸਨ। ਮੈਂ ਜਿੰਨੇ ਦਿਨ ਸ਼ਾਂਤੀ ਨਿਕੇਤਨ ਵਿਚ ਰਿਹਾ, ਉਨ੍ਹਾਂ ਦੇ ਸਨੇਹ ਦਾ ਪਾਤਰ ਬਣਿਆ ਰਿਹਾ। ਸਵੇਰ ਦੀ ਪ੍ਰਾਰਥਨਾ ਵਿਚ ਜਾਣ ਲਈ ਉਹ ਮੈਨੂੰ ਰਾਹ ਵਿਚ ਖਲੋ ਕੇ ਉਡੀਕਦੇ। ਕੋਈ ਵਿਸ਼ੇਸ਼ ਮਹਿਮਾਨ ਆ ਜਾਵੇ ਤੇ ਯੂਨੀਵਰਸਿਟੀ ਵਿਚ ਉਸਦਾ ਮਾਨ ਸਨਮਾਨ ਜਾਂ ਭਾਸ਼ਣ ਹੋਵੇ ਤਾਂ ਮੈਨੂੰ ਉਚੇਚਾ ਬੁਲਵਾਉਂਦੇ। ਕੋਈ ਪਿਕਨਿਕ ਪ੍ਰੋਗਰਾਮ ਹੋਵੇ ਤਾਂ ਮੈਨੂੰ ਨਾਲ ਲਿਜਾਣਾ ਉਨ੍ਹਾਂ ਨੂੰ ਜ਼ਰੂਰੀ ਲਗਦਾ। ਘਰ ਬੁਲਾਉਂਦੇ, ਖਵਾਉਂਦੇ ਪਿਆਉਂਦੇ ਤੇ ਪੰਜਾਬ ਦੀਆਂ ਮਕਈ ਦੀਆਂ ਰੋਟੀਆਂ ਤੇ ਸਰਹੋਂ ਦੇ ਸਾਗ ਨੂੰ ਯਾਦ ਕਰਦੇ। ਗੁਰੂਦੇਵ ਦੀ ਸਿਮ੍ਰਤੀ ਕਾਰਨ ਤਾਂ ਹੈ ਈ ਸੀ, ਪਰ ਸਮਝਦਾ ਹਾਂ ਕਿ ਸ੍ਰੀ ਸੁਧੀ ਰੰਜਨ ਦਾਸ ਕਾਰਨ ਵੀ–ਸ਼ਾਂਤੀ ਨਿਕੇਤਨ ਹੀ ਉਹ ਪਹਿਲਾ ਆਸ਼ਰਮ ਸੀ, ਜਿਸ ਨਾਲ ਮੈਨੂੰ ਜਨਮ ਜਨਮ ਦੀ ਸਾਂਝ ਪ੍ਰਤੀਤ ਹੁੰਦੀ। ਅਗਲੇ ਦਸ ਕਦਮ ਮੈਂ ਸ਼ਾਂਤੀ ਨਿਕੇਤਨ ਵਿਚ ਬਿਤਾਏ ਉਹਨਾਂ ਛਿਣਾਂ ਦੇ ਨਾਮ ਕਰਨਾ ਚਹਾਂਗਾ– ਜਿਹੜੇ ਛਿਣ ਸ੍ਰੀ ਸੁਧੀ ਰੰਜਨ ਦਾਸ ਦੀ ਸੰਗਤ ਵਿਚ ਬਿਤਾਏ।

ਫਿਰ ਆਏ ਮੇਰੀ ਚੇਤਨਾ ਵਿਚ ਸਵਾਮੀ ਵਿਵੇਕਾਨੰਦ, ਸ੍ਰੀ ਰਾਮ ਕ੍ਰਿਸ਼ਨ ਪਰਮਹੰਸ। ਇਨ੍ਹਾਂ ਨੂੰ ਤੇ ਇਹਨਾਂ ਬਾਰੇ ਪੜ੍ਹਦਿਆਂ ਪੜ੍ਹਦਿਆਂ, ਮਨ ਮਸਤਕ ਦੇ ਕੁਝ ਹੋਰ ਕੋਨੇ ਰੋਸ਼ਨ ਹੋ ਉਠੇ। ਸਵਾਮੀ ਵਿਵੇਕਾਨੰਦ ਦਾ ਰਾਜਯੋਗ ਪੜ੍ਹਿਆ ਤਾਂ ਨਵੇਂ ਸਿਰੇ ਸਭ ਕੁਝ ਬਦਲਣ ਲਗਾ। ਪ੍ਰਾਣਾਯਾਮ ਸ਼ੁਰੂ ਹੋ ਗਿਆ–ਤਿੰਨ ਘੰਟੇ ਰੋਜ਼। ਪ੍ਰਾਪਤੀਆਂ ਵੀ ਅਨੋਖੀਆਂ ਹੋਣ ਲੱਗੀਆਂ। ਏਨੇ ਨੂੰ ਆਚਾਰੀਆ ਰਜਨੀਸ਼ ਆ ਪਹੁੰਚੇ। ਉਨ੍ਹਾਂ ਦੀ ਆਮਦ ਨਾਲ ਇੰਜ ਲੱਗਾ ਕਿ ਉਹ ਮੇਰੀ ਹੀ ਸੋਚ ਨੂੰ ਸ਼ਬਦ ਦੇ ਰਹੇ ਨੇ। ਪਹਿਲਾਂ ਲਗਦਾ ਉਹ ਮੇਰੇ ਨਾਲ ਨਾਲ ਟੁਰ ਰਹੇ ਨੇ। ਫਿਰ ਇਕ ਦਿਨ ਵੇਖਿਆ ਉਹ ਮੇਰੇ ਅੱਗੇ ਨੇ ਤੇ ਮੈਂ ਉਨ੍ਹਾਂ ਦੇ ਨਕਸ਼ੇ ਪਾ ਤੇ ਚਲ ਰਿਹਾ ਹਾਂ। ਮੈਂ ਸਾਧਨਾ ਦਾ ਢੰਗ ਬਦਲਿਆ। ਜਿਵੇਂ ਰਜਨੀਸ਼ ਲਿਖਦੇ ਸਨ–ਓਵੇਂ ਸ਼ੁਰੂ ਹੋ ਗਿਆ। ਲੰਮਾ ਸਮਾਂ–ਨਹੀਂ, ਥੋੜ੍ਹੇ ਸਮੇਂ ਵਿਚ ਪ੍ਰਾਪਤੀ–ਉਦੇਸ਼ ਸੀ। ਬਾਜ਼ੀ ਲਗਾ ਦਿੱਤੀ ਜੀਵਨ ਦੀ–ਜਿਵੇਂ ਰਜਨੀਸ਼ ਨੇ ਲਿਖਿਆ ਸੀ। ਪ੍ਰਾਪਤੀ ਵੀ ਹੋਈ–ਪਰ ਸਰੀਰ ਵਿਚ ਭਾਰੀ ਗੜਬੜ ਹੋ ਗਈ। ਭਾਰੀ ਕਸ਼ਟ ਦਾ ਸਾਹਮਣਾ ਕਰਨਾ ਪੈ ਗਿਆ। ਚਿੰਤਨ ਵਿਚ ਵੀ ਕੁਝ ਵਿਰੋਧਾਭਾਸ ਲੱਗਾ। ਲੋੜ ਭਾਸੀ ਇਕ ਯੋਗ ਮਾਰਗੀ ਗੁਰੂ ਦੀ। ਤੇ ਮੈਂ ਰਜਨੀਸ਼ ਭਗਵਾਨ (ਬਾਅਦ ਦੇ ਓਸ਼ੋ) ਕੋਲੋਂ ਵਿਦਾ ਲੈ ਲਈ। ਰਜਨੀਸ਼ ਅੱਜ ਵੀ ਮੇਰੇ ਚਿੰਤਨ ਦਾ ਹਿੱਸਾ ਹਨ–ਅੱਜ ਵੀ ਉਨ੍ਹਾਂ ਦੇ ਪ੍ਰਵਚਨ ਮੇਰੇ ਲਈ ਚੁੰਬਕ ਵਾਂਗ ਹਨ। ਰਜਨੀਸ਼ ਨੇ ਮੇਰੇ ਮਸਤਕ ਦੇ ਕਈ ਬੰਦ ਦਰਵਾਜ਼ੇ ਖੋਹਲੇ ਹਨ–ਇਸ ਲਈ ਉਨ੍ਹਾਂ ਕਦਮਾਂ ਦੀ ਪੈੜ ਨੂੰ ਜੋ ਮੈਂ ਰਜਨੀਸ਼ ਭਗਵਾਨ ਦੇ ਨਾਲ ਟੁਰ ਕੇ ਬਣਾਈ–ਤੇ ਰਜਨੀਸ਼ ਭਗਵਾਨ ਦੇ ਕਦਮਾਂ ਦੀ ਪੈੜ ਉਪਰ ਚਲ ਕੇ ਬਣਾਈ–ਦਸ ਕਦਮ ਅਰਪਨ ਕਰਦਾ ਹਾਂ।

ਤੇ ਇਕ ਦਿਨ ਦੱਸੇ ਦਸਾਇਆਂ। ਟੁਰ ਕੇ ਹਰਦਵਾਰ ਪਹੁੰਚ ਗਿਆ। ਸਵਾਮੀ ਮ੍ਰਿਤਯੁੰਜਯ ਦੇ ਦਰਸ਼ਨ ਕੀਤੇ। ਮੇਰੀ ਪਹਿਲੀ ਜਿਗਿਆਸਾ ਸੀ–"ਸ੍ਰੀ ਅਰਵਿੰਦੂ (ਅਰਵਿੰਦੂ ਘੋਸ਼) ਦਾ ਲਿਖਿਆ ਸਾਹਿਤ ਪੜ੍ਹਦਾ ਹਾਂ–ਸਮਝ ਨਹੀਂ ਆਉਂਦਾ। ਸੁਣਿਆ ਹੈ ਕਿ ਆਪ ਸਮਝਣ ਵਿਚ ਮਦਦ ਕਰ ਸਕਦੇ ਓ।"

ਸਵਾਮੀ ਜੀ ਦਾ ਉੱਤਰ–"ਸ੍ਰੀ ਅਰਵਿੰਦ ਨੂੰ ਸਮਝਣ ਲਈ ਪਹਿਲਾਂ ਸਾਧਨਾ ਕਰਨੀ ਪੈਂਦੀ ਏ। ਉਂਜ ਉਨ੍ਹਾਂ ਦੀ ਸਮਝ ਨਹੀਂ ਆ ਸਕਦੀ।"

"ਤਾਂ ਫਿਰ ਕਰਵਾਓ ਸਾਧਨਾ।"

ਅਤੇ ਥੋੜ੍ਹੀ ਬਹੁਤ ਨਾਂਹ-ਨੁੱਕਰ ਤੋਂ ਬਾਅਦ ਉਨ੍ਹਾਂ ਨੇ ਵੇਖਿਆ ਕਿ ਮੈਂ ਖਹਿੜਾ ਛੱਡਣ ਵਾਲਾ ਨਹੀਂ, ਤਾਂ ਰਾਜ਼ੀ ਹੋ ਗਏ। ਉਨ੍ਹਾਂ ਨੇ ਮੇਰੀ ਪਿਛਲੀ ਸਾਧਨਾ ਦੀਆਂ ਸਾਰੀਆਂ ਵਿਧੀਆਂ ਰੁਕਵਾ ਦਿੱਤੀਆਂ ਤੇ ਆਪਣੇ ਢੰਗ ਦੀ ਨਵੀਂ ਵਿਧੀ ਦਿੱਤੀ। ਪਰੀਣਾਮ ਵੀ ਤੁਰੰਤ ਹੀ ਆਉਣੇ ਸ਼ੁਰੂ ਹੋ ਗਏ–ਇਸ ਕਰਕੇ ਮੈਂ ਅੰਤਰਮਨ ਨਾਲ ਲਗਾਤਾਰ ਉਨ੍ਹਾਂ ਦੇ ਪ੍ਰਤੀ ਅਨੁਰਕਤ ਹੁੰਦਾ ਚਲਾ ਗਿਆ।

ਸਵਾਮੀ ਜੀ ਨਾਲ ਮੇਰੇ ਨਿੱਤ ਵਧਦੇ ਪਿਆਰ ਦੇ ਕੁਝ ਵਿਸ਼ੇਸ਼ ਕਾਰਨ ਸਨ। ਉਨ੍ਹਾਂ ਦੀ ਲੰਮੀ ਸਾਧਨਾ, ਅਧਿਆਤਮ ਬਿਰਤੀ, ਫੱਕੜਪੁਣਾ, ਸ਼ਾਸਤਰ ਦਾ ਭਰਪੂਰ ਗਿਆਨ, ਆਪਣੇ ਗੁਰੂ ਦੇ ਪ੍ਰਤੀ ਓੜਕਾਂ ਦੀ ਭਗਤੀ, ਮਨ ਦੀ ਉਦਾਰਤਾ ਤੇ ਆਪਣੇ ਸ਼ਿਸ਼ਾਂ ਦੇ ਪ੍ਰਤੀ ਅਸੀਮ ਪਿਆਰ, ਉਹਨਾਂ ਨੂੰ ਸਿਖਾਣ ਦੀ ਜ਼ਬਰਦਸਤ ਚਾਹ–ਜਿਸ ਲਈ ਉਹ ਸਾਨੂੰ ਸਾਰਿਆਂ ਨੂੰ, ਸਾਡੀ ਵਿਅਕਤੀਗਤ ਸਮਝ ਅਨੁਸਾਰ ਦੂਜੇ ਸਾਧੂਆਂ ਕੋਲ ਭੇਜਦੇ, ਤੇ ਉਹਨਾਂ ਕੋਲੋਂ ਕੁਝ ਨਾ ਕੁਝ ਸਿਖਣ ਲਈ ਪ੍ਰੇਰਦੇ। ਇਸ ਤੋਂ ਇਲਾਵਾ ਸੀ ਉਨ੍ਹਾਂ ਦੀ ਵਿਗਿਆਨਕ ਦ੍ਰਿਸ਼ਟੀ। ਪਾਖੰਡਾਂ-ਚਮਤਕਾਰਾਂ ਦੇ ਪ੍ਰਤੀ ਉਹ ਸਾਨੂੰ (ਖਾਸ ਕਰਕੇ ਮੈਨੂੰ) ਸੁਚੇਤ ਕਰਦੇ ਤੇ ਉਨ੍ਹਾਂ ਪਾਖੰਡਾਂ ਚਮਤਕਾਰਾਂ ਦੇ ਪਿਛੇ ਛੁਪੇ ਤਰੀਕਿਆਂ ਬਾਰੇ ਦੱਸਦੇ'। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਧਿਆਤਮਕ ਸਾਧਨਾ ਤੇ ਭੌਤਿਕ ਵਿਗਿਆਨ ਕਿਸੇ ਨਾ ਕਿਸੇ ਥਾਂ ਜਾ ਕੇ ਇਕ ਹੋ ਜਾਂਦੇ ਹਨ। ਉਹਨਾਂ ਨੇ ਆਪਣੇ ਪੂਜਾ ਵਾਲੇ ਆਸਣ ਦੇ ਸਾਹਮਣੇ ਆਪਣੇ ਗੁਰੂ ਦੀ ਤਸਵੀਰ ਦੇ ਨਾਲ ਹੀ ਕਾਰਲ ਮਾਰਕਸ ਤੇ ਲੈਨਿਨ ਦੀਆਂ ਤਸਵੀਰਾਂ ਵੀ ਰਖਿਆ ਹੋਈਆਂ ਸਨ। ਪੁੱਛਣ ਤੇ ਦੱਸਦੇ ਕਿ ਇਨ੍ਹਾਂ ਨੇ



Namdhari Elibrary NamdhariElibrary@gmail.com

ਜੋ ਦ੍ਰਿਸ਼ਟੀ ਤੇ ਵਿਚਾਰ ਦਿੱਤੇ ਨੇ ਉਨ੍ਹਾਂ ਨਾਲ ਜਗਤ ਵਿਚ ਉਹੋ ਤਬਦੀਲੀਆਂ ਆਉਣਗੀਆਂ—ਜੋ ਅਸੀਂ ਅਧਿਆਤਮਕ ਸਾਧਨਾਂ ਨਾਲ ਲਿਆਉਣਾ ਚਾਹੁੰਦੇ ਹਾਂ। ਮੈਨੂੰ ਉਨ੍ਹਾਂ ਦੀ ਸਭ ਤੋਂ ਵੱਧ ਚੰਗੀ ਲੱਗਣ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਵਲੋਂ ਸਾਨੂੰ ਸੋਚਣ-ਵਿਚਾਰਨ ਤੇ ਕਾਰਜ ਖੇਤਰ ਚੁਣਨ ਦੀ ਖੁੱਲ੍ਹ ਸੀ। ਪਿਆਰ ਉਹ ਏਨਾ ਸਾਰਾ ਕਰਦੇ ਸਨ ਕਿ ਮਹੀਨੇ ਵਿਚ ਇਕ ਦੋ ਵਾਰੀ ਜੇ ਹਰਦਵਾਰ ਨਹੀਂ ਸਾਂ ਜਾਂਦਾ ਤਾਂ ਕੁਝ ਗਵਾਚਾ ਜਿਹਾ ਲੱਗਦਾ ਸੀ। ਜਦੋਂ ਕਦੇ ਦਿੱਲੀ ਮੇਰੇ ਘਰ ਆਉਂਦੇ ਤਾਂ ਇਕਾਂਤ ਵਿਚ ਏਨਾ ਲੰਮਾ ਵਾਰਤਾਲਾਪ ਚੱਲਦਾ ਕਿ ਚਾਰ ਪੰਜ ਘੰਟੇ ਸੌਣ ਦੇ ਟਾਈਮ ਨੂੰ ਛੱਡ ਕੇ ਚੌਵੀ ਚੌਵੀ ਘੰਟੇ ਏਸੇ ਲੇਖੇ ਲੱਗ ਜਾਂਦੇ।

ਗੱਲਾਂ ਗੱਲਾਂ ਵਿਚ ਹੀ ਸਵਾਮੀ ਜੀ ਨੂੰ ਇਸ ਗੱਲ ਦਾ ਪੂਰਾ ਅੰਦਾਜ਼ਾ ਹੋ ਗਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੈਸਾ ਭਰਪੂਰ ਪਿਆਰ ਮੈਨੂੰ ਉਪਲਬਧ ਰਿਹਾ ਹੈ ਤੇ ਮੈਂ ਵੀ ਕਿਵੇਂ, ਕੇਵਲ ਉਨ੍ਹਾਂ ਦੀ ਅੰਤਰ-ਆਤਮਾ ਨਾਲ ਆਪਣੇ ਆਪ ਨੂੰ ਜੋੜੀ ਰੱਖਣ ਦਾ ਜਤਨ ਕਰਦਾ ਰਿਹਾ ਹਾਂ। ਉਨ੍ਹਾਂ ਦਿਨਾਂ ਵਿਚ ਕੁਝ ਅਨਚਾਹੇ ਕਾਰਨਾਂ ਕਰਕੇ ਸਰੀਰੋਂ ਮੈਂ ਆਪਣੇ ਆਪ ਨੂੰ ਉਨ੍ਹਾਂ ਤੋਂ ਦੂਰ ਰਖ ਰਿਹਾ ਸਾਂ। ਸਵਾਮੀ ਜੀ ਨੇ ਮੈਨੂੰ ਮੇਰੇ ਇਸ ਅੰਦਰਲੇ ਸਤਿ ਤੋਂ ਜਾਣੂ ਕਰਵਾਇਆ ਤੇ ਪ੍ਰੇਰਨਾ ਦਿੱਤੀ—ਕਿ ਉਸ ਪਿਆਰ ਨੂੰ ਘਟਣ ਨਾ ਦਿਆਂ ਸਤਿਗੁਰੂ ਜੀ ਨੂੰ ਮਿਲਦਾ ਰਹਾਂ—ਨਹੀਂ ਤਾਂ ਸਾਧਨਾ ਵਿਚ ਵਿਘਨ ਆਏਗਾ।

ਗੱਲ ਉਨ੍ਹਾਂ ਦੀ ਸੱਚ ਹੀ ਸੀ। ਪ੍ਰੇਰਨਾ ਉਨ੍ਹਾਂ ਦੀ ਹੁਕਮ ਵਰਗੀ ਹੀ ਸੀ—ਸੋ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਨਵੇਂ ਸਿਰੇ ਸੋਚਿਆ। ਉਸ ਸੋਚ ਵਿਚੋਂ ਉਨ੍ਹਾਂ ਦੀ ਜੋ ਸ਼ਖ਼ਸੀਅਤ ਉਭਰੀ—ਉਹ ਸ਼ਖ਼ਸੀਅਤ ਅਸਾਧਾਰਨ ਸੀ। ਪਿਛਲੇ ਕਈ ਸਾਲਾਂ ਦੇ ਮੇਲ ਮਿਲਾਪ ਦੀਆਂ ਜੋ ਤਸਵੀਰਾਂ ਉਭਰੀਆਂ—ਉਹ ਅਨੋਖੀਆਂ ਸਨ। ਬੜੀਆਂ ਔਖੀਆਂ ਮਾਨਸਿਕ ਸਥਿਤੀਆਂ ਵਿਚ ਉਨ੍ਹਾਂ ਵਲੋਂ ਬੇਲੋਸ ਪਿਆਰ ਦਾ ਹੁੰਗਾਰਾ ਸੀ। ਮੇਰੇ ਅਤਿ ਉਦਾਸ ਛਿਨਾਂ ਵਿਚ ਸਭ ਜ਼ਰੂਰੀ ਕੰਮ ਛਡ ਕੇ ਮੇਰੇ ਕੋਲ ਆਣ ਕੇ ਆਪਣੇ ਸੰਗ ਸਾਥ ਦਾ ਯਕੀਨ ਦਿਵਾ ਜਾਣਾ। ਮੇਰੇ ਸਿਆਸੀ, ਸਭਿਆਚਾਰਕ ਤੇ ਸਮਾਜਿਕ ਦ੍ਰਿਸ਼ਟੀਕੋਣ ਮੇਰੇ ਹੀ ਢੰਗ ਨਾਲ ਮੇਰੇ ਵਲੋਂ ਲਿਖਣ ਨੂੰ ਪ੍ਰਵਾਨਗੀ ਦੇਣੀ ਤੇ ਮੇਰੇ ਆਤਮ ਵਿਸ਼ਵਾਸ ਨੂੰ ਆਪਣੇ ਸੰਗ ਸਾਥ ਨਾਲ ਹੋਰ ਪੱਕਿਆ ਕਰਨਾ। ਉਨ੍ਹਾਂ ਵਲੋਂ ਮਿਲਣ ਵਾਲੀ ਮੁਹੱਬਤ ਐਸੀ ਕਿ ਜਿਸ ਦੇ ਬਦਲੇ ਵਿਚ ਕੁਝ ਵੀ ਨਾ ਚਾਹੁਣਾ। ਮੇਰੀ ਆਪਣੀ ਹੀ ਸੋਚ ਕਾਰਨ ਮੇਰੇ ਵਲੋਂ ਉਨ੍ਹਾਂ ਤੋਂ ਦੂਰੀ ਬਣਾ ਲੈਣ ਤੇ ਵੀ ਉਨ੍ਹਾਂ ਵਲੋਂ ਮਿਲਦੇ ਪਿਆਰ ਵਿਚ ਫਰਕ ਨਾ ਆਉਣਾ ਤੇ ਸਦਾ ਸਨੇਹੀ ਬਣੇ ਰਹਿਣਾ। ਹਰ ਸਮੇਂ ਇਹੋ ਸੋਚਣਾ ਕਿ ਮੈਨੂੰ ਮੇਰੇ ਜੀਵਨ ਦੀ ਸਾਰਥਕਤਾ ਦਾ ਭਰਪੂਰ ਅਹਿਸਾਸ ਹੁੰਦਾ ਰਹੇ।

ਸਵਾਮੀ ਜੀ ਦੀ ਪ੍ਰੇਰਨਾ ਨਾਲ ਮੈਨੂੰ ਮੇਰਾ ਖੁਸਦਾ ਜਾਂਦਾ ਪ੍ਰੇਮ ਧਨ ਵਾਪਸ ਮਿਲ ਗਿਆ। ਮੈਂ ਸਤਿਗੁਰੂ ਜੀ ਨੂੰ ਫਿਰ ਤੋਂ ਮਿਲਿਆ, ਫਿਰ ਤੋਂ ਖੁਸ਼ੀਆਂ ਤੇ ਆਨੰਦ ਦੀ ਪ੍ਰਾਪਤੀ ਹੋਈ।

ਸਵਾਮੀ ਜੀ, ਕੁਝ ਸਾਲਾਂ ਬਾਅਦ ਹੀ ਚਲੇ ਗਏ। ਪ੍ਰਮਾਤਮਾ ਦੀ ਵਿਆਪਕ ਜੋਤ ਵਿਚ ਜੋਤ ਜਾ ਰਲੀ। ਮੈਨੂੰ ਜਾਪਿਆ ਜਿਵੇਂ ਉਹ ਮੈਨੂੰ ਫਿਰ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਵਾਲੇ ਕਰ ਗਏ ਹਨ।

ਸ਼ਾਇਦ ਇਹੋ ਕਾਰਨ ਸੀ—ਕਿ ਜਦੋਂ ਦਿਲ ਉਪਰ ਹਮਲੇ ਦਾ ਸ਼ਿਕਾਰ ਹੋਇਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਘਰ ਆਣ ਕੇ ਇਹ ਆਖਿਆ ਕਿ "ਅਜੇ ਨਹੀਂ ਜਾਣ ਦੇਣਾ, ਅਜੇ ਤੁਹਾਡੀ ਲੋੜ ਹੈ" ਤਾਂ ਮੇਰੀ ਅਰਧ ਚੇਤਨ ਅਵਸਥਾ ਵਿਚ—ਮੇਰੇ ਅਵਚੇਤਨ ਮਨ ਨੇ ਹੁੰਗਾਰਾ ਦੇਂਦਿਆਂ ਆਖਿਆ ਸੀ—"ਆਪ ਦੀ ਹੀ ਅਮਾਨਤ ਹਾਂ।"

ਫਿਰ ਕੁਝ ਸਮੇਂ ਵਿਚ ਹੌਲੀ ਹੌਲੀ ਮੁੜਦੀ ਚੇਤਨਾ ਵਿਚ ਧਿਆਨ ਨਾਲ ਵੇਖਿਆ—ਉਹ ਹੁੰਗਾਰਾ ਸਹੀ ਹੀ ਸੀ। ਕਿਉਂਕਿ ਪੂਰੇ ਜੀਵਨ ਵਿਚ ਆਪਣੇ ਨਿੱਜੀ ਜੀਵਨ ਦੇ ਪ੍ਰਤੀ ਤਾਂ ਪੂਰੀ ਤਰ੍ਹਾਂ ਉਦਾਸੀਨ ਹੀ ਰਿਹਾ ਹਾਂ। ਕਿਸੇ ਨਾ ਕਿਸੇ ਰੂਪ ਵਿਚ ਇਹ ਜੀਵਨ ਲੋਕ ਮੁਖੀ—ਜੋ ਲੁਕਾਈ ਨੂੰ ਹੀ ਅਰਪਿਤ ਰਿਹਾ ਹੈ। ਆਪਣੇ ਲਈ ਚਾਹਿਆ ਹੈ ਤਾਂ ਭੋਰਾ ਕੁ ਪਿਆਰ ਅਤੇ ਉਹ ਪਿਆਰ ਮੈਨੂੰ ਉਨ੍ਹਾਂ ਸ਼ਖਸੀਅਤਾਂ ਕੋਲੋਂ ਮਿਲਿਆ ਹੈ—ਜਿੰਨ੍ਹਾਂ ਦੇ ਕੋਲੋਂ ਦੀ ਲੰਘਣਾ ਵੀ ਕਿਸੇ ਲਈ ਖੁਸ਼ਕਿਸਮਤੀ ਵਰਗਾ ਹੋ ਸਕਦਾ ਹੈ।

ਸੋ ਜਿੰਨਾ ਜੀਵਿਆ ਹਾਂ— ਉਸ ਬਾਰੇ ਸ਼ਿਕਾਇਤ ਨਹੀਂ, ਪ੍ਰਸੰਨਤਾ ਹੈ। ਜੋ ਪਾਇਆ ਹੈ—ਉਹ ਮੇਰੀ ਝੋਲੀ ਤੋਂ ਵੱਧ ਹੈ। ਜੋ ਅਰਧ ਚੇਤਨ ਅਵਸਥਾ ਵਿਚ ਅਵਚੇਤਨ ਮਨ ਨੇ ਆਖਿਆ ਸੀ—ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਹੈ—ਇਸ ਲਈ ਆਖਣਾ ਚਾਹੁੰਦਾ ਹਾਂ—ਕਿ ਬਾਕੀ ਦੇ ਸਾਰੇ ਕਦਮ ਸਵਾਮੀ ਮ੍ਰਿਤਯੁੰਜਯ ਜੀ ਦੇ ਨਕਸ਼ੇ ਪਾ ਤੇ ਚਲਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਦਮਾਂ ਨੂੰ ਅਰਪਣ ਹਨ। ਉਨ੍ਹਾਂ ਦੇ ਇਹ ਕਦਮ, ਸਭ ਲੋਕਾਈ ਦੇ ਕਲਿਆਣ ਲਈ ਹਨ—ਇਸ ਲਈ ਮੇਰੇ ਕਦਮ ਵੀ ਉਨ੍ਹਾਂ ਦੇ ਨਕਸ਼ੇ ਪਾ ਤੇ ਚਲਦਿਆਂ ਸਾਰੀ ਲੋਕਾਈ ਦੇ ਕਲਿਆਣ ਲਈ ਅਰਪਿਤ ਰਹਿਣ ਦੀ ਜ਼ਮਾਨਤ ਹਨ।

*(ਨਾਗਮਣੀ ਦੇ ਧੰਨਵਾਦ ਨਾਲ)*

*ਵਰਿਆਮ ਮਈ ੧੯੯੭ ਚੋਂ*



Namdhari Elibrary NamdhariElibrary@gmail.com

*ਬੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਤ੍ਰਿਮੂਰਤੀ*

# ਡਾ. ਅਮਰ ਭਾਰਤੀ

*—ਸੁਵਰਨ ਸਿੰਘ ਵਿਰਕ*

ਕਿਸ ਨੇ ਕਿਆਸਿਆ ਸੀ ਕਿ ਦੋ ਢਾਈ ਸਾਲਾਂ ਦੇ ਵਕਫੇ ਵਿਚ ਹੀ ਅਸੀਂ ਸਾਹਿਤਕ ਪੱਖੋਂ ਏਨੇ ਕੰਗਾਲ ਹੋ ਜਾਵਾਂਗੇ। ਪਹਿਲਾਂ ਗਏ ਦਰਵੇਸ਼ ਲੇਖਕ, ਸ਼ਾਇਰ ਤੇ ਸਾਖੀਕਾਰ ਮਾਸਟਰ ਨਿਹਾਲ ਸਿੰਘ ਜੀ। ਫਿਰ ਪੱਤਰਾ ਵਾਚ ਗਏ "ਬੀਤੇ ਦੀਆਂ ਪੈੜਾਂ" ਜਹੀ ਵੱਡ-ਆਕਾਰੀ ਰਚਨਾ ਦੇ ਸਮਰੱਥ ਲੇਖਕ ਪ੍ਰੀਤਮ ਸਿੰਘ ਜੀ ਕਵੀ। ਤੇ ਹੁਣ ਅਛੋਪਲੇ ਹੀ ਉਡਾਰੀ ਮਾਰ ਗਏ ਹਨ, ਧੁਰੰਧਰ ਵਿਦਵਾਨ ਅਤੇ ਚਰਚਿਤ ਸਾਹਿਤਕਾਰ ਡਾ. ਅਮਰ ਭਾਰਤੀ। ਉਹ ਗਿਆਨ ਦਾ ਸਮੁੰਦਰ ਸਨ। ਹਿੰਦੀ, ਪੰਜਾਬੀ ਅਤੇ ਬੰਗਲਾ ਭਾਸ਼ਾਵਾਂ ਦਾ ਉਹਨਾਂ ਦਾ ਗਿਆਨ ਅਸਧਾਰਨ ਸੀ। ਭਾਰਤ ਦੀ ਸਾਹਿਤ ਅਕਾਦਮੀ ਵਲੋਂ ਉਹ ਬੰਗਲਾ ਦੀਆਂ ਉਤਕ੍ਰਿਸ਼ਟ ਸਾਹਿਤਕ ਕਿਰਤਾਂ ਦੇ ਪੰਜਾਬੀ ਅਨੁਵਾਦ ਲਈ ਸਨਮਾਨੇ ਵੀ ਗਏ ਸਨ। ਉਹਨਾਂ ਦੇ ਘੱਟ ਘੱਟ ੧੦ ਅਜੇਹੀਆਂ ਪੁਸਤਕਾਂ ਦੇ ਪੰਜਾਬੀ ਵਿਚ ਅਨੁਵਾਦ ਛਪੇ ਹਨ। ਅਸਾਮੀ ਕਵਿਤਾ ਦੀ ਇਕ ਪੁਸਤਕ ਦਾ ਤਰਜਮਾ ਵੀ ਉਹਨਾਂ ਦੇ ਜ਼ਿੰਮੇ ਲਗਦਾ ਹੈ। ਪੰਜਾਬੀ ਵਿਚ ਉਹਨਾਂ ਦੀਆਂ ਵਿਵਿਧ ਵਿਸ਼ਿਆਂ ਨਾਲ ਸਬੰਧਿਤ ਪੰਜ ਛੇ ਪੁਸਤਕਾਂ ਮਿਲਦੀਆਂ ਹਨ, ਜਿਹੜੀਆਂ ਖੋਜ ਖੇਤਰ ਨਾਲ ਵੀ ਸਬੰਧਿਤ ਹਨ। ਗੁਰਬਾਣੀ ਦੇ ਡੂੰਘੇ ਰਹੱਸਾਂ ਦੀ ਵਿਆਖਿਆ ਵੀ ਕਰਦੀਆਂ ਹਨ। ਸੰਸਮਰਣ ਵੀ ਹਨ। ਰੌਚਿਕ ਯਾਤਰਾ ਨਿਬੰਧ ਵੀ ਅਤੇ ਗੁਰਬਾਣੀ ਦੇ ਕੇਂਦਰੀ ਧੁਰੇ 'ਸਤਿਗੁਰੂ' ਦੀ ਸ਼ਖਸੀਅਤ ਦਾ ਸ਼ਰਧਾ ਗਾਨ ਵੀ।

ਉਹ ਮਾਝੇ ਦੇ ਪ੍ਰਸਿੱਧ ਪਿੰਡ ਲੋਪੋਕੇ (ਅੰਮ੍ਰਿਤਸਰ) ਦੇ ਮੂਲ ਨਿਵਾਸੀ ਸਨ, ਜਿਸ ਪਿੰਡ ਨੇ ੧੮੭੧ ਈ. ਦੇ ਅੰਮ੍ਰਿਤਸਰ ਬੁੱਚੜ ਬੱਧ ਵਿਚ ਹਿੱਸਾ ਲੈਣ ਵਾਲੇ ਨਾਮਧਾਰੀ ਵੀ ਤੋਰੇ ਅਤੇ ਗ਼ਦਰ ਪਾਰਟੀ ਲਹਿਰ ਵਿਚ ਫ਼ਾਂਸੀ ਕਬੂਲਣ ਵਾਲੇ ਮੇਵਾ ਸਿੰਘ ਜਿਹੇ ਸ਼ਹੀਦ ਵੀ ਪੈਦਾ ਕੀਤੇ। ਵੀਹਵੀਂ ਸਦੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਪ੍ਰਸਿੱਧ ਨਾਮਧਾਰੀ ਪ੍ਰਚਾਰਕ, ਸਿਧਾਂਤਕਾਰ, ਪੱਤਰਕਾਰ, ਬੁਲਾਰਾ, ਕਵੀ ਤੇ ਆਜ਼ਾਦੀ ਘੁਲਾਟੀਆ ਸੰਤ ਨਿਧਾਨ ਸਿੰਘ ਆਲਿਮ ਵੀ ਇਸੇ ਪਿੰਡ ਦੀ ਜ਼ਰਖੇਜ਼ ਭੋਇ ਵਿਚੋਂ ਉਗਮਿਆਂ ਸੀ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਡਾ. ਭਾਰਤੀ ਅਤੇ ਉਹਨਾਂ ਜਹੀਆਂ ਹੀ ਸਾਹਿਤਕ ਰੁਚੀਆਂ ਵਾਲੇ ਪੱਤਰਕਾਰ ਉਨ੍ਹਾਂ ਦੇ ਵੱਡੇ ਭਰਾਤਾ ਸੰਤ ਮੰਗਲ ਸਿੰਘ ਲਾਇਲਪੁਰੀ ਵੀ ਆਲਿਮ ਜੀ ਦੇ ਇਸ ਪ੍ਰਭਾ ਮੰਡਲ ਦੀ ਬਦੌਲਤ ਹੀ ਅੱਖਰਾਂ ਦੀ ਦੁਨੀਆਂ, ਸ਼ਬਦਾਂ ਦੇ ਸੰਸਾਰ ਵੱਲ ਰੁਚਿਤ ਹੋਏ। ਉੱਭ ਪੰਜਾਬੀ ਜਨ-ਜੀਵਨ ਦੇ ਸਫਲ ਚਿਤੇਰੇ, ਉੱਘੇ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਵੀ ਨਾ ਸਿਰਫ ਲੋਪੋਕਿਆਂ ਦੇ ਹੀ ਸਨ, ਸਗੋਂ ਭਾਰਤੀ ਪਰਿਵਾਰ ਨਾਲ ਨੇੜਿਉਂ ਹੀ ਉਹਨਾਂ ਦੀ ਅੰਗਲੀ-ਸੰਗਲੀ ਰਲਦੀ ਸੀ। ਭਾਰਤੀ ਜੀ ਦੀ ਬੋਲੀ ਦੇ ਕੇਂਦਰੀ ਟਕਸਾਲੀ ਪੰਜਾਬੀ ਹੋਣ ਦਾ ਕਾਰਨ 'ਚਾਤ੍ਰਿਕ ਵਰਦਾਨ' ਵੀ ਹੋ ਸਕਦਾ ਹੈ।

ਮੇਰੀ ਪੀਹੜੀ ਦੇ ਨਾਮਧਾਰੀਆਂ ਵਿਚੋਂ ਘੱਟ ਨੂੰ ਹੀ ਇਹ ਯਾਦ ਹੋਏਗਾ ਕਿ 'ਸਤਿਜੁਗ' ਅਤੇ ਹੋਰ ਪੰਜਾਬੀ ਪੱਤਰਕਾਵਾਂ ਵਿਚ ਅਮਰ ਸਿੰਘ ਦੇ ਨਾਂ ਹੇਠ ਛਪਣ ਵਾਲਾ ਇਹ ਸੱਜਣ 'ਅਮਰ ਭਾਰਤੀ' ਕਦੋਂ ਹੋ ਗਿਆ ਸੀ। ਮੇਰੀ ਉਹਨਾਂ ਦੀ ਪਹਿਲੀ ਯਾਦ, "ਨਵਾਂ ਹਿੰਦੁਸਤਾਨ" ਦਿੱਲੀ ਤੋਂ ਛਪਣ ਵਾਲੇ ਰੋਜ਼ਾਨਾ ਪੰਜਾਬੀ ਅਖਬਾਰ ਦੀ ਸੰਪਾਦਕੀ ਨਾਲ ਜੁੜੀ ਹੋਈ ਹੈ। ਕਰੀਵਾਲਾ (ਸਿਰਸਾ) ਮੇਰੇ ਪਿੰਡ ਵਿਖੇ ੧੯੬੪ ਈ. ਦਾ ਨਾਮਧਾਰੀ ਹੋਲਾ ਮਹੱਲਾ ਸੀ। 'ਨਵਾਂ ਹਿੰਦੁਸਤਾਨ' ਨੇ ਇਸ ਸਮੇਂ ਇਕ ਵਿਸ਼ੇਸ਼ ਅੰਕ ਕੱਢਿਆ ਸੀ ਅਤੇ ਮੇਰੀ ਇਕ ਕਵਿਤਾ ਇਸ ਵਿਚ ਛਪੀ ਸੀ—"ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ।" ਉਸ ਤੋਂ ਅਗਲੇ ਵਰ੍ਹੇ ਗਰਮੀਆਂ ਦੇ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲਾ ਵਿੱਦਿਅਕ ਸੰਮੇਲਨ ਹੋਇਆ। ਇਹ ਤੇ ਹੁਣ ਯਾਦ ਨਹੀਂ ਕਿ ਭਾਰਤੀ ਜੀ ਉਸ ਸੰਮੇਲਨ ਵਿਚ ਹਾਜ਼ਰ ਸਨ ਜਾਂ ਨਹੀਂ ਪਰ ਉਹਨਾਂ ਦੁਆਰਾ ਲਿਖੀ ਹੋਈ ਪੁਸਤਕ, "ਸਿਖ ਇਤਿਹਾਸ ਤੇ ਕੂਕੇ—ਤੁਲਨਾਤਮਕ ਅਧਿਐਨ" ਉਸ ਸੰਮੇਲਨ ਵਿਚ ਹੀ ਪੜ੍ਹਨ ਨੂੰ ਮਿਲੀ। ਪੁਸਤਕ ਦਾ ਪਹਿਲਾ ਅਧਿਆਇ "ਦ੍ਰਿਸ਼ਟੀਕੋਣ ਦੀ ਅਰਾਜਕਤਾ" ਆਪਣੇ ਨਾਂ ਤੋਂ ਵੀ ਖਿੱਚ ਪਾਉਂਦਾ ਸੀ ਅਤੇ ਜਿਵੇਂ ਜਿਵੇਂ ਪਾਠਕ ਇਸ ਵਿਚੋਂ ਗੁਜ਼ਰਦਾ ਸੀ ਉਹ ਆਪਣੀ ਬੌਧਿਕ ਸਮਰੱਥਾ ਵਿਚ ਨਿਸ਼ਚਿਤ ਵਾਧਾ ਵੀ ਮਹਿਸੂਸ ਕਰਦਾ ਸੀ ਅਤੇ ਲੇਖਕ ਦੀ ਇਤਿਹਾਸ ਦ੍ਰਿਸ਼ਟੀ ਦੇ ਬਲਿਹਾਰੇ ਵੀ ਜਾਂਦਾ ਸੀ। ਇਹ ਉਹ ਸਮਾਂ ਸੀ ਜਦੋਂ ਡਾ. ਗੰਡਾ ਸਿੰਘ ਜੀ ਜਹੇ ਪੰਜਾਬ ਦੇ ਇਤਿਹਾਸਕਾਰ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗਰਾਮ, ਅੰਗਰੇਜ਼ ਸਰਕਾਰ ਵਿਰੁੱਧ ਪਹਿਲੇ ਅਸਹਿਯੋਗ ਅੰਦੋਲਨ, ਬਾਈਕਾਟ ਵਗੈਰਾ ਤੋਂ ਮੁਨਕਰ ਹੋ ਰਹੇ ਸਨ। ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ—ਪੰਜਾਬ ਵਿਚ ਜੋ ੬੦ਵਿਆਂ ਵਿਚ ਹੀ ਛਪਿਆ ਸੀ ਵਿਚ ਡਾ. ਗੰਡਾ ਸਿੰਘ ਹੋਰਾਂ ਦੀਆਂ ਅਜੇਹੀਆਂ ਪ੍ਰਸਥਾਪਨਾਵਾਂ ਦੀ ਕਾਟ, ਅਮਰ ਭਾਰਤੀ ਹੋਰਾਂ ਇਸੇ ਗ੍ਰੰਥ "ਪੰਜਾਬ" ਦੇ ਹੋਰ ਲੇਖਕਾਂ ਦੇ ਹਵਾਲਿਆਂ ਨਾਲ ਕੀਤੀ ਸੀ। ਭਾਰਤੀ ਜੀ ਦੇ ਤਰਕ ਅਕੱਟ ਸਨ ਅਤੇ ਇਤਿਹਾਸ ਦੀਆਂ ਕਈ ਹਨੇਰੀਆਂ ਗੁੱਠਾਂ ਨੂੰ ਫਰੋਲ ਕੇ ਉਹਨਾਂ ਨੇ ਕਿੰਨਾ



Namdhari Elibrary NamdhariElibrary@gmail.com

ਕੁਝ ਨਵਾਂ ਨਵਾਂ ਤੇ ਉੱਜਲਾ ਉੱਜਲਾ ਪ੍ਰਗਟ ਕੀਤਾ ਸੀ ਅਤੇ ਸਿੱਧ ਕੀਤਾ ਸੀ ਕਿ ਮਹਾਤਮਾ ਗਾਂਧੀ ਨੇ ਆਪਣੇ ਕੌਮੀ ਅੰਦੋਲਨ ਦੇ ਸਵਦੇਸ਼ੀ ਵਾਲੇ ਮਕਬੂਲ ਨਾਹਰੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਲਏ ਸਨ। ਸੰਤ ਨਿਧਾਨ ਸਿੰਘ 'ਆਲਿਮ' ਦੀ ਤਿੰਨ ਭਾਗਾਂ ਵਿਚ ਛਪੀ ਪੁਸਤਕ "ਗੁਰੂ ਪਦ ਪ੍ਰਕਾਸ਼" ਤੋਂ ਬਾਅਦ ਇਹ ਭਾਰਤੀ ਜੀ ਦੀ ਕਿਤਾਬ ਸੀ ਜੋ ਨਾਮਧਾਰੀ ਲੇਖਕਾਂ ਅਤੇ ਪ੍ਰਚਾਰਕਾਂ ਨੂੰ ਜ਼ੁਬਾਨ ਦਿੰਦੀ ਸੀ ਅਤੇ ਇਸਦੀ ਨਾਮਧਾਰੀ ਅਤੇ ਹੋਰ ਸਾਹਿਤਕ ਹਲਕਿਆਂ ਵਿਚ ਮਕਬੂਲੀਅਤ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਦਾ ਸੀ ਕਿ ਪਹਿਲੇ ਐਡੀਸ਼ਨ ਤੋਂ ੨ ਸਾਲ ਬਾਦ ੧੯੬੬ ਈ. ਵਿਚ ਹੀ ਇਸਦਾ ਦੂਸਰਾ ਐਡੀਸ਼ਨ ਛਾਪਣਾ ਪਿਆ।

"ਨਵਾਂ ਹਿੰਦੁਸਤਾਨ" ਪਹਿਲਾਂ ਮਾਸਿਕ ਜਾਂ ਸਪਤਾਹਿਕ ਸੰਤ ਮੰਗਲ ਸਿੰਘ ਲਾਇਲਪੁਰੀ ਜੀ ਨੇ ਦਿੱਲੀ ਤੋਂ ਹੀ ਸ਼ੁਰੂ ਕੀਤਾ ਸੀ। ਸੰਤਾਂ ਦੇ ਸੁਰਗਵਾਸ ਹੋਣ ਤੋਂ ਕੁਝ ਸਮਾਂ ਪਹਿਲਾਂ ਇਸ ਨੂੰ ਅਮਰ ਭਾਰਤੀ ਜੀ ਨੇ ਸੰਪਾਦਿਤ ਕਰਨਾ ਸ਼ੁਰੂ ਕਰ ਦਿੱਤਾ। ਉਦੋਂ ਤਕ ਇਹ ਰੋਜ਼ਾਨਾ ਵੀ ਹੋ ਚੁਕਿਆ ਸੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਨੂੰ ਆਪਣੇ ਸੰਰਕਸ਼ਣ ਵਿਚ ਲੈ ਕੇ ਨਾਮਧਾਰੀ ਸੰਗਤ ਦਾ ਅਖਬਾਰ ਵੀ ਬਣਾ ਦਿੱਤਾ। ਇਹ ਉਦੋਂ ਜ਼ਿਲ੍ਹਾ ਸਿਰਸਾ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਰੋਜ਼ਾਨਾ ਪਹੁੰਚਦਾ ਸੀ ਅਤੇ ਕਾ. ਪ੍ਰਕਾਸ਼ ਸਿੰਘ ਰਾਇਸਰੀ (ਉੱਘੇ ਕਵੀ ਸੰਤ ਰਾਮ ਉਦਾਸੀ ਦੇ ਵੱਡੇ ਭਾਈ) ਇਸ ਨੂੰ ਸਾਈਕਲ ਤੇ ਸਿਰਸਿਉਂ ਲਿਆ ਕੇ ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿਚ ਰੋਜ਼ਾਨਾ ਵਿਤਰਿਤ ਕਰਦੇ ਸਨ। ਵਿਸ਼ਵ ਸਤਰ ਤੇ ਇਹ ਸਮਾਂ ਠੰਢੀ ਜੰਗ ਦਾ ਸਮਾਂ ਸੀ। ਸੋਵੀਅਤ ਸੰਘ ਦੀ ਅਗੁਆਈ ਵਿਚ ਦੁਨੀਆ ਭਰ ਦੀਆਂ ਸ਼ਾਂਤੀਕਾਮੀ ਸ਼ਕਤੀਆਂ ਭਾਰਤ ਸਮੇਤ ਸਰਗਰਮ ਸਨ। ਸਤਿਗੁਰੂ ਜਗਜੀਤ ਸਿੰਘ ਜੀ ਉਦੋਂ ਪੰਜਾਬ ਅਮਨ ਕੌਂਸਲ ਦੇ ਸਤਿਕਾਰਤ ਪ੍ਰਧਾਨ ਸਨ। ਵੀਅਤਨਾਮ ਵਿਚ ਅਮਰੀਕੀ ਧੌਂਸ ਪੱਟੀ ਦੇ ਬਖੀਏ ਭਾਰਤੀ ਜੀ ਆਪਣੇ ਅਖਬਾਰ ਵਿਚ ਉਧੇੜਦੇ ਸਨ ਅਤੇ ਸੰਸਾਰ ਅਮਨ ਲਈ ਵੀ ਦਿਲ ਖੋਹਲ ਕੇ ਲਿਖਦੇ। ਅਖਬਾਰ ਦੀ ਨੀਤੀ ਅੱਗੇ ਵਧੂ, ਜਮਹੂਰੀਅਤ ਪਸੰਦ ਅਤੇ ਧਰਮ ਨਿਰਪੱਖ ਸੀ। ਇਹੋ ਸਮਾਂ ਪੰਜਾਬੀ ਸੂਬੇ ਦੀ ਸਥਾਪਨਾ ਲਈ ਲੱਗਣ ਵਾਲੇ ਅਕਾਲੀ ਮੋਰਚਿਆਂ ਦਾ ਸਮਾਂ ਵੀ ਸੀ।

ਭਾਰਤੀ ਜੀ ਨੇ ਆਪਣੇ ਪਰਚੇ ਵਿਚ ਉਤੇਜ਼ਿਤੀ ਮੁੱਖ ਲੇਖ ਤੇ ਹੋਰ ਲੇਖ ਲਿਖ ਕੇ ਭਾਸ਼ਾ ਦੇ ਸੁਆਲ ਤੇ ਸਿੱਖ ਅਤੇ ਹਿੰਦੂ ਫਿਰਕਾਪ੍ਰਸਤਾਂ ਦੀਆਂ ਕੱਟੜ ਸਥਾਪਨਾਵਾਂ ਦਾ ਵਿਰੋਧ ਕੀਤਾ। ਉਹਨਾਂ ਨੇ ਬਾਗੜੀ ਅਤੇ ਪਹਾੜੀ ਆਦਿ ਨੂੰ ਪੰਜਾਬੀ ਦੀਆਂ ਉਪ ਭਾਖਾਵਾਂ ਦਸਦੇ ਹੋਏ ਵਿਸ਼ਾਲ ਪੰਜਾਬੀ ਸੂਬੇ ਦੀ ਹਮਾਇਤ ਕੀਤੀ ਸੀ। ਪਰ ਕਿਉਂਕਿ ਅਕਾਲੀ ਸੱਜਣ ਉਹ ਖਿੱਤਾ ਚਾਹੁੰਦੇ ਸਨ ਜਿਸ ਵਿਚ ਸਿੱਖ ਬਹੁਗਿਣਤੀ ਵਿਚ ਆ ਜਾਣ, ਇਸ ਲਈ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਜਾਂ ਹਰਿਆਣੇ ਵਿਚ ਚਲੇ ਗਏ। ਪੰਜਾਬੋਂ ਬਾਹਰਲੇ ਪੰਜਾਬੀ ਭਾਸ਼ੀਆਂ ਨੂੰ ਜੇ ਭਾਰਤੀ ਜੀ ਦੇ ਉਹ ਲੇਖ ਸੁਣਾਏ ਪੜ੍ਹਾਏ ਜਾਣ ਤਾਂ ਉਹ ਕਹਿ ਸਕਦੇ ਹਨ ਕਿ ਜੋ ਦੁਰਦਸ਼ਾ ਅਸੀਂ ਹੁਣ ਭੋਗ ਰਹੇ ਹਾਂ ਇਸ ਬਾਰੇ ਉਸ ਸਿਆਣੇ ਬੰਦੇ ਨੂੰ ਕਿੰਨੀ ਅਗਾਊਂ ਸੂਝ ਸੀ। ਉਹਨਾਂ ਲੇਖਾਂ ਦਾ ਇਕ ਕਿਤਾਬਚਾ "ਪੰਜਾਬੀ ਸੂਬਾ ਤੇ ਅਸੀਂ ਪੰਜਾਬੀ" ਛਪਿਆ ਸੀ ਜਿਸਦੇ 'ਮੁੱਖ ਸ਼ਬਦ' ਵਿਚ ੭ ਜਨਵਰੀ ੧੯੬੬ ਨੂੰ ਭਾਰਤੀ ਹੋਰਾਂ ਨੇ ਲਿਖਿਆ ਸੀ :

"ਪੰਜਾਬ ਵਿਚ ਭਾਸ਼ਾ ਦੀ ਚਰਚਾ ਹਿੰਦੂ ਸਿੱਖ ਦੇ ਨਾਮ ਉਤੇ ਹੋ ਰਹੀ ਹੈ, ਜਿਸਨੂੰ ਅਸੀਂ ਪੰਜਾਬ ਲਈ ਚੰਗੀ ਗੱਲ ਨਹੀਂ ਸਮਝਦੇ।....ਪੰਜਾਬ ਵਿਚ ਜਿਹੜੇ ਹਿੰਦੀ ਲਈ ਲੜਦੇ ਹਨ ਉਹ ਹਿੰਦੀ ਨਹੀਂ ਜਾਣਦੇ ਤੇ ਜਿਹੜੇ ਪੰਜਾਬੀ ਦੀ ਦੁਹਾਈ ਦੇਂਦੇ ਹਨ ਉਹ ਪੰਜਾਬੀ ਦੀ ਮਰਯਾਦਾ ਨਹੀਂ ਪਛਾਣਦੇ। ...ਅਸੀਂ ਦੇਸ਼ ਦੀ ਅਖੰਡਤਾ, ਕੌਮੀ ਏਕਤਾ ਤੇ ਧਾਰਮਿਕ ਸਹਿਹੋਂਦ ਦੇ ਵਿਸ਼ਵਾਸੀ ਹਾਂ ਇਸ ਲਈ ਕਿਸੇ ਭੀ ਅਜੇਹੀ ਗੱਲ ਦੀ ਹਮਾਇਤ ਨਹੀਂ ਕਰਦੇ ਜਿਹੜੀ ਕਿਸੇ ਵੀ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਆਪਸ ਵਿਚ ਪਾੜਦੀ ਹੋਵੇ, ਸ਼ੱਕ ਸ਼ਕੂਕ ਪੈਦਾ ਕਰਦੀ ਹੋਵੇ ਤੇ ਪ੍ਰਸਪਰ ਝਗੜਿਆਂ ਦਾ ਕਾਰਨ ਬਣਦੀ ਹੋਵੇ।

"ਜਿਥੋਂ ਤਕ ਭਾਸ਼ਾ ਦੇ ਅਧਾਰ ਉੱਤੇ ਸੂਬਿਆਂ ਦੀ ਰਚਨਾ ਦਾ ਸਵਾਲ ਹੈ ਅਸੀਂ ਉਸ ਦੀ ਹਮਾਇਤ ਕਰਦੇ ਹਾਂ ਪਰ ਜੇ ਏਸੇ ਹੀ ਸਵਾਲ ਨੂੰ ਗ਼ਲਤ ਢੰਗ ਨਾਲ ਤੇ ਹੋਰ ਮਨੋਰਥਾਂ ਨਾਲ ਪੇਸ਼ ਕਰਕੇ ਇਸ ਬਾਰੇ ਦੂਜੀਆਂ ਧਿਰਾਂ ਵਿਚ ਭੁਲੇਖੇ ਪੈਦਾ ਕਰ ਦਿੱਤੇ ਗਏ ਹੋਣ, ਜਿਸ ਨਾਲ ਇਕੋ ਦੇਸ਼ ਇਕੋ ਪ੍ਰਾਂਤ ਵਿਚ ਰਹਿਣ ਵਾਲੇ ਲੋਕਾਂ ਵਿਚ ਇਕ ਦੂਜੇ ਦੇ ਪ੍ਰਤੀ ਸ਼ੱਕ ਤੇ ਡਰ ਦੀ ਭਾਵਨਾ ਪੈਦਾ ਹੁੰਦੀ ਹੋਵੇ ਤਾਂ ਅਸੀਂ ਉਲਾਰ ਦ੍ਰਿਸ਼ਟੀਕੋਣ ਛੱਡਕੇ, ਉਹ ਰਾਹ ਤਲਾਸ਼ ਕਰਨ ਦੇ ਹੱਕ ਵਿਚ ਹਾਂ, ਜਿਸ ਨਾਲ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਕੌਮੀ ਤੇ ਮਜ਼ਹਬੀ ਏਕਤਾ ਨੂੰ ਸੱਟ ਨਾ ਵੱਜੇ।"

ਭਾਰਤੀ ਹੋਰਾਂ ਦੇ ਜੀਵਨ ਵਿਚ ਯਾਤਰਾ ਅਤੇ ਵਿਸ਼ੇਸ਼ ਕਰਕੇ ਪਰਬਤ ਯਾਤਰਾ ਨਾਲ ਗੂੜ੍ਹਾ ਲਗਾਓ ਸੀ। ਉਹ ਪ੍ਰਤੱਖ ਨੂੰ ਪ੍ਰਮਾਣ ਨਹੀਂ ਦੇ ਅਸੂਲ ਦੇ ਧਾਰਨੀ ਸਨ। ਮੈਂ ਉਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕਾਨੂੰਨ ਵਿਭਾਗ ਦਾ ਵਿਦਿਆਰਥੀ ਸਾਂ। ਕਾ. ਜਸਵੰਤ ਸਿੰਘ ਜੋਸ਼ ਹੋਰਾਂ ਦਾ ਉਹ ਆਖਰੀ ਸਾਲ ਸੀ ਕਾਨੂੰਨ ਵਿਚ ਤੇ ਮੇਰਾ ਪਹਿਲਾ। ਉਹ ਮੇਰੇ ਤੋਂ ਪਹਿਲਾਂ ਦੇ ਭਾਰਤੀ ਜੀ ਦੇ ਪ੍ਰਸ਼ੰਸਕ ਸਨ ਦਿੱਲੀ ਉਹਨਾਂ ਪਾਸ ਕਾਫੀ ਸਮਾਂ ਰਹਿੰਦੇ ਰਹੇ ਸਨ ਅਤੇ ਉਹ ਹੁਣ ੧੯ ਸੈਕਟਰ ਵਿਚ ਹਰਚਰਨ ਸਿੰਘ ਨਿਰਮਾਣ ਕੋਲ ਰਹਿ ਰਹੇ ਸਨ, ਉਹ ਵੀ ਭਾਰਤੀ ਜੀ ਦੇ ਮਿੱਤਰ ਸਨ। ੨੫ ਜਨਵਰੀ ੧੯੭੧ ਦੀ ਸ਼ਾਮ ਨੂੰ ਭਾਰਤੀ ਜੀ ਚੰਡੀਗੜ੍ਹ ਆਏ ਅਤੇ ਸਾਨੂੰ ਵੀ ਨਾਲ ਤੋਰ ਲਿਆ ਕਿ ਸ਼ਿਮਲੇ ਵਿਚ ਬਰਫ ਪੈ ਰਹੀ ਹੈ। ੨੬ ਜਨਵਰੀ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹਿਮਾਚਲ ਨੂੰ ਪੂਰੇ ਰਾਜ ਦਾ ਦਰਜਾ ਦੇ ਕੇ ਮੁੜ ਰਹੇ ਸਨ। ਅਸਾਂ ਸ਼ਿਮਲੇ ਨੂੰ ਜਾ ਰਹੀ ਆਪਣੀ ਬੱਸ ਵਿਚੋਂ ਉਹਨਾਂ ਦੇ ਪਲੇਠੇ ਦਰਸ਼ਨ



Namdhari Elibrary NamdhariElibrary@gmail.com

ਕੀਤੇ। ਪਹਿਲਾਂ ਇਕ ਹੋਟਲ ਵਿਚ ਟਿਕੇ। ਫਿਰ ਇਕ ਰਾਤ ਗੁਰਦੁਆਰੇ ਵੀ ਕੱਟੀ। ਦੋਵੇਂ ਦਿਨ ਕਿਣ-ਮਿਣ ਹੁੰਦੀ ਰਹੀ। ਬਰਫ ਪੈਂਦੀ ਵੇਖਣ ਦੀ ਰੀਝ ਕਿਸੇ ਅਗਲੇ ਸਮੇਂ ਤੇ ਪਾ ਕੇ ਮੁੜ ਆਏ। ਪਰ ਇਹਨਾਂ ਦੋਹਾਂ ਤਿੰਨਾਂ ਦਿਨਾਂ ਵਿਚ ਭਾਰਤੀ ਜੀ ਦੇ ਨਿੱਘੇ ਸੁਭਾਅ ਤੇ ਮਿਲਾਪੜੀ ਸ਼ਖਸੀਅਤ ਦੇ ਦਰਸ਼ਨ ਨੇੜਿਉਂ ਹੋ ਕੇ ਕਰਨ ਦਾ ਮੌਕਾ ਮਿਲਿਆ। ਉਹ ਫੈਸਲਾ ਕਰਨ ਲੱਗੇ ਵੀ ਚਿਰ ਨਹੀਂ ਸਨ ਲਾਉਂਦੇ। ਇਹ ਠੀਕ ਹੈ ਇਥੇ ਟਿਕ ਜਾਈਏ। ਨਹੀਂ ਠੀਕ ਤਾਂ ਚੱਲੋ ਅਗਲੀ ਭਾਲ ਵਿਚ ਨਿਕਲੀਏ। ਅਸੀਂ ਉਹਨਾਂ ਨਾਲੋਂ ਉਮਰ ਵਿਚ ਭਾਵੇਂ ਚੌਥਾਈ ਸਦੀ ਛੋਟੇ ਸਾਂ ਪਰ ਆਪਣੇ ਵਰ੍ਹਿਆਂ ਤੇ ਇਕ ਸਥਾਪਿਤ ਲੇਖਕ, ਪੱਤਰਕਾਰ ਵਾਲੇ ਰੁਤਬੇ ਦਾ ਰੋਅਬ ਉਹ ਹਮਸਫਰਾਂ ਤੇ ਪਾਉਣ ਦੇ ਆਦੀ ਨਹੀਂ ਸਨ। ਇਸ ਤੋਂ ਬਾਅਦ ਖਤਾਂ ਪੱਤਰਾਂ ਦੀ ਸਾਂਝ ਬਣੀ ਰਹੀ। ਇਹ ਜਾਣਕੇ ਕਿ ਮੈਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਹਾਂ ਜਾਂ ਹੋਣ ਵਾਲਾ ਹਾਂ ਉਹਨਾਂ ਨੇ ਇਸ ਬਿਖਮ ਮਾਰਗ ਦੀਆਂ ਅਉਕੜਾਂ ਬਾਰੇ, ਤਦੋਕੀ ਵਿਸ਼ਵ ਪ੍ਰਸਥਿਤੀ ਦੇ ਸਬੰਧ ਵਿਚ ਇਕ ਲੰਮਾ ਖਤ ਮੈਨੂੰ ਲਿਖਿਆ ਜੋ ਮੇਰੇ ਪਾਸ ਅਜੇ ਵੀ ਸਾਂਭਿਆ ਪਿਆ ਹੈ।

ਫਿਰ ਲੰਮਾ ਸਮਾਂ ਭਾਰਤੀ ਜੀ ਦੇ ਦਰਸ਼ਨਾਂ ਦਾ ਸਬਬ ਨਾ ਬਣਿਆ। 'ਨਵਾਂ ਹਿੰਦੁਸਤਾਨ' ਚਿਰੋਕਣਾ ਬੰਦ ਹੋ ਚੁੱਕਾ ਸੀ। ਜੋਸ਼ ਜੀ ਤੋਂ ਪਤਾ ਲਗਦਾ ਰਹਿੰਦਾ ਕਿ ਉਹ ਹਰੀ ਨਗਰ ਦਿੱਲੀ ਵਿਚ ਰਹਿੰਦੇ ਹਨ। ਹੋਮਿਓਪੈਥੀ ਦੀ ਆਪਣੀ ਦੁਕਾਨ ਚਲਾਉਂਦੇ ਹਨ ਤੇ ਪਠਨ-ਪਾਠਨ ਵਿੱਚ ਰੁੱਝੇ ਰਹਿੰਦੇ ਹਨ। ਇਸ ਸਮੇਂ ਦੌਰਾਨ ਉਹਨਾਂ ਦੀਆਂ ਕਈ ਖੂਬਸੂਰਤ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਹੋਰਾਂ ਦੁਆਰਾ ਸੰਪਾਦਿਤ 'ਨਾਗਮਣੀ' ਵਿਚ ਪੜ੍ਹਨ ਨੂੰ ਮਿਲਦੀਆਂ। ਜ਼ਿਆਦਾ ਕਹਾਣੀਆਂ ਪਹਾੜੀ ਜਨ-ਜੀਵਨ ਬਾਰੇ ਹੁੰਦੀਆਂ। ਇਕ ਕਹਾਣੀ ਵਿਚ ਉਨ੍ਹਾਂ ਲਿਖਿਆ ਸੀ ਕਿ ਪਹਾੜ ਵਿਚ ਤਿੰਨ ਡਬਲਿਯੂ ਐਸੇ ਨੇ ਜਿਨ੍ਹਾਂ ਤੋਂ ਸੁਚੇਤ ਰਹਿਣਾ ਪੈਂਦਾ ਹੈ। ਵੇਅ (ਰਸਤਾ), ਵੈਦਰ (ਮੌਸਮ) ਤੇ ਵੂਮੇਨ (ਔਰਤ)। ਆਪਣੇ ਨਿਜੀ ਜੀਵਨ ਵਿਚ ਵੀ ਇਸ ਸੁਚੇਤ ਬਿਰਤੀ ਕਾਰਨ ਹੀ ਉਹਨਾਂ ਏਕਾਕੀ ਜੀਵਨ ਪਸੰਦ ਕੀਤਾ। ਇਹ ਵੱਖਰੀ ਗੱਲ ਹੈ ਕਿ ਰੰਗਾਂ ਸੁਗੰਧਾਂ ਦੀ ਦੁਨੀਆਂ ਤੇ ਛਾ ਜਾਣ ਵਾਲੇ ਕੁਝ ਲੋਕਾਂ ਦਾ ਸਾਥ ਉਹਨਾਂ ਨੂੰ ਅੱਲ੍ਹੜ ਵਰੇਸ ਵਿਚ ਹੀ ਮਿਲ ਗਿਆ ਸੀ। ਬਾਅਦ ਵਿਚ ਇਕ ਖਲਾਅ ਉਹਨਾਂ ਦੀ ਹੋਂਦ ਵਿਚ ਜਿਵੇਂ ਹਾਜ਼ਰ ਰਹਿੰਦਾ। ਇਸ ਸਦੀਵੀ ਤਲਾਸ਼ ਭਟਕਣ ਦੇ ਵਿਸਮਾਦੀ ਰੰਗ ਵਿਚ ਹੀ ਉਹਨਾਂ ਨੇ ਜ਼ਿੰਦਗੀ ਨੂੰ ਇਸਦੇ ਅਸਲੀ ਅਰਥਾਂ ਵਿੱਚ ਸਮਝਣ ਦਾ ਵੱਲ ਸਿਖਿਆ। ਆਪਣੀ ਜ਼ਿੰਦਗੀ ਦਾ ਮਨੋਰਥ ਤਲਾਸ਼ਦਿਆਂ ਹੀ ਕਮਿਊਨਿਸਟ ਪਾਰਟੀ ਦੇ ਕੁਲ ਵਕਤੀ ਜੀਵਨ ਤੋਂ ਫਿਰ ਆਪਣੇ ਮੂਲ ਨਾਮਧਾਰੀ ਪੰਥ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜਕੇ ਉਹ ਸਰਬੱਤ ਦੇ ਭਲੇ ਅਤੇ ਲੋਕ ਮੰਗਲ ਦੀ ਜਨ ਕਲਿਆਣਕਾਰੀ ਭਾਵਨਾ ਨਾਲ ਓਤਪੋਤ ਰਹੇ। ਸਤਿਗੁਰੂ ਜਗਜੀਤ ਸਿੰਘ ਦੇ ਵਰਦ ਹਸਤ ਤੇ ਮੁਹੱਬਤ ਨਾਲ ਸ਼ਰਸ਼ਾਰ ਹੋਇਆ ਇਹ ਲੇਖਕ, ਮਾਰਕਸ, ਗਾਂਧੀ, ਵਿਨੋਬਾ ਭਾਵੇ, ਰਵਿੰਦਰ ਨਾਲ ਟੈਗੋਰ ਤੇ ਸਤਿਗੁਰੂ ਰਾਮ ਸਿੰਘ ਨੂੰ ਆਪਣੇ ਚਿੰਤਨ ਦੇ ਕੇਂਦਰੀ ਬਿੰਦੂ ਮਿਥਦਾ ਸੀ। ਪੰਜਾਬੀ ਲੇਖਕਾਂ ਵਿੱਚੋਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮਨ ਮੰਦਰ ਵਿੱਚ ਨਵੀਂ ਰੋਸ਼ਨੀ ਭਰ ਦਿਤੀ। ਨਾਨਕ ਸਿੰਘ ਨਾਵਲਿਸਟ ਦੇ ਬਹੁਤੇ ਪਾਤਰਾਂ ਵਿਚੋਂ ਉਹ ਖੁਦ.ਨੂੰ ਲੱਭਣ ਦੀਆਂ ਕੋਸ਼ਿਸ਼ਾਂ ਕਰਦਾਂ ਰਹਿੰਦਾ। ਵਿਕਟਰ ਹਿਊਗੋ, ਗੋਰਕੀ ਤੇ ਡਿਕਨਜ਼ ਪੰਜਾਬੀ ਵਿੱਚ ਅਨੁਵਾਦਿਤ ਹੋਏ ਪੜ੍ਹੇ ਗਏ। ਪ੍ਰਭਾਕਰ ਮਾਚਵੇ, ਨਾਗਅਰਜੁਨ, ਅੰਮ੍ਰਿਤਾ ਪ੍ਰੀਤਮ, ਸ੍ਰ. ਸੋਭਾ ਸਿੰਘ ਆਰਟਿਸਟ, ਭਾਪਾ ਪ੍ਰੀਤਮ ਸਿੰਘ ਆਦਿ ਦੀ ਸੰਗਤ ਸਾਥ ਨੇ ਵੀ ਉਹਨਾਂ ਨੂੰ ਮੁੜ ਮੁੜ ਤਰਾਸ਼ਿਆ ਅਤੇ ਮਨੁੱਖ ਹਿੱਤੂ ਚਿੰਤਨ ਵਿੱਚ ਹੋਰ ਪਰਪੱਕ ਕੀਤਾ। ਉਹ ਆਚਾਰੀਆ ਰਜਨੀਸ਼ ਦੀਆਂ ਵਿਆਖਿਆਵਾਂ ਦਾ ਵੀ ਪ੍ਰਭਾਵ ਕਬੂਲਦੇ ਸਨ ਅਤੇ ਹਰਦਵਾਰ ਦੇ ਸਵਾਮੀ ਮ੍ਰਿਤਯੂੰਜਯ ਤੋਂ ਅਰਵਿੰਦ ਸਾਹਿਤ ਸਮਝਣ ਲਈ ਸਾਧਨਾ ਦੇ ਮਾਰਗ ਦਾ ਸਫਰ ਵੀ ਕੀਤਾ, ਪ੍ਰਾਣਯਾਮ ਵੀ ਸਿੱਖਿਆ। ਸ਼ਾਂਤੀ ਨਿਕੇਤਨ ਦੀ ਯਾਤਰਾ ਦੇ ਸਾਰਥਕ ਪ੍ਰਭਾਵਾਂ ਦਾ ਵੇਰਵਾ ਉਹਨਾਂ ਦੀ ਪੁਸਤਕ "ਮੈਂ ਅਜੇ ਵਾਪਸ ਨਹੀਂ ਆਇਆ" ਵਿੱਚ ਮਿਲਦਾ ਹੈ। ਉਥੇ ਸ੍ਰੀ ਸੁਧੀ ਰੰਜਨ ਦਾਸ ਨੇ ਜੋ ਨਿਆਂਇਕ ਜੀਵਨ ਤੋਂ ਸੇਵਾ ਮੁਕਤ ਹੋ ਏਥੇ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ, ਸਨੇਹ ਦਾ ਪਾਤਰ ਬਣਾਈ ਰੱਖਿਆ। ਹਰ ਤਾੜਨ ਵਾਲੀ ਅੱਖ ਆਪਣੇ ਕੰਮ ਵਾਲਿਆਂ ਨੂੰ ਭਾਲ ਲੈਂਦੀ ਹੈ।

ਹੁਣ ਵਰਿਆਮ ਵਿੱਚ ਛਪਣ ਵਾਲੇ ਯਾਤਰਾ ਸੰਸਮਰਣਾ, ਲੇਖਾਂ ਆਦਿ ਵਿਚੋਂ ਉਹਨਾਂ ਦੇ ਦਰਸ਼ਨ ਹੁੰਦੇ ਸਨ। ਮੈਂ ੧੯੯੨ ਈ. ਵਿੱਚ ਹੈਦਰਾਬਾਦ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦਾ ਮੈਂਬਰ ਚੁਣਿਆ ਗਿਆ। ਇਸ ਲਈ ਪਾਰਟੀ ਦੇ ਕੇਂਦਰੀ ਦਫਤਰ ਅਜੇ ਭਵਨ, ਨਵੀਂ ਦਿੱਲੀ ਤਿੰਨ ਚਾਰ ਮਹੀਨਿਆਂ ਵਿੱਚ ਇਕ ਗੇੜਾ ਲੱਗਦਾ। ਇਸੇ ਸਾਲ ਦੇ ਸਿਤੰਬਰ ਮਹੀਨੇ ਵਿੱਚ ਸ੍ਰੀ ਪ੍ਰੀਤਮ ਸਿੰਘ ਕਵੀ ਹੋਰਾਂ ਦੇ ਘਰ ਦਿੱਲੀ ਵਿਖੇ ਹੀ, ਮਾਸਟਰ ਨਿਹਾਲ ਸਿੰਘ ਜੀ, ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਹਿਸਟੋਰੀਅਨ, ਐਸ.ਐਸ ਮਨਧੀਰ, ਕਵੀ ਪੁੱਤਰ ਮਨਧੀਰ ਸਿੰਘ ਅਤੇ ਦਿੱਲੀ ਦੇ ਕੁਝ ਹੋਰ ਸਿੰਘਾਂ ਨਾਲ ੩-੪ ਘੰਟੇ ਦੀ ਲੰਮੀ ਗੋਸ਼ਟ ਭਾਰਤੀ ਜੀ ਨਾਲ ਹੋਈ। ਸੋਵੀਅਤ ਸਮਾਜਵਾਦੀ ਖੇਮੇ ਟੁੱਟਣ ਤੋਂ ਬਾਅਦ ਬਦਲਦੇ ਸੰਸਾਰ ਨਕਸ਼ੇ ਦੇ ਸਬੰਧ ਵਿੱਚ ਛੋਟੀਆਂ ਕੌਮੀਅਤਾਂ ਦੀ ਪਛਾਣ ਦੇ ਮਸਲੇ ਵੀ ਉੱਭਰੇ ਤੇ ਸਾਂਝੀਵਾਲਤਾ ਵਾਲੇ ਵਿਸ਼ਵ ਪ੍ਰਬੰਧ ਦੇ ਮੁੜ ਜੋੜ੍ਹ ਹੋਣ ਦੀਆਂ ਕਿਆਸਅਰਾਈਆਂ ਵੀ ਲੱਗੀਆਂ। ਭਾਰਤੀ ਜੀ ਦੀ ਮਸਲਿਆਂ ਦੀ ਸਮਝ, ਵਿਸ਼ਲੇਸ਼ਣ ਪੱਧਤੀ ਅਤੇ ਨਿਰਣੇ ਤੇ ਪਹੁੰਚਣ ਦੀ ਯੋਗਤਾ ਕਾਇਲ ਕਰਨ ਵਾਲੀ ਸੀ। ਮੈਂ ਇਸ ਮੀਟਿੰਗ ਦੁਆਰਾ ਪਿਛਲੇ ਵੀਹ ਸਾਲਾਂ ਤੋਂ ਨਾਮਧਾਰੀ ਸਮਾਜ ਵਿੱਚ ਹੋਏ ਵਿਕਾਸ ਦੀ ਉਸ ਦੀਆਂ ਸਾਹਿਤਕ ਇਤਿਹਾਸਕ ਪ੍ਰਾਪਤੀਆਂ ਦੀ



Namdhari Elibrary NamdhariElibrary@gmail.com

ਤਸਵੀਰ ਵੇਖਣੀ ਚਾਹੁੰਦਾ ਸਾਂ ਤੇ ਹਾਜ਼ਿਰ ਸੱਜਣਾਂ ਵਿਚੋਂ ਕੁਝ ਮੇਰੀ ਕਮਿਊਨਿਸਟ ਨਿਸ਼ਚੇ ਦੀ ਅਡੋਲਤਾ ਵੀ ਪਰਖਣੀ ਚਾਹੁੰਦੇ ਸਨ। ਪਰ ਮੇਰਾ ਇਹ ਅਨੁਭਵ ਹੈ ਕਿ ਕੋਈ ਵੀ ਕਮਿਊਨਿਸਟ, ਸਤਿਗੁਰੂ ਰਾਮ ਸਿੰਘ ਦੀ ਸੰਗਤ ਵਿੱਚ ਆ ਕੇ ਆਪਣੇ ਆਪ ਨੂੰ ਸਹਿਜ ਹੀ ਮਹਿਸੂਸ ਕਰਦਾ ਹੈ। ਇਸੇ ਲਈ ਜਦੋਂ ਕਦੇ ਮੈਂ ਕਹਿਣਾ ਭਾਰਤੀ ਜੀ ਤੁਸੀਂ ਕਮਿਊਨਿਸਟ ਪਾਰਟੀ ਵਿੱਚ ਵੀ ਰਹੇ ਓ ਤਾਂ ਉਹਨਾਂ ਬੜੇ ਸਨੇਹ ਨਾਲ ਕਹਿਣਾ "ਯਾਰ! ਤੂੰ ਮੈਨੂੰ ਹੁਣ ਕਮਿਊਨਿਸਟ ਨਹੀਂ ਸਮਝਦਾ।" ਕਵੀ ਪ੍ਰੀਤਮ ਸਿੰਘ ਜੀ ਦੇ ਚਲਾਣੇ ਤੇ ਉਹਨਾਂ ਆਪਣੀ ਸ਼ਰਧਾਂਜਲੀ ਵਿੱਚ ਆਪਣੇ ਵਿਛੜੇ ਮਿੱਤਰ ਨੂੰ "ਨਾਮਧਾਰੀ ਪਹਿਰਾਵੇ ਵਾਲੇ ਕਮਿਊਨਿਸਟ" ਦੀ ਹੀ ਸੰਗਿਆ ਦਿਤੀ ਸੀ ਅਤੇ ਉਹਨਾਂ ਨੂੰ "ਪੱਕਾ ਕਮਿਊਨਿਸਟ" ਤੇ "ਪੱਕਾ ਨਾਮਧਾਰੀ" ਗਰਦਾਨਿਆ ਸੀ।

ਫਿਰ ਜਦੋਂ ਕਦੇ ਮੈਂ ਦਿਲੀਉਂ ਫੋਨ ਕਰਦਾ ਤਾਂ ਉਹਨਾਂ ਆਦੇਸ਼ ਦੇਣਾ ਕਿ ਚਲੇ ਆਓ ਮੈਂ ਉਡੀਕ ਰਿਹਾ ਹਾਂ। ਮੈਂ ਫੋਨ ਤੇ ਹੀ ਹਰ ਵਾਰ ਉਹਨਾਂ ਨੂੰ ਰਾਹ ਪੁੱਛਦਾ ਤੇ ਜਦੋਂ ਦਿੱਲੀ ਦੀ ਵੱਡੀ ਜੇਹਲ ਦੀਆਂ ਉੱਚੀਆਂ ਉੱਚੀਆਂ ਕੰਧਾਂ ਕੋਲੋਂ ਰਿਕਸ਼ਾ ਲੰਘਦੀ ਤਾਂ ਮੈਂ ਸਮਝ ਲੈਂਦਾ ਕਿ ਹੁਣ ਟਿਕਾਣਾ ਨੇੜੇ ਹੀ ਹੈ। ਤੇ ਭਾਰਤੀ ਜੀ ਆਪਣੇ ਘਰ ਤੋਂ ਵਾਹਵਾ ਉਰਾਂਹ ਆਪਣੇ ਵਿਸ਼ਾਲ ਹਿਰਦੇ ਤੇ ਖੁੱਲੀਆਂ ਬਾਹਾਂ ਨਾਲ ਸੁਆਗਤ ਕਰਨ ਵਾਸਤੇ ਆ ਰਹੇ ਹੁੰਦੇ ਕਿ ਕਿਤੇ ਆਉਣ ਵਾਲਾ ਖੁੰਝ ਨਾ ਜਾਏ। ਉਹ ਹਰ ਵਾਰ ਮਿਲਣ ਤੇ ਬੜੇ ਪਰਸੰਨ ਹੁੰਦੇ ਅਤੇ ਫਿਰ ਬਚਨ ਬਲਾਸ ਦਾ ਅਜੇਹਾ ਦੌਰ ਚੱਲਦਾ ਕਿ ਅਕਸਰ ਹੀ ਰਾਤ ਦੇ ਦੋ ਵੱਜ ਜਾਂਦੇ ਸਨ। ਪਰਸ਼ਾਦੇ ਪਾਣੀ ਤੋਂ ਬਾਦ ਉਹ ਆਪਣੇ ਸੇਵਕ ਮੰਗਲ ਨੂੰ ਇੱਕ ਅੱਧੀ ਵੇਰ ਚਾਹ ਛਕਾ ਕੇ ਸੌਣ ਲਈ ਭੇਜ ਦਿੰਦੇ ਅਤੇ ਸਾਡੀਆਂ ਗੱਲਾਂ ਹੁੰਦੀਆਂ ਕਿ ਮੁਕਣ ਵਿੱਚ ਨਾਂ ਆਉਂਦੀਆਂ। ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਤੋਂ ਹੋਕੇ ਹੋਰ ਭਖਦੇ ਪੰਥਕ ਮਸਲਿਆਂ ਬਾਰੇ ਵਿਚਾਰਾਂ ਵੀ ਚਲਦੀਆਂ ਅਤੇ ਵਿੱਚ ਵਿੱਚ ਉਹ "ਵਰਿਆਮ" ਵਿੱਚ ਛਪੀ ਮੇਰੀ ਕਿਸੇ ਰਚਨਾਂ ਦੀ ਚਰਚਾ ਵੀ ਕਰ ਜਾਂਦੇ। ਉਹ ਬਹੁਤ ਗੰਭੀਰ ਪਾਠਕ ਸਨ। ਆਪਣੇ ਤੋਂ ਛੋਟੇ ਲੇਖਕਾਂ ਦਾ ਮਾਰਗ ਦਰਸ਼ਨ ਕਰਨਾ ਉਹਨਾਂ ਦਾ ਸੁਭਾਅ ਸੀ। ਚੱਕਰਵਰਤੀ ਹੋਰਾਂ ਬਾਰੇ ਮੇਰਾ ਆਰਟੀਕਲ ਛਪਿਆ ਤਾਂ ਕਹਿਣ ਲੱਗੇ ਕਿ ਹੁਣ ਆਲਮ ਜੀ ਬਾਰੇ ਵੀ ਲਿਖ। ਪੰਜਾਬ ਵਿੱਚ ਚੱਲਣ ਵਾਲੀਆਂ ਸਾਰੀਆਂ ਹੀ ਲੋਕ ਲਹਿਰਾਂ ਦੇ ਸੰਦਰਭ ਵਿੱਚ ਹੀ ਉਹ ੧੯੨੧-੨੨ ਈ. ਤੋਂ ਸ਼ੁਰੂ ਹੋਏ ਅਕਾਲੀ-ਕੂਕਾ-ਦਵੰਦ ਬਾਰੇ ਵੀ ਜਾਨਦਾਰ ਚਰਚਾ ਕਰਦੇ। ਪੁਸਤਕ "ਸਤਿਗੁਰੂ ਤਿਸਕਾ ਨਾਉ" ਵਿੱਚ ਉਹਨਾਂ ਨਾਮਧਾਰੀ ਸਿੱਖਾਂ ਦੀ ਦੇਹਧਾਰੀ ਗੁਰੂ ਦੀ ਲੋੜ ਨੂੰ ਠੋਸ ਸੰਕਲਪ ਪ੍ਰਦਾਨ ਕੀਤੇ ਅਤੇ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿੱਚ ਹੀ ਵੰਡਦੇ ਸਨ—ਇਕ ਗੁਰੂ ਵਾਲੇ ਸਿੱਖ ਅਤੇ ਦੂਸਰੇ ਗੁਰੂ ਤੋਂ ਬਿਨਾਂ ਸਿੱਖ। ਪੰਜਾਬ ਦੇ ਸਿਆਸੀ ਹਾਲਾਤ ਬਾਰੇ ਜੋ ਪੇਸ਼ੀਨਗੋਈਆਂ ਉਹਨਾਂ ੨੫-੩੦ ਸਾਲ ਪਹਿਲਾਂ ਕੀਤੀਆਂ ਸਨ ਉਹ ਤਕਰੀਬਨ ਪੂਰੀਆਂ ਉਤਰੀਆਂ।

ਭਾਰਤੀ ਜੀ ਗੁਰਬਾਣੀ ਤੇ ਆਧਾਰਿਤ ਅਧਿਆਤਮਵਾਦ ਅਤੇ ਵਿਗਿਆਨਕ ਤਾਰਕਿਕ ਦ੍ਰਿਸ਼ਟੀ ਦਾ ਸੁਮੇਲ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਉਹਨਾਂ ਦਾ ਹਿੰਦੂ ਮਿਥਿਹਾਸ, ਸਿੱਖ ਇਤਿਹਾਸ, ਭਾਰਤ ਅਤੇ ਵਿਸ਼ਵ ਇਤਿਹਾਸ ਦਾ ਗਹਿਨ ਅਧਿਐਨ ਸੀ। ਯੋਗ ਸਾਧਨਾ ਤੰਤਰ ਵਿੱਦਿਆ ਜਹੀਆਂ ਗੈਰ ਵਿਗਿਆਨਕ ਚਿੰਤਨ ਪੱਧਤੀਆਂ ਵਿੱਚ ਵੀ ਉਹਨਾਂ ਦੀ ਡੂੰਘੀ ਦਿਲਚਸਪੀ ਸੀ। ਦਸ ਸਾਲ ਪਹਿਲਾਂ ਪਏ ਦਿਲ ਦੇ ਦੌਰੇ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਿਮਾਰਦਾਰੀ ਸਦਕਾ ਉਹ ਨੌ-ਬਰ-ਨੌ ਹੋ ਗਏ ਸਨ। ਇਹਨਾਂ ਦਸਾਂ ਸਾਲਾਂ ਵਿੱਚ ਹੀ ਉਹਨਾਂ ਨੇ "ਦਸਮ ਗਰੰਥ ਵਿੱਚ ਕੁੰਡਲਨੀ ਤੱਤ" ਜਹੀ ਗਹਿਰ ਗੰਭੀਰ ਰਚਨਾ ਅਤੇ ਹੋਰ ਕਈ ਹਲਕੇ ਫੁਲਕੇ ਨਿਬੰਧ ਵੀ ਲਿਖੇ। "ਸਤਿਜੁਗ" ਜਦੋਂ ਦਿੱਲੀ ਪਹੁੰਚ ਗਿਆ ਤਾਂ ਪਹਿਲਾਂ ਪਹਿਲ ਉਹਨਾਂ ਦੇ ਜਿੰਮੇ ਲਿਖਣ ਦੀ ਸੇਵਾ ਰਹੀ। ਉਦੋਂ ਸੋਵੀਅਤ ਸੰਘ ਦੇ ਕਮਿਊਨਿਸਟ ਆਗੂ ਗੋਰਬਾਚੋਫ ਦੀ ਉਹਨਾਂ ਭਗਵਾਨ ਕ੍ਰਿਸ਼ਨ ਨਾਲ ਤੁਲਨਾ ਕੀਤੀ ਸੀ ਕਿ ਵਿਸ਼ਵ ਯੁੱਧ ਤੋਂ ਮੋੜ ਕੱਟ ਲੈਣ ਵਾਲਾ ਕੋਈ ਵੀ ਕਾਰਜ ਭਾਵੇਂ ਇਕ ਸਥਾਪਿਤ ਪ੍ਰਬੰਧ ਦੀ ਕੁਰਬਾਨੀ ਵੀ ਮੰਗ ਰਿਹਾ ਸੀ, ਮਹਿੰਗਾ ਸੌਦਾ ਨਹੀਂ ਸੀ, ਲੱਖਾਂ ਜਾਨਾਂ ਦੀ ਹੋਣੀ ਦੇ ਸਾਹਵੇਂ।

ਉਹਨਾਂ ਤੇ ਸਤਿਗੁਰੂ ਜੀ ਦਾ ਸਨੇਹ ਅੰਤ ਸਮੇਂ ਤਕ ਬਣਿਆ ਰਿਹਾ। ਉਹ ਲਿਖਦੇ ਹਨ ਕਿ ਮੈਨੂੰ ਮੇਰੇ ਸਾਰੇ ਹੀ ਵਿਸ਼ਵਾਸਾਂ ਸਮੇਤ ਆਪ ਪਰਵਾਨ ਕਰ ਲੈਂਦੇ ਹਨ। ਇਹੀ ਉਹਨਾਂ ਦੀ ਮਹਾਨਤਾ ਹੈ। ਐਤਕੀਂ ਹੋਲੇ ਤੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਸੱਦੇ ਤੇ ਭਾਰਤੀ ਜੀ ੮ ਮਾਰਚ ਨੂੰ ਆਏ ਸਨ ਅਤੇ ਦੁਪਹਿਰ ਬਾਦ ਦੀ ਦੀਵਾਨ ਵਿੱਚ ਉਹਨਾਂ ਨੂੰ 'ਸਾਹਿਤ ਮਾਰਤੰਡ' ਪੁਰਸਕਾਰ ਨਾਲ ਅਲੰਕਰਿਤ ਕੀਤਾ ਗਿਆ ਸੀ। ਉਹਨਾਂ ਦੇ ਸ੍ਰੀ ਭੈਣੀ ਸਾਹਿਬ ਪੁੱਜਣ ਤੋਂ ਦੋ ਕੁ ਘੰਟੇ ਪਹਿਲਾਂ ਮੈਂ ਉਥੋਂ ਕਰੀਵਾਲੇ ਨੂੰ ਚੱਲ ਪਿਆ ਸਾਂ ਕਿ ਇਸ ਸਨਮਾਨ ਦੀ ਚਰਚਾ ਭਾਰਤੀ ਜੀ ਨਾਲ ਕਿਸੇ ਦਿੱਲੀ ਫੇਰੀ ਸਮੇਂ ਸਾਂਝੀ ਕਰ ਲਵਾਂਗੇ। ਤੇ ਜੇ ਇਹ ਪਤਾ ਹੁੰਦਾ ਕਿ ਬੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਇਹ ਤਿਰਮੂਰਤੀ ਆਪਣੀ ਲੀਲ੍ਹਾ ਸਮੇਟਣ ਵਾਲੀ ਹੈ ਤਾਂ ਮੈਂ ਵਾਪਸੀ ਸਫਰ ਨੂੰ ਹੋਰ ਦੋ ਪਹਿਰ ਲੇਟ ਕਰ ਲੈਂਦਾ। ੧੫ ਅਪ੍ਰੈਲ ਦੀ ਸ਼ਾਮ ਨੂੰ ਭਾਰਤੀ ਜੀ ਦੇ ਅਕਾਲ ਚਲਾਣੇ ਦੀ ਮਨਹੂਸ ਖਬਰ ਦਿੰਦੀ, ਜਗਦੀਸ਼ ਸਿੰਘ ਵਰਿਆਮ ਹੋਰਾਂ ਦੀ ਫੋਨ ਤੇ ਅਵਾਜ਼ ਦਰਦ ਦੇ ਕਿਸੇ ਡੂੰਘੇ ਖੂਹ ਵਿਚੋਂ ਆਉਂਦੀ ਮਲੂਮ ਹੋ ਰਹੀ ਸੀ। ਸੱਚੀਂ ਅਸੀਂ ਭਾਰਤੀ ਜੀ ਨੂੰ ਗੁਆ ਕੇ ਕਿੰਨੇ ਕੰਗਾਲ ਹੋ ਗਏ ਹਾਂ।

*—ਕਰੀਵਾਲਾ (ਸਿਰਸਾ)*
*੧੭-੪-੨੦੦੪*



Namdhari Elibrary NamdhariElibrary@gmail.com

# ਅਮਰ ਸਿੰਘ ਤੋਂ ਅਮਰ ਭਾਰਤੀ ਤੱਕ ਦਾ ਸਫ਼ਰ

*—ਪ੍ਰੀਤਮ ਸਿੰਘ ਪੰਛੀ*



*ਡਾ. ਅਮਰ ਭਾਰਤੀ*
*ਪੁਰਾਣਾ ਸਰੂਪ*

ਅਮਰ ਭਾਰਤੀ ਨਾਲ ਮੇਰੀ ਪਹਿਲੀ ਮੁਲਾਕਾਤ ੧੯੪੬ ਵਿੱਚ ਹੋਈ ਸੀ। ਮੈਂ ਲਾਹੌਰ ਤੋਂ ਛਪਣ ਵਾਲੇ ਇਕ ਪੰਜਾਬੀ ਸਪਤਾਹਿਕ ਅਖਬਾਰ ਦਾ ਸੰਪਾਦਕ ਸੀ ਅਤੇ ਅਮਰ ਭਾਰਤੀ, ਜੋ ਉਦੋਂ ਅਮਰ ਸਿੰਘ ਨਾਮ ਨਾਲ ਜਾਣੇ ਜਾਂਦੇ ਸਨ, ਉਸ ਅਖਬਾਰ ਵਿੱਚ ਲਿਖਣਾ ਸ਼ੁਰੂ ਕੀਤਾ ਸੀ। ਸਾਡੀ ਉਮਰ ਵਿੱਚ ਜ਼ਿਆਦਾ ਫ਼ਰਕ ਨਹੀਂ ਸੀ। ਮੈਂ ਕੋਈ ੨੨ ਸਾਲ ਦਾ ਹੋਵਾਂਗਾ ਅਤੇ ਅਮਰ ਸਿੰਘ ੧੮ ਦੇ।

ਪਹਿਲੀ ਮੁਲਾਕਾਤ ਅਜੀਬ ਹਾਲਾਤ ਵਿੱਚ ਹੋਈ। ਮੈਨੂੰ ਅੰਗ੍ਰੇਜ਼ ਹਾਕਮਾਂ ਦੀ ਨਜ਼ਰ ਵਿੱਚ ਇਕ ਇਤਰਾਜ਼ਯੋਗ ਲੇਖ ਲਿਖਣ ਕਾਰਨ ਇਕ ਮਹੀਨਾ ਕੈਦ ਦੀ ਸਜ਼ਾ ਹੋ ਗਈ ਸੀ। ਅਤੇ ਮੈਂ ਲਾਹੌਰ ਸੈਂਟਰਲ ਜੇਲ੍ਹ ਵਿੱਚ ਬੰਦ ਸਾਂ। ਇਕ ਦਿਨ ਅਖਬਾਰ ਦੇ ਮਾਲਕ ਬਾਵਾ ਹਰਨਾਮ ਸਿੰਘ ਮੈਨੂੰ ਜੇਲ੍ਹ ਵਿੱਚ ਮਿਲਣ ਆਏ ਤਾਂ ਉਹਨਾਂ ਦੇ ਨਾਲ ਇਕ ਨੌਜੁਆਨ ਵੀ ਸੀ। ਮੈਨੂੰ ਜੇਲ੍ਹ ਦੀ ਡਿਉੜੀ ਵਿੱਚ ਮੁਲਾਕਾਤ ਲਈ ਲਿਜਾਇਆ ਗਿਆ। ਉਸ ਨੌਜੁਆਨ ਨੇ ਆਪਣਾ ਤੁਆਰੁਫ਼ ਆਪ ਹੀ ਕਰਵਾਇਆ ਕਿ ਉਹ ਅਮਰ ਸਿੰਘ ਹੈ ਜੋ 'ਪ੍ਰੇਮ ਸੰਦੇਸ਼' ਸਪਤਾਹਿਕ ਵਿੱਚ ਬਕਾਇਦਾ ਲਿਖਦਾ ਹੈ। ਬਾਅਦ ਵਿੱਚ ਜਲਦੀ ਹੀ ਅਮਰ ਸਿੰਘ 'ਅਮਰ ਭਾਰਤੀ' ਵਿੱਚ ਪਰਵਰਤਿਤ ਹੋ ਗਏ ਸਨ। ਬਾਅਦ ਵਿੱਚ ਇਹ ਪਹਿਲੀ ਮੁਲਾਕਾਤ ਇਕ ਸਥਾਈ ਸੰਪਰਕ ਵਿੱਚ ਬਦਲ ਗਈ। ਅਤੇ ਇਹ ਸੰਪਰਕ ਉਹਨਾਂ ਦੇ ਆਖਰੀ ਦਿਨਾਂ ਤੱਕ ਕਾਇਮ ਰਿਹਾ।

ਅਜੇ ਮੁਸ਼ਕਲ ਨਾਲ ਡੇਢ ਦੋ ਮਹੀਨੇ ਹੋਏ ਹਨ, ਜਦੋਂ ਭੈਣੀ ਸਾਹਿਬ ਹੋਲੇ ਮਹੱਲੇ ਦੇ ਮੌਕੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਮਰ ਭਾਰਤੀ ਜੀ ਨੂੰ ਸਾਹਿਤ ਮਾਰਤੰਡ ਦੀ ਉਪਾਧੀ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ ਸੀ।

ਭੈਣੀ ਸਾਹਿਬ ਤੋਂ ਵਾਪਸ ਆਕੇ ਦੂਜੇ ਤੀਜੇ ਦਿਨ ਮੈਂ ਉਹਨਾਂ ਨੂੰ ਫੋਨ ਕੀਤਾ। ਉਹ ਚੜ੍ਹਦੀ ਕਲਾ ਵਿੱਚ ਸਨ। ਇਹ ਗੱਲ ਚਿਤ ਚੇਤੇ ਵੀ ਨਹੀਂ ਸੀ ਕਿ ਅਤਿਅੰਤ ਸੰਜਮੀ ਵਿਅਕਤੀ ਨੂੰ ਵੀ ਕੋਈ ਅਸਾਧ ਬੀਮਾਰੀ ਅਚਾਨਕ ਆ ਘੇਰੇਗੀ। ਉਸ ਅਸਾਧ ਬੀਮਾਰੀ ਦਾ ਪਤਾ ਵੀ ਨਹੀਂ ਲੱਗ ਸਕਿਆ ਅਤੇ ਦਿਨਾਂ ਵਿੱਚ ਹੀ ਅਮਰ ਭਾਰਤੀ ਸਾਡਾ ਸਾਥ ਛੱਡ ਗਏ।

*ਅਮਰ ਭਾਰਤੀ ਬਹੁ-ਪੱਖੀ ਸ਼ਖਸੀਅਤ ਸਨ। ਉਹ ਜੀਵਨ ਭਰ ਜੀਵਨ ਦੀ ਸਾਰਥਿਕਤਾ ਦੀ ਖੋਜ ਵਿੱਚ ਲੱਗੇ ਰਹੇ। ਅਧਿਆਤਮਿਕਤਾ ਉਹਨਾਂ ਦਾ ਪਹਿਲਾਂ ਵਿਸ਼ਾ ਸੀ। ਅਤੇ ਉਹਨਾਂ ਦੇ ਗਹਿਰ ਗੰਭੀਰ ਚਿੰਤਨ ਨੇ ਸਾਨੂੰ ਕਈ ਮਹੱਤਵ ਪੂਰਨ ਪੁਸਤਕਾਂ ਦਿਤੀਆਂ ਜਿਵੇਂ 'ਸਤਿਗੁਰ ਤਿਸਕਾ ਨਾਓਂ', 'ਸਿਖ ਇਤਿਹਾਸ ਤੇ ਕੂਕੇ', 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਆਦਿ।*

ਅਮਰ ਭਾਰਤੀ ਜੀ ਸਾਹਿਤ ਦੇ ਰਸੀਏ ਵੀ ਸਨ। ਉਹਨਾਂ ਨੇ ਉਸ ਸਮੇਂ ਦੇ ਸਾਹਿਤ ਅਕਾਦਮੀ ਦੇ ਸੈਕਟਰੀ ਡਾ. ਪ੍ਰਭਾਕਰ ਮਾਚਵੇ ਦੀ ਪ੍ਰੇਰਨਾ ਨਾਲ ਬੰਗਲਾ ਭਾਸ਼ਾ ਪੜ੍ਹੀ ਅਤੇ ਉਸਦਾ ਪੂਰਨ ਗਿਆਨ ਪ੍ਰਾਪਤ ਕੀਤਾ। ਬੰਗਲਾ ਸਾਹਿਤ ਨੇ ਅਜਿਹਾ ਪ੍ਰੇਰਿਆ ਕਿ ਉਹਨਾਂ ਨੇ ਦਰਜਨ ਭਰ ਪੁਸਤਕਾਂ ਦੇ ਪੰਜਾਬੀ ਵਿੱਚ ਅਨੁਵਾਦ ਕੀਤੇ, ਜਿਨ੍ਹਾਂ ਦੇ ਲੇਖਕ ਰਵਿੰਦਰ ਨਾਥ ਟੈਗੋਰ, ਤਾਰਾ ਸ਼ੰਕਰ ਬੰਧੋਪਾਧਿਆਏ, ਵਿਭੂਤੀ ਭੂਸ਼ਨ ਬੰਧੋਪਾਧਿਆਏ ਅਤੇ ਬੰਕਿਮ ਚੈਟਰਜੀ ਸਰੀਖੇ ਮਹਾਨਭਾਵ ਸਨ।

ਉਹਨਾਂ ਦੀ ਜ਼ਿੰਦਗੀ ਦਾ ਤੀਜਾ ਪੱਖ ਪ੍ਰਕਿਰਤੀ ਦੇ ਅੰਚਲ ਦਾ ਅਨੰਦ ਮਾਨਣਾ ਸੀ ਜਿਸ ਨੂੰ ਉਹ ਅਧਿਆਤਮਿਕਤਾ ਦਾ ਹੀ ਇਕ ਅੰਗ ਸਮਝਦੇ ਸਨ। ਪਹਾੜਾਂ ਨਾਲ ਉਹਨਾਂ ਨੂੰ ਇਸ਼ਕ ਸੀ। ਕੁੱਲੂ ਮਨਾਲੀ ਤਾਂ ਉਹ ਹਰ ਸਾਲ ਜਾਂਦੇ ਸਨ ਪਰ ਬਾਹਠ ਸਾਲ ਦੀ ਉਮਰ ਵਿੱਚ ਉਹ ਯੂਥ ਹੋਸਟਲ ਦੀ ਲੱਦਾਖ ਅਤੇ ਅਮਰਨਾਥ ਟਰੈਕਿੰਗ ਲਈ ਚੱਲ ਪਏ ਅਤੇ ਜੁਆਨ ਲੜਕੇ ਲੜਕੀਆਂ ਨੂੰ ਪਹਾੜਾਂ ਦੇ ਬਿਖੜੇ ਪੰਧ ਮਾਰ ਕੇ ਹੈਰਾਨੀ ਵਿੱਚ ਪਾ ਦਿਤਾ। ਉਹ ਕਹਿੰਦੇ ਸਨ—ਟਰੈਕਿੰਗ ਦੇ ਬਹਾਨੇ ਉਹਨਾਂ ਦਾ ਕਾਇਆ ਕਲਪ ਹੁੰਦਾ ਹੈ। ਉਹਨਾਂ ਦੀ ਸੰਜੀਵਨੀ ਹੀ ਪਹਾੜਾਂ ਦੀ ਯਾਤਰਾ ਸੀ।

*ਅਮਰ ਭਾਰਤੀ ਜੀ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਜੋ ਇਰਾਦਾ ਕਰਦੇ ਸਨ ਉਸਤੇ ਪੂਰੇ ਉਤਰਦੇ ਸਨ। ਕਈ ਲੋਕਾਂ ਨੂੰ ਉਹਨਾਂ ਦਾ ਅੱਖੜਪੁਣਾ ਰਾਸ ਨਹੀਂ ਸੀ ਆਉਂਦਾ ਪਰ ਜਿੱਥੋਂ ਤੱਕ ਮੈਂ ਉਹਨਾਂ ਨੂੰ ਸਮਝ ਸਕਿਆ, ਉਹ ਅੰਦਰੋਂ ਖਿੜੇ ਕੋਮਲ ਭਾਵੀ ਸਨ।*

ਅਮਰ ਸਿੰਘ ਤੋਂ ਅਮਰ ਭਾਰਤੀ ਤੱਕ ਦਾ ਸਫਰ ਬੌਧਿਕ, ਅਧਿਆਤਮਿਕ ਅਤੇ ਇਤਿਹਾਸਕ ਪੱਖ ਤੋਂ ਬੜਾ ਮਹੱਤਵ ਪੂਰਨ ਹੈ। ਉਹਨਾਂ ਦੇ ਸਾਹਿਤ ਪਿਛੇ ਸਭਿਆਚਾਰਕ ਖੇਤਰ ਵਿਚਲੇ ਯੋਗਦਾਨ ਨੂੰ ਸਦਾ ਸਦਾ ਯਾਦ ਰਖਿਆ ਜਾਵੇਗਾ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

# Namdhari Sales

10240/54, Library Road, Azad Market, Delhi-110006





Namdhari Elibrary NamdhariElibrary@gmail.com

# ਭਾਰਤੀ ਜੀ ਮਹਾ-ਪ੍ਰਸਥਨ ਕਰਦਿਆਂ

*—ਸਰਬ ਸ਼ਕਤੀ ਮਾਨ ਸਿੰਘ*

*ਸ. ਸਰਬ ਸ਼ਕਤੀਮਾਨ ਸਿੰਘ, ਭਾਰਤੀ ਜੀ ਦੇ ਭਤੀਜੇ, ਸਵ. ਸੰਤ ਮੰਗਲ ਸਿੰਘ ਲਾਇਲਪੁਰੀ ਜੀ ਦੇ ਸਪੁੱਤਰ ਅਤੇ ਵਰਤਮਾਨ ਹਿੰਦੁਸਤਾਨ ਦੇ ਸੰਪਾਦਕ ਮਾਲਕ ਹਨ।*

ਸ੍ਰੀ ਅਮਰ ਭਾਰਤੀ ਜੀ ਸਾਡੇ ਭੀਸ਼ਮ ਪਿਤਾਮਾ ਸਨ, ਸਾਹਿਤ ਮਾਰਤੰਡ ਸਨ, ਯੋਗੀ ਸਨ, ਸਾਧਕ ਸਨ, ਦੂਰ ਦ੍ਰਿਸ਼ਟੀ ਦੇ ਮਾਲਕ ਸਨ ਅਤੇ ਕਿੱਤੇ ਪੱਖੋਂ ਹੋਮਿਓਪੈਥੀ ਦੇ ਡਾਕਟਰ ਸਨ। ਆਪ ਨੇ ਨਿਸਵਾਰਥ, ਲੋਭ ਰਹਿਤ, ਸੰਜਮੀ ਅਤੇ ਤਪੱਸਵੀ ਜੀਵਨ ਜੀਵਿਆ। ਆਪ ਅਜੇਹੇ ਗੁਣਾਂ ਦੇ ਮਾਲਕ ਸਨ, ਜਿਨ੍ਹਾਂ ਨੂੰ ਮੇਰੇ ਵਰਗਿਆਂ ਦੀ ਬੁੱਧੀ ਪਛਾਨਣ ਤੋਂ ਅਸਮਰਥ ਰਹੀ ਹੈ।

੧੯੯੪ ਵਿਚ ਭਾਰਤੀ ਜੀ ਨੂੰ ਦਿਲ ਦੇ ਦੌਰੇ ਨੇ ਆਪਣੇ ਘੇਰੇ ਵਿਚ ਲੈ ਲਿਆ ਅਤੇ ਸਾਰੀ ਰਾਤ ਲਗਭਗ ਸੱਤ ਘੰਟੇ ਲਗਾਤਾਰ ਦਿਲ 'ਤੇ ਹਮਲਾ ਜਾਰੀ ਰਿਹਾ। ਸੇਵਕ ਨਰੇਸ਼ ਦੀ ਸੇਵਾ, ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਅਤੇ ਯੋਗ-ਸਾਧਨਾ ਦੀਆਂ ਕ੍ਰਿਆਵਾਂ ਨਾਲ ਆਪ ਨੇ ਇਸ ਹਮਲੇ 'ਤੇ ਕਾਬੂ ਪਾ ਲਿਆ। ਤੁਰੰਤ ਸਤਿਗੁਰੂ ਜਗਜੀਤ ਸਿੰਘ ਜੀ ਭਾਰਤੀ ਜੀ ਨੂੰ ਦਰਸ਼ਨ ਦੇਣ ਆਏ ਤਾਂ ਉਸ ਸਮੇਂ ਸਤਿਗੁਰੂ ਜੀ ਦੇ ਉਚਾਰੇ ਬਚਨਾਂ ਤੋਂ ਸਾਨੂੰ ਜਾਣਕਾਰੀ ਮਿਲੀ ਕਿ ਭਾਰਤੀ ਜੀ ਉਚ ਕੋਟੀ ਦੇ ਸਾਧਕ ਹਨ। *ਸਤਿਗੁਰੂ ਜੀ ਦੇ ਬਚਨ ਸਨ—"ਭਾਰਤੀ ਭਾਰਤ ਦੀ ਵਿਦਵਾਨ ਲੇਖਕ ਦੇ ਨਾਲ ਨਾਲ ਇਕ ਸਾਧਕ ਵੀ ਹੈ।" ਸਤਿਗੁਰੂ ਜੀ ਦੀ ਰਸਨਾ ਤੋਂ ਸੁਣੇ ਇਹਨਾਂ ਬਚਨਾਂ ਦੇ ਅਰਥ ਕੁਝ ਕੁਝ ਉਦੋਂ ਸਮਝ ਆਏ ਜਦੋਂ ਅਸੀਂ ਪ੍ਰਤੱਖ ਰੂਪ ਵਿਚ ਭਾਰਤੀ ਜੀ ਨੂੰ ਮਨ, ਬਚਨ ਅਤੇ ਕਰਮ ਨਾਲ ਸਰੀਰ ਸਾਧ ਕੇ ਜੀਵਨ ਪੰਧ ਤੇ ਚਲਦਿਆਂ ਵੇਖਿਆ। ਕਿਉਂ ਜੁ ਉਸ ਦਿਲ ਦੇ ਦੌਰੇ ਉਪਰੰਤ ਡਾਕਟਰੀ ਭਾਸ਼ਾ ਵਿਚ ਉਹਨਾਂ ਦਾ ਹਿਰਦਾ ਕੇਵਲ ੨੨% ਹੀ ਬਚਿਆ ਸੀ।*

ਭਾਰਤੀ ਜੀ ਦੇ ਜੀਵਨ ਦੇ ਅੰਤਿਮ ਦਿਨਾਂ ਦੇ ਬ੍ਰਿਤਾਂਤ ਤੋਂ ਵੀ ਭਾਰਤੀ ਜੀ ਦੇ ਸਾਧਕ ਰੂਪ ਸ਼ਖਸੀਅਤ ਦੇ ਦਰਸ਼ਨ ਹੁੰਦੇ ਹਨ। ਮਾਰਚ ਮਹੀਨੇ ਦੀ ੮ ਤਾਰੀਖ ਨੂੰ ਸਤਿਗੁਰੂ ਜੀ ਵਲੋਂ ਭਾਰਤੀ ਜੀ ਨੂੰ 'ਸਾਹਿਤ ਮਾਰਤੰਡ' ਸਨਮਾਨ ਦੀ ਬਖਸ਼ਿਸ਼ ਹੁੰਦੀ ਹੈ। ਕੁਝ ਦਿਨਾਂ ਬਾਅਦ ਅਜੇ ਵਧਾਈਆਂ ਦਾ ਦੌਰ ਚਲ ਹੀ ਰਿਹਾ ਸੀ ਕਿ ਆਪ ਨੇ ਪੇਟ ਵਿਚ ਦਰਦ ਮਹਿਸੂਸ ਕੀਤੀ। ਆਪ ਨੇ ਹੋਮਿਓਪੈਥੀ, ਐਕਿਊਪ੍ਰੈਸ਼ਰ ਅਤੇ ਹੋਰ ਯੋਗ-ਕ੍ਰਿਆਵਾਂ ਨਾਲ ਪੇਟ ਦੀ ਦਰਦ ਨੂੰ ਕਾਫੀ ਹੱਦ ਤਕ ਘਟਾਉਣ ਵਿਚ ਕਾਮਯਾਬੀ ਪ੍ਰਾਪਤ ਕਰ ਲਈ। ਆਪਣੇ ਮਿੱਤਰ ਡਾਕਟਰ ਮਨਜੀਤ ਸਿੰਘ ਦੀ ਸਲਾਹ ਉਪਰੰਤ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਵਿਚ ਪੇਟ ਦੀ ਤਕਲੀਫ ਦਾ ਅਸਲ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ। ਹੈਡ ਡਾਕਟਰ ਪਿਉਸ਼ ਨੇ ਕੁਝ ਹੋਰ ਟੈਸਟ ਕਰਵਾਉਣ ਉਪਰੰਤ ਹਫਤੇ ਬਾਅਦ ਅਰਥਾਤ ਬੁੱਧਵਾਰ ੧੪ ਅਪਰੈਲ ਨੂੰ ਦਿਖਾਉਣ



*ਅਪਣੀ ਪੁਸਤਕ 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਆਪਣੇ ਮਿੱਤਰ ਸ. ਸੇਵਾ ਸਿੰਘ (ਫਨ ਐਂਡ ਫੂਡ ਵਿਲੇਜ, ਦਿੱਲੀ) ਨੂੰ ਭੇਟ ਕਰਦੇ ਹੋਏ ਡਾ. ਅਮਰ ਭਾਰਤੀ।*



Namdhari Elibrary NamdhariElibrary@gmail.com

ਵਾਸਤੇ ਹਿਦਾਇਤ ਕੀਤੀ। ਜਦੋਂ ਆਪ ਨੇ ਸਭ ਟੈਸਟ ਮੁਕੰਮਲ ਕਰਵਾ ਲਏ। ਸੋਮਵਾਰ ੧੨ ਅਪਰੈਲ ਨੂੰ ਸੂਚਨਾ ਮਿਲੀ ਕਿ ੧੪ ਅਪਰੈਲ ਨੂੰ ਵਿਸਾਖੀ ਅਤੇ ਅੰਬੇਡਕਰ ਜਨਮ ਦਿਹਾੜਾ ਹੋਣ ਕਾਰਨ ਛੁੱਟੀ ਦਾ ਦਿਨ ਹੈ। ਇਹਨਾਂ ਸਤਰਾਂ ਦੇ ਲੇਖਕ ਨੇ ਭਾਰਤੀ ਜੀ ਨੂੰ ਕਿਹਾ ਕਿ "ਚਾਚਾ ਜੀ, ਇਹ ਚੰਗਾ ਨਹੀਂ ਹੋਇਆ ਜੋ ਟੈਸਟ ਰਿਪੋਰਟਾਂ ਦਿਖਾਉਣ ਵਿਚ ਜ਼ਿਆਦਾ ਸਮਾਂ ਪੈ ਰਿਹਾ ਹੈ।" ਭਾਰਤੀ ਜੀ ਦਾ ਉੱਤਰ ਸੀ—"ਸਭ ਕੁਝ ਚੰਗਾ ਹੀ ਹੋ ਰਿਹਾ ਹੈ, ਸ਼ਾਇਦ ਹਸਪਤਾਲ ਜਾਣ ਦੀ ਲੋੜ ਹੀ ਨਾ ਪਵੇ।" ਭਾਰਤੀ ਜੀ ਦੇ ਕਹੇ ਇਹ ਸ਼ਬਦ ਸਾਡੀ ਸਮਝ ਤੋਂ ਬਹੁਤ ਉਪਰ ਦੇ ਸਨ। ਹਾਂ, ਹੁਣ ਜ਼ਰੂਰ ਲਗਦਾ ਹੈ ਕਿ ਸ਼ਾਇਦ ਭਾਰਤੀ ਜੀ ਨੇ ਵਿਸਾਖੀ ਅਤੇ ਅੰਬੇਡਕਰ ਜਨਮ ਦਿਹਾੜਾ ਹੀ ਮਹਾ-ਪ੍ਰਸਥਾਨ ਕਰਨ ਲਈ ਨਿਯਤ ਕਰ ਲਿਆ।

ਅੰਤਮ ਦਿਨ ਅਰਥਾਤ ੧੪ ਅਪਰੈਲ ਦਾ ਬ੍ਰਿਤਾਂਤ ਵੀ ਉਹਨਾਂ ਦੇ ਸਾਧਕ ਰੂਪੀ ਗੁਣ ਦਾ ਪ੍ਰਗਟਾਵਾ ਕਰਦਾ ਹੈ। ੧੪ ਅਪਰੈਲ ਨੂੰ ਸਵੇਰੇ ੮-੯ ਵਜੇ ਆਪ ਨੇ ਅਚਾਨਕ ਕੁਝ ਇਕ ਮਿੱਤਰ ਪਿਆਰਿਆਂ ਅਤੇ ਸਨੇਹੀਆਂ ਦੀ ਮਿੰਨੀ ਬੈਠਕ ਦਾ ਆਯੋਜਨ ਕਰ ਲਿਆ। ਇਹਨਾਂ ਵਿਚ ਇਹਨਾਂ ਸਤਰਾਂ ਦੇ ਲੇਖਕ (ਸਰਬ ਸ਼ਕਤੀਮਾਨ) ਤੋਂ ਇਲਾਵਾ ਸ਼ਾਮਲ ਸਨ। --ਭਾਣਜਾ ਗੁਰਮੁਖ ਸਿੰਘ ਰਤਨ ਦਾ ਸਪੁੱਤਰ ਬਲਵਿੰਦਰ ਸਿੰਘ, ਭਾਣਜਾ ਸੁਰਿੰਦਰ ਪਾਲ ਸਿੰਘ, ਸਫਦਰਜੰਗ ਹਸਪਤਾਲ ਦੇ ਨਿਊਰੋ ਡਾਕਟਰ ਮਨਜੀਤ ਸਿੰਘ, ਸਤਿਜੁਗ ਦੇ ਸੰਪਾਦਕ ਪ੍ਰੋ. ਤਾਰਾ ਸਿੰਘ ਅਨਜਾਣ ਅਤੇ ਸੇਵਕ ਮੰਗਲ ਚੰਦ। ਉਸ ਬੈਠਕ ਵਿਚ ਭਾਰਤੀ ਜੀ ਨੇ ਜਾਣਕਾਰੀ ਦਿੱਤੀ ਕਿ "ਬੀਤੀ ਰਾਤ ਨੂੰ ਫਿਰ ਦਿਲ ਦੇ ਦੌਰੇ ਨੇ ਉਨ੍ਹਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਤੁਸੀਂ ਸਭ ਮੇਰੇ ਕਥਨਾਂ ਨੂੰ ਸੁਣ ਲਓ ਅਤੇ ਲਿਖ ਲਓ। ਇਸ ਲਿਖਤ 'ਤੇ ਮੈਂ ਦਸਖਤ ਕਰਨੇ ਹਨ ਅਤੇ ਤੁਸੀਂ ਅਮਲ ਕਰਨਾ ਹੈ।" ਲਿਖਤ ਤੋਂ ਪਹਿਲਾਂ ਉਹਨਾਂ ਦੇ ਕਥਨਾਂ ਤੇ ਕੁਝ ਵਿਚਾਰ ਵਟਾਂਦਰਾ ਵੀ ਹੋਇਆ। ਅਨਜਾਣ ਜੀ ਨੇ ਕਿਹਾ ਕਿ ਆਪ ਅਧਿਆਤਮਵਾਦੀ ਹੋ ਫਿਰ ਐਸਾ ਕਿਉਂ ? ਉਹਨਾਂ ਦੱਸਿਆ ਕਿ ਉਹਨਾਂ ਦਾ ਸੰਸਾਰ ਵਿਚ ਆਪਣਾ ਕੁਝ ਨਹੀਂ ਹੈ। ਪਰ ਉਹਨਾਂ ਦੇ ਮਹਾ-ਪ੍ਰਸਥਾਨ ਕਰ ਜਾਣ ਬਾਅਦ ਉਹਨਾਂ ਦੀ ਨਿੱਜੀ ਸਮਝੀ ਜਾਂਦੀ ਕੋਈ ਵਸਤੂ ਕਿਸੇ ਵਾਦ-ਵਿਵਾਦ ਦਾ ਕਾਰਨ ਨਾ ਬਣ ਜਾਵੇ। ਜਿਵੇਂ ਕਿ ਰਿਹਾਇਸ਼ੀ ਮਕਾਨ, ਕਾਰ, ਧਨ-ਮਾਇਆ ਆਦਿ। ਇਸ ਤੋਂ ਇਲਾਵਾ ਬੰਗਾਲੀ, ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਦੀਆਂ ਕਿਤਾਬਾਂ ਆਦਿ। ਅਨਜਾਣ ਜੀ ਨੇ ਵਿਚਾਰ ਰੱਖਿਆ ਕਿ ਸਰਬ ਸ਼ਕਤੀਮਾਨ ਇਹਨਾਂ ਕਿਤਾਬਾਂ ਨੂੰ ਯੋਗ ਥਾਵੇਂ ਲਾ ਸਕਦਾ ਹੈ। ਉਹਨਾਂ ਉੱਤਰ ਦਿੱਤਾ—"ਇਹ ਮੇਰਾ ਪ੍ਰਤੀਨਿਧੀ ਜ਼ਰੂਰ ਹੈ ਪਰ ਇਹਨਾਂ ਕਿਤਾਬਾਂ ਦੇ ਸਮਝਣ ਵਾਲੇ ਵਿਰਲੇ ਹੀ ਹਨ। ਸੋ ਜਿਹੜੇ ਯੋਗ ਹੋਣਗੇ, ਉਹਨਾਂ ਤਕ ਉਹ ਖੁਦ-ਬਦ-ਖੁਦ ਪਹੁੰਚ ਜਾਣਗੀਆਂ। ਮੇਰਾ ਸੇਵਕ ਮੰਗਲ ਪਿਛਲੇ ਚਾਰ ਸਾਲਾਂ ਤੋਂ ਮੇਰੀ ਸੇਵਾ ਵਿਚ ਹੈ, ਇਹ ਇਸ ਮਕਾਨ ਵਿਚ ਰਹਿਕੇ ਆਪਣੀ ਪੜ੍ਹਾਈ ਤੇ ਐਕਿਊਪ੍ਰੈਸ਼ਰ ਦੀ ਟ੍ਰੇਨਿੰਗ ਲੈ ਰਿਹਾ ਹੈ। ਇਸ ਮਕਾਨ ਵਿਚ ਇਹ ਰਹੇਗਾ ਜ਼ਰੂਰ ਪਰ ਨਿਯਤ ਕੀਤੇ ਗਏ ਵਿਅਕਤੀਆਂ ਦੀ ਸਰਪ੍ਰਸਤੀ ਹੇਠ ਇਹ ਆਪਣੀਆਂ ਸੇਵਾਵਾਂ ਦੇਵੇਗਾ। ਇਸ ਮਕਾਨ ਅਤੇ ਕਾਰ ਦੀ ਵਰਤੋਂ ਚੈਰੀਟੇਬਲ ਉਦੇਸ਼ ਭਾਵ ਲੋਕ ਭਲਾਈ ਕਾਜ ਹਿੱਤ ਕੀਤੀ ਜਾਵੇ। ਜਿਵੇਂ ਕਿ ਐਕਿਊਪ੍ਰੈਸ਼ਰ ਸੈਂਟਰ ਆਦਿ ਸਥਾਪਤ ਕੀਤਾ ਜਾਵੇ। ਰਾਖਵਾਂ ਧਨ-ਮਾਇਆ ਇਸੇ ਸੇਵਕ ਮੰਗਲ ਦੀ ਹੋਵੇਗੀ। ਚੈਰੀਟੇਬਲ ਟਰੱਸਟ/ਸੰਸਥਾ ਜਾਂ ਸਭਾ ਸੁਸਾਇਟੀ ਦੇ ਮੁੱਖ ਸਰਪ੍ਰਸਤ ਵਜੋਂ ਸੱਤ ਵਿਅਕਤੀਆਂ ਨੂੰ ਸੇਵਾ ਸੌਂਪੀ ਗਈ। ਉਹ ਹਨ—੧. ਡਾਕਟਰ ਮਨਜੀਤ ਸਿੰਘ, ਹਰੀ ਨਗਰ ੨. ਮਾਸਟਰ ਧਨੇਸ਼ਵਰ ਲਾਲ ਸ਼ਰਮਾ, ਹਰੀ ਨਗਰ, ੩. ਸ. ਮਨਮੋਹਨ ਸਿੰਘ, ਜਨਕਪੁਰੀ, ੪. ਸ. ਚਰਨਜੀਤ ਸਿੰਘ ਚੰਨ, ਜਨਤਕ ਪ੍ਰੈਸ, ੫. ਸੁਰਿੰਦਰ ਪਾਲ ਸਿੰਘ ਅਨੇਜਾ, ੬. ਸਰਬ ਸ਼ਕਤੀਮਾਨ, ੭. ਬਲਵਿੰਦਰ ਸਿੰਘ ਅਨੇਜਾ।

ਉਪਰੋਕਤ ਸਭ ਕਥਨਾਂ ਦੀ ਇਕ ਕੱਚੀ ਲਿਖਤ ਲਿਖ ਦਿੱਤੀ ਗਈ। ਜਿਸ 'ਤੇ ਭਾਰਤੀ ਜੀ ਨੇ ਆਪਣੇ ਦਸਖਤ ਕਰਨ ਉਪਰੰਤ ਸਭ ਪਾਸੋਂ ਹਾਜ਼ਰੀ ਦਸਖਤ ਕਰਵਾ ਲਏ। ਉਪਰੰਤ ਕਹਿਣ ਲੱਗੇ—"ਹੁਣ ਮੈਂ ਮੁਕਤ ਹੋਇਆ ਹਾਂ।" ਨਾਲ ਹੀ ਦੁਹਰਾਇਆ ਕਿ "ਮਾਇਆ ਤੋਂ ਮੁਕਤ ਤਾਂ ਸਭ ਕਾਸੇ ਤੋਂ ਮੁਕਤ।"

ਦੁਪਹਿਰ ਹੋ ਚੁੱਕੀ ਸੀ। ਸੁਰਿੰਦਰ ਪਾਲ ਸਿੰਘ ਅਤੇ ਇਹਨਾਂ ਸਤਰਾਂ ਦੇ ਲੇਖਕ ਦੇ ਜ਼ਿੰਮੇ ਲਗਾਇਆ ਕਿ ਇਸ ਲਿਖਤ ਦੇ ਪੱਕੇ ਕਾਗਜ਼ਾਤ ਤਿਆਰ ਕਰਵਾ ਕੇ ਲੈ ਆਉ। ਉਪਰੰਤ ਇਸ ਬੈਠਕ ਦੀ ਸਮਾਪਤੀ ਹੋਈ। ਫਿਰ ਆਪਣੇ ਅਜ਼ੀਜ਼ ਮਿੱਤਰ ਹਰਿੰਦਰ ਪਤੰਗਾ ਨਾਲ ਯਾਦ ਤਰੰਗਾਂ ਰਾਹੀਂ ਸੰਪਰਕ ਕਾਇਮ ਕੀਤਾ। ਉਸਨੇ ਆਪਣੀ ਉਪਸਥਿਤੀ ਆਣ ਦਰਜ ਕਰਾਈ। ਉਸ ਪਾਸੋਂ ਸ਼ਬਦ ਗਾਇਨ ਸੁਣਦਿਆਂ ਅਤੇ ਰਾਗਾਂ ਤੇ ਵਿਚਾਰ ਚਰਚਾ ਕਰਦਿਆਂ ਸਮੇਂ ਨੂੰ ਆਪਣੀ ਚਾਲੇ ਚਲਣ ਦਿੱਤਾ। ਅਸੀਂ ਇਸ ਲਿਖਤ ਕਾਰਜ ਨੂੰ ਸ਼ਾਮ ੫-੬ ਵਜੇ ਤਕ ਮੁਸ਼ਕਲ ਨਾਲ ਹੀ ਪੂਰਾ ਕਰਵਾ ਸਕੇ। ੬ ਵਜੇ ਭਾਰਤੀ ਜੀ ਨੇ ਪੱਕੇ ਪੇਪਰਾਂ 'ਤੇ ਸਹੀ ਪਾਈ। ਉਪਰੰਤ ਦਿਲ ਦੇ ਦੌਰੇ ਦੀਆਂ ਵਾਗਾਂ ਢਿੱਲੀਆਂ ਕਰ ਦਿੱਤੀਆਂ ਤੇ ਕੁਝ ਦੇਰ ਦੀ ਬੇਚੈਨੀ ਉਪਰੰਤ ਠੀਕ ੮-੧੫ ਵਜੇ ਮਹਾ-ਪ੍ਰਸਥਾਨ ਕਰ ਗਏ।

*ਸਾਡੀ ਸਮਝ ਤੋਂ ਬਾਹਰ ਸੀ ਕਿ ਭਾਰਤੀ ਜੀ ਨੇ ਕਿਵੇਂ ਆਪਣੇ ਸਵਾਸਾਂ ਨੂੰ ਕਾਬੂ ਰੱਖਿਆ ਹੋਇਆ ਸੀ। ਲਗਦਾ ਸੀ ਭਾਰਤੀ ਜੀ ਨੇ ਆਪਣੇ ਸਵਾਸਾਂ ਨੂੰ ਬਿਲਕੁਲ ਉਸੇ ਤਰ੍ਹਾਂ ਕਾਬੂ 'ਚ ਕੀਤਾ ਹੋਇਆ ਸੀ ਜਿਵੇਂ ਮਹਾਭਾਰਤ ਦੇ ਮਹਾਨ ਯੋਗੀ ਭੀਸ਼ਮ ਪਿਤਾਮਾ ਨੇ ਤੀਰਾਂ ਦੀ ਸੇਜ ਉਤੇ ਲੇਟਿਆਂ ਆਪਣੇ ਸਵਾਸਾਂ ਨੂੰ ਕਾਬੂ ਕੀਤਾ ਹੋਇਆ ਸੀ। ਇਹ ਸੋਚ ਕੇ ਕਿ ਉਹ ਉਸ ਵੇਲੇ ਸਵਾਸ ਤਿਆਗਣਗੇ ਜਦੋਂ ਸੂਰਜ ਅਤੇ ਚੰਦਰਮਾ ਖਾਸ ਰਾਸ਼ੀ ਵਿਚ ਪ੍ਰਵੇਸ਼ ਕਰਨਗੇ।*



Namdhari Elibrary NamdhariElibrary@gmail.com

# ਅਜਾਤ ਸ਼ਤਰੂ—ਡਾ. ਅਮਰ ਭਾਰਤੀ

*—ਸੁਖਬੀਰ ਸਿੰਘ ਗੁਲ੍ਹਾਟੀ*

ਸੰਤਾਂ ਤੇ ਕਵੀਆਂ ਬਾਰੇ ਇਕ ਕਹਾਵਤ ਹੈ Saints & Poets are not made, they are born. ਸੰਤ ਤੇ ਕਵੀ ਬਣਾਏ ਨਹੀਂ ਜਾਂਦੇ, ਪੈਦਾ ਹੁੰਦੇ ਹਨ। ਅਮਰ ਭਾਰਤੀ ਵਰਗੇ ਵਿਦਵਾਨਾਂ ਬਾਰੇ ਵੀ ਸ਼ਾਇਦ ਇਹੋ ਗੱਲ ਕਹੀ ਜਾ ਸਕਦੀ ਹੈ। ਜਿੱਥੋਂ ਤਕ ਮੇਰੀ ਜਾਣਕਾਰੀ ਹੈ, ਭਾਰਤੀ ਜੀ ਪਾਸ ਦਸਵੀਂ-ਬਾਰ੍ਹਵੀਂ ਦਾ ਕੋਈ ਸਰਟੀਫਿਕੇਟ ਨਹੀਂ ਸੀ, ਬੀ.ਏ.ਐਮ.ਏ. ਜਾਂ ਪੀ.ਐਚ.ਡੀ. ਦੀ ਕੋਈ ਡਿਗਰੀ ਨਹੀਂ ਸੀ, ਕਿਸੇ ਯੂਨੀਵਰਸਿਟੀ ਦੀ ਕੋਈ ਸਨਦ ਨਹੀਂ ਸੀ, ਪਰ ਉਹ ਇਕ ਉੱਚ ਕੋਟੀ ਦੇ ਵਿਦਵਾਨ ਸਨ। ਇਹ ਇਕ ਅਨੋਖਾ Paradox (ਪੈਰਾਡਾਕਸ) ਹੈ ਕਿ ਉਹਨਾਂ ਪਾਸ ਪੜ੍ਹਾਈ ਦਾ ਕੋਈ ਵੀ ਪ੍ਰਮਾਣ -ਪੱਤਰ ਨਹੀਂ ਸੀ, ਪਰ ਉਹ ਪ੍ਰਮਾਣਿਕ ਵਿਦਵਾਨ ਸਨ।

ਇਹ ਵਿਦਵਤਾ ਮਾਨੋ ਉਹਨਾਂ ਨੂੰ ਅਕਾਲਪੁਰਖ ਵਲੋਂ ਸਤਿਗੁਰਾਂ ਵਲੋਂ ਬਖਸ਼ਿਸ ਰੂਪ ਮਿਲੀ ਸੀ। ਬੇਸ਼ਕ ਉਹਨਾਂ ਨੇ ਗਿਆਨ-ਪ੍ਰਾਪਤੀ ਲਈ ਪੁਸਤਕਾਂ ਦੇ ਲੇਖਨ ਲਈ ਕੜੀ ਮਿਹਨਤ ਕੀਤੀ, ਕਰੜੀ ਘਾਲਣਾ ਘਾਲੀ, ਪਰ ਬਖਸ਼ਿਸ ਤਾਂ ਉਹਨਾਂ ਨੂੰ ਪਹਿਲੋਂ ਹੀ ਮਿਲ ਚੁੱਕੀ ਹੋਈ ਸੀ। ਜਿਵੇਂ ਗੁਰੂ ਨਾਨਕ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ :

"ਪਹਿਲਾਂ ਬਾਬੇ ਪਾਇਆ ਬਖਸ਼ ਦਰਿ, ਪਿਛੋਂ ਦੇ ਫਿਰਿ ਘਾਲਿ ਕਮਾਈ,

ਭਾਰੀ ਕਰੀ ਤਪਸਿਆ, ਵਡੇ ਭਾਗ ਹਰਿ ਸਿਉਂ ਬਣਿ ਆਈ।"

ਭਾਰਤੀ ਜੀ ਨੇ ਵੀ ਭਾਰੀ ਤਪੱਸਿਆ ਕੀਤੀ ਅਤੇ ਸਤਿਗੁਰਾਂ ਨਾਲ ਉਹਨਾਂ ਦੀ ਬਣ ਆਈ।

ਭਾਰਤੀ ਜੀ ਨੇ ਆਪਣੇ ਹਰ ਲੇਖਨ ਲਈ ਭਾਰੀ ਤਪੱਸਿਆ ਕੀਤੀ। ਜਿਨ੍ਹੀਂ ਦਿਨੀਂ ਭਾਰਤੀ ਜੀ 'ਸਤਿਗੁਰ ਤਿਸਕਾ ਨਾਓ' ਪੁਸਤਕ ਲਿਖ ਰਹੇ ਸਨ, ਉਹਨਾਂ ਦੇ ਇਕ ਮਿੱਤਰ ਪਿਆਰਾ ਸਿੰਘ ਦਾਤਾ ਉਹਨਾਂ ਦੇ ਘਰ ਆਏ। ਦਾਤਾ ਜੀ ਆਪਣੇ ਇਕ ਲੇਖ ਵਿੱਚ ਦਸਦੇ ਹਨ ਕਿ ਭਾਰਤੀ ਜੀ ਦੇ ਘਰ ਨਾ ਆਟਾ ਸੀ, ਨਾ ਦਾਲ, ਨਾ ਚੁਲ੍ਹਾ ਤੇ ਗੈਸ-ਸਿਲੰਡਰ, ਨਾ ਤਵਾ-ਪਰਾਤ ਤੇ ਨਾਂ ਹੀ ਕੋਈ ਭਾਂਡੇ, ਕਿਉਂਕਿ ਘਰ ਦੀਆਂ ਇਹ ਸਭ ਚੀਜ਼ਾਂ ਉਹ ਥੋੜ੍ਹਿਆਂ ਜਿਹਿਆਂ ਪੈਸਿਆਂ ਦੀ ਲੋੜ ਪੂਰੀ ਕਰਨ ਲਈ ਵੇਚ ਚੁੱਕੇ ਹੋਏ ਸਨ। ਕਾਰਣ ਇਹ ਸੀ ਕਿ ਲਗਾਤਾਰ ਲਿਖਣ-ਪੜ੍ਹਨ ਦੀ ਤਪੱਸਿਆ ਕਰਨ ਲਈ ਉਹਨਾਂ ਨੂੰ ਆਪਣੀ ਹੋਮਿਓਪੈਥੀ ਦੀ ਦੁਕਾਨ ਤੇ ਜਾਣਾ ਛੱਡਣਾ ਪਿਆ ਸੀ, ਤੇ ਕਮਾਈ ਬਿਲਕੁਲ ਬੰਦ ਸੀ। ਐਸੀ ਮਸਤੀ, ਐਸੀ ਲਗਨ, ਐਸੇ ਸਿਰੜ ਤੇ ਐਸੀ ਕੁਰਬਾਨੀ ਨਾਲ ਕੌਣ ਇਤਨੀ ਪੜ੍ਹਾਈ ਲਿਖਾਈ ਕਰ ਸਕਦਾ ਹੈ। ਸਿਰਫ ਉਹੀ ਜਿਸ ਉੱਤੇ ਅਕਾਲ ਪੁਰਖ ਦੀ, ਸਤਿਗੁਰੂ ਦੀ ਮਿਹਰ ਹੋਵੇ। ਸਤਿਗੁਰਾਂ ਵਲੋਂ ਭਾਰਤੀ ਜੀ ਨੂੰ ਹੋਲੇ ਉੱਤੇ ਮਿਲਿਆ ਸਾਹਿਤ ਮਾਰਤੰਡ ਦਾ ਖਿਤਾਬ ਭਾਰਤੀ ਜਾ ਦੀ ਉੱਚ ਕੋਟੀ ਦੀ ਵਿਦਵਤਾ ਦਾ ਹੀ ਸਵੀਕਾਰ ਹੈ।

*ਯੂਨਾਨ ਦੇ ਸਾਹਿਤ ਆਚਾਰੀਆ ਲੋਂਜਾਈਨਸ ਨੇ ਇਕ ਵਾਰ ਪੁਛਿਆ ਸੀ, ਦੱਸੋ ਪ੍ਰਥਮ ਪੁਰਸਕਾਰ ਕਿਸਨੂੰ ਮਿਲਣਾ ਚਾਹੀਦਾ ਹੈ? ਉਸਨੂੰ ਜਿਸਦੀ ਰਚਨਾ ਬੜੀ ਸੁੰਦਰ ਹੋਵੇ, ਬਿਨਾਂ ਕਿਸੇ ਨੁਕਸ ਦੇ, ਗੁਣਾਂ ਨਾਲ ਭਰੀ ਹੋਈ ਹੋਵੇ ਜਾਂ ਉਸਨੂੰ ਜਿਸਦੀ ਰਚਨਾ ਵਿੱਚ ਕੁਝ ਨੁਕਸ ਤਾਂ ਹੋਣ ਪਰ ਗੁਣਾਂ ਵਿੱਚ ਉਹ ਬਹੁਤ ਹੀ ਮਹਾਨ ਹੋਵੇ। ਤੇ ਫਿਰ ਆਪ ਹੀ ਜਵਾਬ ਦਿੱਤਾ ਸੀ ਕਿ ਪ੍ਰਥਮ ਪੁਰਸਕਾਰ ਹਰ ਹਾਲਤ ਵਿੱਚ ਮਹਾਨਤਾ ਨੂੰ ਹੀ ਮਿਲਣਾ ਚਾਹੀਦਾ ਹੈ, ਭਾਵੇਂ ਉਸ ਮਹਾਨਤਾ ਵਿੱਚ ਕੁਝ ਨੁਕਸ ਕੁਝ ਤਰੁਟੀਆਂ ਵੀ ਰਹਿ ਗਈਆਂ ਹੋਣ। ਇਸ ਕਸੌਟੀ ਉਤੇ ਭਾਰਤੀ ਜੀ ਦੀ ਮਹਾਨ ਪ੍ਰਤਿਭਾ ਤੇ ਪ੍ਰਮਾਣਿਕ ਵਿਦਵਤਾ ਪ੍ਰਥਮ ਪੁਰਸਕਾਰ ਦੀ ਹੀ ਅਧਿਕਾਰੀ ਰਹੀ ਹੈ।* ਬੰਗਲਾ ਤੋਂ ਪੰਜਾਬੀ ਵਿੱਚ ਅਨੁਵਾਦਕ ਦੇ ਤੌਰ ਤੇ ਭਾਰਤੀ ਜੀ ਨੂੰ ਭਾਰਤੀ-ਸਾਹਿਤ ਅਕਾਦਮੀ ਵਲੋਂ ਮਿਲਿਆ ਸਰਵੋਚ ਪੁਰਸਕਾਰ ਤੇ ਸਨਮਾਨ ਅਤੇ ਸਤਿਗੁਰਾਂ ਵਲੋਂ ਸਮੇਂ ਸਮੇਂ ਮਿਲਣ ਵਾਲੇ ਪੁਰਸਕਾਰ ਤੇ ਸਨਮਾਨ ਭਾਰਤੀ ਜੀ ਦੀ ਮਹਾਨ ਪ੍ਰਤਿਭਾ ਦੀ ਹੀ ਗਵਾਹੀ ਭਰਦੇ ਹਨ।

ਭਾਰਤੀ ਜੀ ਦੀ ਪ੍ਰਤਿਭਾ ਨੇ ਕਿਨ੍ਹਾਂ ਵਿਸ਼ੇਸ਼ ਖੇਤਰਾਂ ਵਿੱਚ ਵਿਚਰਨ ਕੀਤਾ, ਉਹ ਹਨ ਭਾਰਤੀ ਅਧਿਆਤਮ



Namdhari Elibrary NamdhariElibrary@gmail.com



*ਅਮਰ ਭਾਰਤੀ ਜੀ ਦੀ ਪੁਸਤਕ ਵਾਚਦੇ ਹੋਏ ਡਾਕਟਰ ਹਰਿਭਜਨ ਸਿੰਘ ਜੀ*

ਵਿਦਿਆ, ਭਾਰਤੀ ਤੰਤਰ ਵਿਦਿਆ, ਭਾਰਤੀ ਧਰਮ ਅਤੇ ਭਾਰਤੀ ਦਰਸ਼ਨ। ਨਾਮਧਾਰੀ ਧਰਮ ਸਿਧਾਂਤ ਤੇ ਨਾਮਧਾਰੀ ਇਤਿਹਾਸ ਦੇ ਤਾਂ ਉਹ ਪੂਰੇ ਪਾਰੰਗਤ ਤੇ ਪ੍ਰਮਾਣਿਕ ਵਿਆਖਿਆਤਾ ਸਨ।

'ਸਤਿਗੁਰਾਂ ਤਿਸਕਾ ਨਾਓ' ਨਾਮਧਾਰੀ ਧਰਮ-ਸਿਧਾਂਤ ਦਾ ਸਭ ਤੋਂ ਸਟੀਕ, ਸਭ ਤੋਂ ਪ੍ਰਮਾਣਿਕ ਦਸਤਾਵੇਜ਼ ਹੈ। ਇਹ ਰਚਨਾ ਆਪਣੀ ਵਿਦਵਤਾ ਦੇ ਮੈਰਿਟ ਸਦਕਾ ਕਿਸੇ ਵੀ ਯੂਨੀਵਰਸਿਟੀ ਵਲੋਂ ਪੀ.ਐਚ.ਡੀ. ਥੀਸਿਸ ਦੇ ਪੱਧਰ ਦੀ ਰਚਨਾ ਸਵੀਕਾਰੀ ਜਾ ਸਕਦੀ ਹੈ।

ਇਸੇ ਤਰ੍ਹਾਂ 'ਸਿੱਖ ਇਤਿਹਾਸ ਤੇ ਕੂਕੇ' ਭਾਰਤੀ ਰਚਿਤ ਐਸੀ ਰਚਨਾ ਹੈ ਜੋ ਸਿੱਖ ਇਤਿਹਾਸ ਵਿੱਚ ਨਾਮਧਾਰੀ ਪੰਥ ਦੀ ਪ੍ਰਭੂ-ਸੱਤਾ, Sovereignty ਨੂੰ ਸਭ ਵਿਵਾਦਾਂ ਦੇ ਘੇਰਿਆਂ ਵਿੱਚੋਂ ਕੱਢ ਕੇ ਪੱਕੇ ਪੈਰਾਂ ਤੇ ਪੱਕੇ ਪ੍ਰਮਾਣਾ ਦੇ ਆਧਾਰ ਤੇ ਸਥਾਪਿਤ ਕਰ ਦੇਂਦੀ ਹੈ। 'ਦਸਮ ਗ੍ਰੰਥ' ਵਿੱਚ 'ਕੁੰਡਲਨੀ ਤੱਤ' ਵਰਗੀਆਂ ਰਚਨਾਵਾਂ ਗੁਰਬਾਣੀ, ਦਸਮ ਬਾਣੀ, ਭਾਰਤੀ ਧਰਮ ਦਰਸ਼ਨ ਤੇ ਭਾਰਤੀ ਤੰਤਰ ਵਿਗਿਆਨ ਵਿੱਚ ਭਾਰਤੀ ਜੀ ਦੀ ਗਹਿਰੀ ਪੈਠ ਨੂੰ ਦਰਸਾਉਣ ਵਾਲੀਆਂ ਰਚਨਾਵਾਂ ਹਨ।

ਡਾ. ਅਮਰ ਭਾਰਤੀ ਜੀ ਪ੍ਰਮਾਣਿਕ ਵਿਦਵਾਨ ਹੀ ਨਹੀਂ ਸਨ, ਆਪ ਖੁਦ ਯੋਗਸਾਧਨਾ ਗਿਆਨ-ਸਾਧਨਾ, ਕੁੰਡਲਨੀ ਸਾਧਨਾ ਤੇ ਅਧਿਆਤਮ ਸਾਧਨਾ ਕਰਨ ਵਾਲੇ ਸੱਚੇ ਸਾਧਕ ਵੀ ਸਨ। ਉਹਨਾਂ ਦਾ ਜੀਵਨ ਵਿਦਵਤਾ ਤੇ ਸਾਧਨਾ ਦਾ ਬਹੁਤ ਹੀ ਸੁੰਦਰ ਸੁਮੇਲ ਸੀ।

ਪ੍ਰਮਾਣਿਕ ਵਿਦਵਾਨ ਤੇ ਸੰਜਮੀ ਸਾਧਕ ਹੋਣ ਦੇ ਨਾਲ-ਨਾਲ ਭਾਰਤੀ ਜੀ, ਇਕ ਬਹੁਤ ਹੀ ਵਧੀਆ ਇਨਸਾਨ ਸਨ। ਮਿੱਠੇ, ਮਿਲਾਪੜੇ, ਗੁਣਾਂ ਤੇ ਗੁਣੀਆਂ ਦੀ ਕਦਰ ਕਰਨ ਵਾਲੇ, ਪਰ ਆਪ, ਬਹੁਤ ਹੀ ਨਿਰਮਾਣ।

ਮਹਾਨਤਾ ਬਾਰੇ ਗੱਲ ਕਰਦਿਆਂ ਇਕ ਫਿਲਾਸਫਰ ਨੇ ਕਿਹਾ ਹੈ ਕਿ ਮਹਾਨ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਮਿਲਕੇ, ਮਿਲਣ ਵਾਲਾ ਆਪਣੇ ਆਪ ਨੂੰ ਛੋਟਾ ਮਹਿਸੂਸ ਨਾ ਕਰੇ। ਮਹਾਨਤਾ ਦੀ ਇਹ ਪਰਿਭਾਸ਼ਾ ਡਾ. ਅਮਰ ਭਾਰਤੀ ਉਪਰ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਐਨੇ ਵਿਦਵਾਨ ਹੁੰਦਿਆਂ ਹੋਇਆਂ ਵੀ ਉਹਨਾਂ ਨੂੰ ਮਿਲਣ ਵਾਲਾ ਕੋਈ ਵੀ ਆਪਣੇ ਆਪ ਨੂੰ ਨੀਵਾਂ ਜਾਂ ਛੋਟਾ ਮਹਿਸੂਸ ਨਹੀਂ ਸੀ ਕਰਦਾ। ਡਾ. ਹਰਿਭਜਨ ਸਿੰਘ ਜੀ ਦੀ ਮਹਾਨਤਾ ਤੇ ਨਿਰਮਾਣਤਾ ਬਾਰੇ ਵੀ ਮੈਂ ਇਹੋ ਗੱਲ ਮਹਿਸੂਸ ਕਰਦਾ ਸਾਂ।

ਡਾ. ਹਰਿਭਜਨ ਸਿੰਘ ਜੀ ਭਾਰਤੀ ਹੁਰਾਂ ਨੂੰ ਆਪਣੇ ਸੁਹਿਰਦ ਮਿੱਤਰ ਮੰਨਦੇ ਸਨ। ਅਤੇ ਉਹਨਾਂ ਇਕਵਾਰ ਕਿਹਾ ਸੀ ਭਈ ਭਾਰਤੀ ਤੂੰ ਤਾਂ ਅਜਾਤ ਸ਼ਤਰੂ ਹੈਂ, ਯਾਨੀ ਤੇਰਾ ਤੇ ਕੋਈ ਦੁਸ਼ਮਨ ਹੋ ਹੀ ਨਹੀਂ ਸਕਦਾ।

ਐਸੇ ਪ੍ਰਮਾਣਿਕ ਵਿਦਵਾਨ, ਐਸੇ ਸੰਜਮੀ ਸਾਧਕ, ਐਸੇ ਮਹਾਨ ਇਨਸਾਨ ਤੇ ਅਜਾਤ ਸ਼ਤਰੂ ਡਾ. ਅਮਰ ਭਾਰਤੀ ਨੂੰ ਮੇਰਾ ਸ਼ਤ ਸ਼ਤ ਪ੍ਰਣਾਮ ਹੈ।



Namdhari Elibrary NamdhariElibrary@gmail.com

# ਕੀਹ ਪਤਾ ਸੀ ?

*—ਮਾ. ਅਮਰੀਕ ਸਿੰਘ*

ਕੀਹ ਪਤਾ ਸੀ ਭਾਰਤੀ ਜੀ ਦਾ ਮੁੜਕੇ ਦਰਸ਼ਨ ਨਹੀਂ ਹੋ ਸਕਣਾ। ਐਤਕੀਂ ਹੋਲੇ ਦਾ ਭੋਗ ਪੈਂਦੇ ਸਾਰ ਹੀ ਹੋਲੇ ਦੇ ਚਾਰ ਦਿਨ ਬਿਤਾਇਆਂ ਦੀ ਮਸਤੀ ਨਾਲ ਮਖਮੂਰ ਹੋਇਆ ਮੈਂ ਸ੍ਰੀ ਪਰਤਾਪ ਮੰਦਰ ਦੇ ਅਗੋਂ ਦੀ ਸੰਗਤ ਨੂੰ ਪਿਛੇ ਛਡਦਾ ਹੋਇਆ ਜਦੋਂ ਸਤਿਜੁਗ ਤੇ ਵਰਿਆਮ ਦੇ ਸਟਾਲਾਂ ਅਗੋਂ ਲੰਘਿਆ ਤਾਂ ਵਰਿਆਮ ਸਟਾਲ ਵਿਚ ਸ੍ਰੀ ਭਾਰਤੀ ਜੀ ਤੇ ਸ੍ਰੀ ਜਗਦੀਸ਼ ਜੀ ਕੁਰਸੀਆਂ ਤੇ ਬੈਠੇ ਗੱਲਾਂ ਬਾਤਾਂ ਕਰ ਰਹੇ ਸਨ। ਮੈਂ ਉਹਨਾਂ ਦੇ ਇਸ ਵਾਰਤਾਲਾਪ ਦਾ ਸੁਆਦ ਮਾਨਣ ਲਈ ਉਧਰ ਨੂੰ ਉਲਰ ਗਿਆ। ਭਾਰਤੀ ਜੀ ਸੱਚੇ-ਪਾਤਸ਼ਾਹਾਂ ਤੋਂ ਤਾਜ਼ਾ-ਤਾਜ਼ਾ ਸਨਮਾਨ ਤੇ ਸਾਹਿਤ ਮਾਰਤੰਡ ਦੀ ਉਪਾਧੀ ਲੈਣ ਦੀ ਖੁਸ਼ੀ ਵਿਚ ਮਖਮੂਰ ਬੈਠੇ ਆਪਣੀ ਵੱਖਰੇ ਅੰਦਾਜ਼ ਦੀ ਮੁਸਕਾਣ ਨਾਲ ਸਾਨੂੰ ਵੀ ਮਸਤੀ ਨਾਲ ਲਬਰੇਜ਼ ਕਰ ਰਹੇ ਸਨ। ਕੁਝ ਚਿਰ ਮੈਂ ਬੈਠਿਆ ਤੇ ਏਸ ਜੋੜੀ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਤੱਕ ਕੇ ਇਹਨਾਂ ਦੀ ਖੁਸ਼ੀ ਤੇ ਮਸਤੀ ਤੋਂ ਲੁਤਫ਼-ਅੰਦੋਜ਼ ਹੁੰਦਾ ਰਿਹਾ। ਕਾਸ਼! ਮੈਂ ਇਸ ਤਰ੍ਹਾਂ ਹੀ ਭਾਰਤੀ ਜੀ ਤੇ ਜਗਦੀਸ਼ ਜੀ ਨੂੰ ਨਿਹਾਰਦਾ ਰਹਿੰਦਾਂ।

ਘਰ ਜਾਣ ਦੀ ਕਾਹਲ ਨੇ ਮੈਨੂੰ ਉਥੋਂ ਉੱਠਣ ਤੇ ਮਜਬੂਰ ਕਰ ਦਿੱਤਾ। ਅਣ ਮੰਨੇ ਮਨ ਨਾਲ ਆਪਣਾ ਇਹ ਸ਼ੇਅਰ ਪੜ੍ਹਦਾ ਹੋਇਆ ਤੁਰ ਪਿਆ।

"ਮਹਿਫਿਲਾਂ ਤਾਂ ਸਜਦੀਆਂ ਹੀ ਰਹਿਣੀਆਂ,
ਇਕ ਸਿਰਫ ਅਮਰੀਕ ਨੇ ਹੋਣਾ ਨਹੀਂ।"

ਹਰੀ ਮੰਦਰ ਤਕ ਪਿੱਛਾਂ ਪਰਤ ਕੇ ਮੈਂ ਕਈ ਵਾਰ ਮਿੱਤਰ ਪਿਆਰਿਆਂ ਨੂੰ ਵੇਖਿਆ ਤੇ ਆਖਰ ਉਹ ਮੇਰੀਆਂ ਨਜ਼ਰਾਂ ਤੋਂ ਦੂਰ ਹੋ ਗਏ ਪਰ ਨਹੀਂ ਮੈਂ ਹੀ ਉਹਨਾਂ ਤੋਂ ਦੂਰ ਹੋ ਗਿਆ।

ਮੈਨੂੰ ਕੀਹ ਪਤਾ ਸੀ ਇਹ ਸ਼ੇਅਰ ਕਿਸ ਭਵਿੱਖ ਬਾਣੀ ਦੀ ਤਾਬੀਰ ਬਣ ਜਾਣਾ ਹੈ।

ਅਜੇ ਕੁਝ ਦਿਨ ਹੀ ਹੋਏ ਸਤਿਜੁਗ ਵਿਚ ਰੰਗੀਨ ਤਸਵੀਰਾਂ ਵਿਚ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੋਂ ਸਨਮਾਨ ਲੈਂਦੇ ਹੋਇਆਂ ਦੀ ਭਾਰਤੀ ਜੀ ਸ੍ਰੀ ਹੰਸਪਾਲ ਜੀ ਨਾਲ ਤਸਵੀਰ ਵੇਖ ਕੇ ਮੇਰੀਆਂ ਅੱਖਾਂ ਚੁੰਧਿਆ ਗਈਆਂ ਸਨ। ਮੈਂ ਮਨ ਵਿਚ ਧਾਰਿਆ ਸੀ ਕਿ ਇਹ ਤਸਵੀਰ ਫਰੇਮ ਕਰਕੇ ਆਪਣੇ ਕਮਰੇ ਵਿਚ ਜਾਵਾਂਗਾ। ਫੋਟੋ ਗ੍ਰਾਫਰਾਂ ਦੇ ਏਸ ਸ਼ਾਹਕਾਰ ਫੋਟੋ ਨੂੰ ਮੈਂ ਕਈ ਵਾਰ ਸਲਾਹਿਆ ਸੀ ਤੇ ਪਰਸੋਂ ਪੰਜਾਬੀ ਟ੍ਰਿਬਿਊਨ ਵਿਚ ਜਦੋਂ ਪੜ੍ਹਿਆ "ਸ੍ਰੀ ਅਮਰ ਭਾਰਤੀ ਜੀ ਨਹੀਂ ਰਹੇ।" ਤਾਂ ਗਮਾਂ ਦੇ ਪਹਾੜ ਜਿਵੇਂ ਟੁੱਟ ਪਏ। ਹੰਝੂਆਂ ਦੀ ਨਦੀ ਜਿਵੇਂ ਅੱਖਾਂ ਚੋਂ ਵਹਿ ਤੁਰੀ। ਇਹ ਕੀਹ ਬਣਿਆ। ਇਹ ਕੀਹ ਹੋਇਆ ? ਮੈਂ ਆਪਣੇ ਆਪ ਤੋਂ ਪੁੱਛ ਰਿਹਾ ਸਾਂ, ਤੇ ਮੇਰੇ ਮੂੰਹੋਂ ਫੇਰ ਇਹ ਨਿਕਲਿਆ "ਕੀ ਪਤਾ ਸੀ ? ਇਹ ਭਾਰਤੀ ਜੀ ਦੇ ਦਰਸ਼ਨ ਮੈਂ ਫੇਰ ਨਹੀਂ ਕਰ ਸਕਣੇ ? ਕਾਸ਼! ਮੈਂ ਭਾਰਤੀ ਜੀ ਨੂੰ ਉਸ ਦਿਨ ਇਸ ਤਰ੍ਹਾਂ ਹੀ ਕੁਝ ਚਿਰ ਹੋਰ ਵੇਖਦਾ ਰਹਿੰਦਾ, ਪਰ ਕੀ ਪਤਾ ਸੀ ਇਸ ਸਾਹਿਤ ਦੇ ਸੂਰਜ ਨੇ ਇਤਨੀ ਛੇਤੀ ਸਾਡੀਆਂ ਅੱਖਾਂ ਅਗੋਂ ਉਹਲੇ ਹੋ ਜਾਣਾ ਏ ? ਉਸ ਮਹਾਨ ਸ਼ਖਸੀਅਤ ਨੂੰ ਨਹੀਂ ਵੇਖ ਸਕਣਾ। ਜਿਸ ਦੀ ਕਦਰ ਸੱਚੇ ਪਾਤਸ਼ਾਹਾਂ ਤੋਂ ਬਗੈਰ ਏਸ ਬੇਕਦਰੀ ਦੁਨੀਆਂ ਨੇ ਨਹੀਂ ਪਾਈ। ਏਸ ਕੀ ਪਤਾ ਸੀ ? ਦਾ ਜਵਾਬ ਮੇਰੀ ਇਹ ਨਿਗੁਣੀ ਕਲਮ ਜਿਵੇਂ ਦੇ ਸਕਦੀ ਹੈ ? ਸਵਾਏ ਇਹਨਾਂ ਸ਼ੇਅਰਾਂ ਦੇ।

ਅਮਰ ਭਾਰਤੀ ਵੀ ਤੁਰ ਗਏ ਨੇ ਕੀ ਇਸ ਜਗ ਵਿਚ ਰਹਿਣਾ
ਖੋਹ ਲੀਤਾ ਏ ਮੌਤ ਨੇ ਸਾਥੋਂ ਬਹੁਤ ਕੀਮਤੀ ਗਹਿਣਾ

ਇਸ ਸੰਸਾਰ ਤੇ ਅਮਰ ਭਾਰਤੀ ਵਰਗੇ ਘੱਟ ਹੀ ਆਉਂਦੇ
ਆਪ ਮੁਨਵਰ ਹੋਵਨ ਨਾਲੇ ਚੌਗਿਰਦਾ ਰੁਸ਼ਨਾਉਂਦੇ

## ਸਾਹਿਤ ਸਭਾ ਵਲੋਂ ਭਾਰਤੀ ਜੀ ਦੇ ਵਿਛੋੜੇ ਤੇ ਦੁੱਖ

ਅੱਜ ਮਿਤੀ ੧੯-੪-੨੦੦੪ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਖਾਸ ਮੀਟਿੰਗ ਬੁਲਾਈ ਗਈ, ਜਿਸ ਵਿਚ ਡਾ. ਅਮਰ ਭਾਰਤੀ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਡੂੰਘੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਵਲੋਂ ਦੋ ਮਿੰਟ ਦਾ ਮੋਨ ਧਾਰ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ ਕੀਤੀ ਗਈ। ਸਭਾ ਦੇ ਵੱਖ-ਵੱਖ ਮੈਂਬਰਾਂ ਨੇ ਅਮਰ ਭਾਰਤੀ ਜੀ ਦੀ ਸਾਹਿਤਕ ਜੀਵਨ ਤੇ ਸਾਹਿਤ ਲਈ ਕੀਤੀ ਮਹਾਨ ਘਾਲਣਾ ਉਤੇ ਚਾਨਣਾ ਪਾਇਆ। ਅਮਰ ਭਾਰਤੀ ਜੀ ਇਕ ਮਹਾਨ ਵਿਦਵਾਨ ਅਤੇ ਮਹਾਨ ਵਿਅਕਤੀ ਸਨ।

ਉਹਨਾਂ ਦੀਆਂ ਘਾਲਣਾ ਸਦਕਾ ਦੇਸ਼ ਅਤੇ ਸਾਹਿਤ ਜਗਤ ਉਹਨਾਂ ਨੂੰ ਹਮੇਸ਼ਾ ਯਾਦ ਕਰਦਾ ਰਹੇਗਾ ਅਤੇ ਉਹਨਾਂ ਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਸਤਿਗੁਰੂ ਜੀ ਉਹਨਾਂ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

*ਜੁਗਿੰਦਰ ਸਿੰਘ ਮੁਕਤਾ ਪ੍ਰਧਾਨ*
*ਨਾਮਧਾਰੀ ਪੰਜਾਬੀ ਸਾਹਿਤ ਸਭਾ*
*ਸ੍ਰੀ ਜੀਵਨ ਨਗਰ*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

# ਕੂਕਾ ਲਹਿਰ ਨਾਲ ਨਾਇਨਸਾਫ਼ੀ ਕਿਉਂ ?

*—ਗੁਰਬਚਨ ਸਿੰਘ ਨਾਮਧਾਰੀ*

ਪ੍ਰਮੁਖ ਸਮਾਜ ਸੇਵੀ ਅਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਮਾਨਯੋਗ ਵਕੀਲ, ਸ੍. ਮਾਲਵਿੰਦਰਜੀਤ ਸਿੰਘ ਵੜੈਚ ਵਲੋਂ ਕੂਕਾ ਲਹਿਰ ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਨੂੰ ਭਾਰਤ ਸਰਕਾਰ ਵਲੋਂ ਅਜੇ ਤਕ ਮਾਨਤਾ ਨਾ ਦੇਣ ਦੇ ਵਿਰੁੱਧ ਦਾਇਰ ਜਨਹਿਤ ਪਟੀਸ਼ਨ ਦੇ ਜਵਾਬ ਵਿੱਚ, ਗ੍ਰਿਹ ਮੰਤਰਾਲੇ, ਭਾਰਤ ਸਰਕਾਰ ਵਲੋਂ "ਕੂਕਾ ਲਹਿਰ, ਅਜ਼ਾਦੀ ਲਹਿਰ ਨਹੀਂ" ਸੰਬੰਧੀ ਹਲਫੀਆ ਬਿਆਨ ਉਤੇ ਮੀਡੀਆ, ਬੁੱਧੀ ਜੀਵੀਆਂ ਅਤੇ ਅਨੇਕਾਂ ਦੇਸ਼ ਭਗਤਾਂ ਦੀ ਪ੍ਰਤੀਕ੍ਰਿਆ, ਸੰਪਾਦਕੀ ਲੇਖ, ਵੱਖ-ਵੱਖ ਸ਼ਹਿਰਾਂ ਵਿੱਚ ਇਸ ਸੰਬੰਧ ਵਿਚ ਹੋ ਰਹੀਆਂ ਸਭਾਵਾਂ ਸਰਕਾਰ ਦੇ ਇਤਿਹਾਸ ਵਿਰੋਧੀ ਅਤੇ ਵਿਤਕਰੇਪਨ ਦੇ ਖਿਲਾਫ ਜਨਮਤ ਦੀ ਪ੍ਰਤੀਕ ਹੈ।

ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍. ਤ੍ਰਿਲੋਚਨ ਸਿੰਘ, ਸ਼ਲਾਘਾਯੋਗ ਹਨ, ਜਿਨ੍ਹਾਂ ਨੇ ਇਸ ਗੈਰ ਜ਼ਿੰਮੇਦਾਰਾਨਾ ਬਿਆਨ ਨੂੰ ਸਰਕਾਰ ਦੀ ਇਤਿਹਾਸਕ ਅਲਪੱਗਤਾ ਅਤੇ ਪੰਜਾਬੀ ਸ਼ਹਾਦਤ ਭਰੇ ਇਤਿਹਾਸ ਤੋਂ ਨਾਵਾਕਫ ਕਰਾਰ ਦਿੱਤਾ।

੪ ਅਪ੍ਰੈਲ ੨੦੦੪ ਨੂੰ ਪ੍ਰਾਚੀਨ ਕਲਾ ਕੇਂਦਰ, ਸੈਕਟਰ ੩੫ ਚੰਡੀਗੜ੍ਹ ਵਿਖੇ, "ਸਾਹਿਤ ਚਿੰਤਨ" ਦੇ ਪ੍ਰਧਾਨ ਸ੍. ਗੁਰਸ਼ਰਨ ਸਿੰਘ (ਪ੍ਰਮੁੱਖ ਨਾਟਕਕਾਰ) ਅਤੇ ਜਨਰਲ ਸਕੱਤਰ ਸ੍. ਸਰਦਾਰਾ ਸਿੰਘ ਚੀਮਾ ਦੀ ਪ੍ਰਬੰਧਕੀ ਹੇਠ, ਚੰਡੀਗੜ੍ਹ ਦੇ ਸਾਹਿਤਕਾਰਾਂ, ਬੁੱਧੀਜੀਵੀਆਂ ਦੀ ਇਕ ਬੈਠਕ ਹੋਈ। ਇਸ ਬੈਠਕ ਵਿੱਚ ਇਕ ਸੁਰ ਨਾਲ ਕੂਕਾ ਲਹਿਰ ਅਤੇ ਬਜਬਜ ਘਾਟ (ਕਲੱਕਤਾ) ਤੇ ਕਾਮਾਗਾਟਾਮਾਰੂ ਜਹਾਜ਼ ਦੇ ਹੋਏ ਸ਼ਹੀਦਾਂ ਨੂੰ ਪੂਰਨ ਤੌਰ ਤੇ ਸਰਕਾਰੀ ਮਾਨਤਾ ਦੇਣ ਦੀ ਵਕਾਲਤ ਕੀਤੀ।

ਡਾ. ਪ੍ਰੇਮ ਸਿੰਘ, ਸਾਬਕਾ ਸੰਪਾਦਕ, ਦੇਸ਼ ਸੇਵਕ ਨੇ ਵਿਦਵਾਨਾਂ ਅਤੇ ਖੋਜਪੂਰਨ ਤਕਰੀਰ ਨਾਲ ਕੂਕਾ ਕੁਰਬਾਨੀਆਂ ਭਰੇ ਇਤਿਹਾਸ ਅਤੇ ਕਾਮਾਗਾਟਾਮਾਰੂ ਦੇ ਸ਼ਹੀਦੀ ਮਨੋਵਿਗਿਆਨ ਦਾ ਵਿਸ਼ਲੇਸ਼ਣ ਕਰਕੇ ਸਰਕਾਰ ਤੇ ਪੰਜਾਬੀ ਵਿਰਸੇ ਨਾਲ ਵਿਤਕਰੇਪਨ ਦਾ ਆਰੋਪ ਵੀ ਲਾਇਆ।

ਪ੍ਰੋ. ਵੜੈਚ ਨੇ ਗ਼ਦਰੀ ਬਾਬਿਆਂ ਦੀ ਸੋਹਬਤ ਵਿੱਚ ਬਤੀਤ ਕੀਤੇ ਖਿਣਾਂ ਨੂੰ ਯਾਦ ਕਰਦਿਆਂ ਬਾਬਾ ਸੋਹਨ ਸਿੰਘ ਭਕਨਾ ਜਿਹੇ ਕ੍ਰਾਂਤੀਕਾਰੀਆਂ 'ਤੇ ਕੂਕਾ ਲਹਿਰ ਦਾ ਪ੍ਰਭਾਵ ਦਸਿਆ। ਆਪਣੇ ਆਪ ਨੂੰ ਸ਼ਹੀਦਾਂ ਦਾ ਮੁਣਸ਼ੀ ਕਹਿੰਦਿਆਂ ਹੋਇਆਂ ਸ਼ਹੀਦਾਂ ਦੇ ਸਨਮਾਨ ਅਤੇ ਸ਼ਹੀਦ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਦਾ ਸੰਕਲਪ ਪ੍ਰਕਟ ਕੀਤਾ।

ਗੁਰਬਚਨ ਸਿੰਘ ਨਾਮਧਾਰੀ ਨੇ ਦਸਿਆ ਕਿ ਅਜ਼ਾਦੀ ਦਾ ਅਰਥ ਕਿਸ਼ਤਾਂ ਵਿੱਚ ਨਹੀਂ ਕੱਢਿਆ ਜਾ ਸਕਦਾ। ਅਜ਼ਾਦੀ ਦਾ ਭਾਵ ਅਰਥ ਹੈ, ਰਾਜਨੀਤਕ ਆਰਥਕ, ਸਮਾਜ ਅਤੇ ਧਾਰਮਕ, ਸਰਬਪੱਖੀ ਅਜ਼ਾਦੀ। ਇਸੇ ਲਈ ਇਤਿਹਾਸਕਾਰਾਂ ਨੇ ਕੂਕਾ ਕ੍ਰਾਂਤੀ ਨੂੰ ਸਮਗ੍ਰ-ਕ੍ਰਾਂਤੀ ਦਸਿਆ ਹੈ। ਕੂਕਾ ਸੰਗ੍ਰਾਮੀਆਂ ਤੋਂ ਇਹ ਆਸ ਬੇਅਰਥ ਸੀ ਕਿ ਉਹ ਰਾਜਨੀਤਕ ਸੱਤਾ ਹਸਤਾਂਤਰਣ ਦੀ ਮੰਗ ਤਾਂ ਕਰਦੇ ਪਰ ਦਰਬਾਰ ਸਾਹਿਬ ਦੇ ਨੇੜੇ ਖੁੱਲੇ ਬੁਚੜਖਾਨੇ ਵਿੱਚ ਗਊਆਂ ਦੀ ਹੱਤਿਆ ਹੁੰਦੀ ਵੇਖਦੇ ਰਹਿੰਦੇ ਜਾਂ ਕਾਵਾਂ, ਇਲ੍ਹਾਂ ਦੀਆਂ ਚੁੰਜਾਂ ਤੋਂ ਡਿੱਗਦੀਆਂ ਹੱਡੀਆਂ ਅਤੇ ਮਾਸ ਦੀਆਂ ਬੋਟੀਆਂ ਨਾਲ ਪਵਿੱਤਰ ਸਰੋਵਰ ਦੀ ਮਰਿਯਾਦਾ ਭੰਗ ਹੁੰਦੀ ਸਹਾਰਦੇ ਰਹਿੰਦੇ। ਸਾਨੂੰ ਗਰਵ ਹੈ, ਸਾਡੇ ਪੂਰਵਜਾਂ ਨੇ ਚਾਰੇ ਅੰਗਾਂ ਸਹਿਤ ਸੰਪੂਰਨ ਅਜ਼ਾਦੀ ਲਈ ਕੂਕ ਮਾਰੀ।

੨੫ ਮਾਰਚ ੨੦੦੪ ਨੂੰ ਭਾਰਤ ਉਦੈ ਯਾਤਰਾ ਦੇ ਸਮੇਂ ਦੇਸ਼ਭਗਤ ਯਾਦਗਾਰ ਕਮੇਟੀ ਦੇ ਬੈਨਰ ਹੇਠਾਂ ਕੂਕਾ ਲਹਿਰ ਅਤੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਮਾਨਤਾ ਦੇਣ ਤੇ ਰੋਸ ਪ੍ਰਗਟਾਵਾ ਕਰਦੇ ਹੋਏ, ਕਾਮਰੇਡ ਸੱਤਪਾਲ ਡਾਂਗ, ਵਿਮਲਾ ਡਾਂਗ ਅਤੇ ਹੋਰ ਕਈ ਬਜ਼ੁਰਗ ਸਮਾਜ ਸੇਵੀਆਂ ਨੇ ਪੁਲਿਸ ਦੇ ਧੱਕੇ-ਮੁੱਕੇ ਅਤੇ ਲਾਠੀਆਂ ਵੀ ਖਾਧੀਆਂ।

੨ ਅਪ੍ਰੈਲ ੨੦੦੪ ਨੂੰ ਪੰਜਾਬ ਭਾਰਤੀ ਜਨਤਾ ਪਾਰਟੀ ਨੇ ਪ੍ਰਦੇਸ਼ ਪ੍ਰਧਾਨ ਸ੍ਰੀ ਅਵਿਨਾਸ਼ਰਾਏ ਖੰਨਾ ਦੀ ਪ੍ਰਧਾਨਗੀ ਹੇਠਾਂ, ਜਲੰਧਰ ਵਿਖੇ ਇਕ ਪ੍ਰਦੇਸ਼ ਪੱਧਰ ਦੀ ਮੀਟਿੰਗ ਕਰ, ਕੂਕਾ ਲਹਿਰ ਅਤੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਤਤਕਾਲ ਮਾਨਤਾ ਅਤੇ ਸਨਮਾਨ ਦੇਣ ਸੰਬੰਧੀ ਪ੍ਰਸਤਾਵ ਪਾਸ ਕਰਕੇ, ਪ੍ਰਧਾਨ ਮੰਤਰੀ, ਉਪ ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰਾਲੇ ਨੂੰ ਭੇਜਿਆ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ੧੯ ਅਪ੍ਰੈਲ ੨੦੦੪ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ, ਕਾਮਾਗਾਟਾਮਾਰੂ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਦੇਸ਼ਭਗਤ ਨਾ ਮੰਨਣਾ ਬਿਲਕੁਲ ਗਲਤ ਅਤੇ ਇਤਿਹਾਸ ਵਿਰੋਧੀ ਦਸਿਆ। ਹੋਰ ਕਈ ਥਾਵਾਂ ਤੋਂ ਅਜ਼ਾਦੀ ਇਤਿਹਾਸ ਦੇ ਅਪਮਾਨ ਅਤੇ ਪੱਖਵਾਦ ਵਿਰੋਧੀ ਸਰਕਾਰੀ ਨਜ਼ਰੀਏ ਦੀ ਪੁਰਜ਼ੋਰ ਵਿਰੋਧਤਾ ਜਾਰੀ ਹੈ। ਚਿੰਗਾਰੀ ਲੱਗ ਚੁਕੀ ਹੈ, ਅੱਗ ਭਖਣੀ ਸ਼ੁਰੂ ਹੋ ਗਈ ਹੈ। ਦੇਖਦੇ ਹਾਂ, ਸਮਾਂ ਰਹਿੰਦਿਆਂ ਕੇਂਦਰੀ ਸਰਕਾਰ ਭੁੱਲ ਸੁਧਾਰ ਕੇ ਜਨ-ਰੋਸ ਨੂੰ ਸ਼ਾਂਤ ਕਰਦੀ ਹੈ—ਜਾਂ ਸ਼ਾਂਤ ਲੋਕਾਂ ਦਾ ਉਗਰ ਰੂਪ ਸੜਕਾਂ ਤੇ ਵੇਖਣ ਦੀ ਉਡੀਕ ਕਰਦੀ ਹੈ।

*2753 Phase-7 Mohali*
*(O)-2700221 (R)-2221199*



Namdhari Elibrary NamdhariElibrary@gmail.com

*ਕਿਸ਼ਤ ਨੰ.੩*

# ਗੁਰਬਖਸ਼ ਸਿੰਘ 'ਪ੍ਰੀਤਲੜੀ' ਦਾ ਧਰਮ ਵਿਸ਼ਵਾਸ

*—ਸਵਰਨ ਸਿੰਘ ਸਨੇਹੀ, ਐਮ.ਏ.*

ਵਿਰੋਧਾਭਾਸ ਵਾਲੀ ਦਿਲਚਸਪ ਗੱਲ ਇਹ ਹੈ ਕਿ ਪ੍ਰੀਤਲੜੀ ਤੋਂ ਜਿਨਾ ਖਤਰਾ ਸਿੱਖ ਸਿੱਖੀ ਨੂੰ ਸਮਝਦੇ ਸਨ ਦੂਜੇ ਪਾਸੇ ਉਸ ਤੋਂ ਵੀ ਵਧੀਕ ਖਤਰਾ ਈਸਾਈ ਆਗੂ ਮਹਿਸੂਸ ਕਰਦੇ ਸਨ। ਇਕ ਸਿੱਖ ਤੋਂ ਈਸਾਈ ਬਣੇ ਪਾਦਰੀ ਵੱਲੋਂ ਪ੍ਰਾਪਤ ਹੋਏ ਸੁਨੇਹੇ ਦਾ ਹਵਾਲਾ ਦੇ ਕੇ ਗੁਰਬਖਸ਼ ਸਿੰਘ ਲਿਖਦਾ ਹੈ "ਪ੍ਰੀਤਲੜੀ ਦਾ ਬਹੁਤਾ ਖਤਰਾ ਸਾਨੂੰ ਹਿੰਦੁਸਤਾਨੀ ਈਸਾਈਆਂ ਨੂੰ ਹੈ। ਜੇ ਪ੍ਰੀਤਲੜੀ ਦਾ ਖਿਆਲ ਚਾਲੂ ਹੋ ਗਿਆ ਤਾਂ ਕੋਈ ਪੜ੍ਹਿਆ ਲਿਖਿਆ ਸਿੱਖ ਈਸਾਈ ਨਹੀਂ ਹੋਵੇਗਾ। ਅੱਗੇ ਅਸੀਂ ਆਜ਼ਾਦੀ ਪਸੰਦ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਿੱਖੀ ਦੀਆਂ ਕਰੜੀਆਂ ਸ਼ਰਤਾਂ ਦੇ ਮੁਕਾਬਲੇ ਵਿਚ ਈਸਾਈ ਭਾਈਚਾਰੇ ਦੀਆਂ ਖੁਲ੍ਹਾਂ ਦਾ ਜ਼ਿਕਰ ਕਰ ਕੇ ਖਿਚ ਪੈਦਾ ਕਰ ਲੈਂਦੇ ਸਾਂ, ਪਰ ਹੁਣ ਓਹਨਾਂ ਮੁੰਡਿਆਂ ਦੀ ਐਂਕੜ ਪ੍ਰੀਤਲੜੀ ਦੂਰ ਕਰ ਦੇਵੇਗੀ।[੮੮]

ਇੱਕ ਹੋਰ ਅਜਿਹੀ ਹੈਰਾਨੀਜਕ ਗੱਲ, ਜਿਸ ਦਾ ਬਹੁਤ ਸਿੱਖਾਂ ਤੇ ਪੰਜਾਬੀਆਂ ਨੂੰ ਸ਼ਾਇਦ ਗਿਆਨ ਨਹੀਂ, ਇਹ ਹੈ ਕਿ ਗੁਰਬਖਸ਼ ਸਿੰਘ ਸਿੱਖਾਂ ਵੱਲੋਂ ਚਲਾਏ ਅੰਦੋਲਨਾਂ ਦੇ ਵਿਰੁਧ ਹੋਣ ਦੀ ਥਾਂ ਉਨ੍ਹਾਂ ਦਾ ਪ੍ਰਭਾਵ ਕਬੂਲਦਾ ਰਿਹਾ ਹੈ। ਸਿੱਖਾਂ ਵੱਲੋਂ ਜਦੋਂ ੧੯੨੨ ਵਿੱਚ ਗੁਰੂ ਕੇ ਬਾਗ ਦਾ ਮੋਰਚਾ ਲਾਇਆ ਗਿਆ ਤਾਂ ਅੰਗਰੇਜ਼ਾਂ ਦੀ ਪੁਲਸ ਵੱਲੋਂ ਅਕਾਲੀਆਂ ਉੱਤੇ ਅਕਹਿ ਤਸ਼ੱਦਦ ਕੀਤਾ ਜਾਂਦਾ ਸੀ। "ਮਾਰ ਕੁਟਣ ਵੇਲੇ ਜੰਗਲ ਦਾ ਕਾਨੂਨ ਲਾਗੂ ਹੋ ਜਾਂਦਾ ਸੀ। ਕੋਈ ਥਾਂ ਕੁਥਾਂ ਨਹੀਂ ਸੀ। ਵੇਖਿਆ ਜਾਂਦਾ... ਅਤੇ ਉਹ ਉਨ੍ਹਾਂ ਥਾਵਾਂ ਤੇ ਸੱਟਾਂ ਮਾਰਨ ਵਿਚ ਖਾਸ ਖੁਸ਼ੀ ਹਾਸਲ ਕਰਦੇ ਸਨ ਜਿਥੇ ਸਭ ਸੱਟਾਂ ਸਭ ਤੋਂ ਦੁਖਦਾਈ, ਤੜਪਾਵੀਆਂ ਅਤੇ ਸਹਨਸ਼ਕਤੀ ਤੋਂ ਬਾਹਰ ਹੋ ਜਾਂਦੀਆਂ ਹਨ।"[੮੯] ਉਪ ਪੁਲਸ ਕਪਤਾਨ ਬੀ. ਟੀ. ਨੂੰ ਇਸ ਕੰਮ ਤੇ ਲਾਇਆ ਗਿਆ ਸੀ। ਇਸੇ ਮੋਰਚੇ ਵਿਚ ਬੀ. ਟੀ ਦੀਆਂ ਡਾਂਗਾਂ ਗਿ. ਹੀਰਾ ਸਿੰਘ ਦਰਦ ਵੀ ਨੇ ਵੀ ਖਾਧੀਆਂ ਸਨ। ਤਸ਼ੱਦਦ ਦੀ ਝਾਕੀ ਪੇਸ਼ ਕਰਦਿਆਂ ਉਹ ਲਿਖਦਾ ਹੈ, ਪਹਿਲਾਂ ਅਕਾਲੀਆਂ ਦੇ ਪੈਰਾਂ ਤੇ ਗੋਡਿਆਂ ਉੱਤੇ ਡਾਂਗਾਂ ਮਾਰ ਕੇ ਉਨ੍ਹਾਂ ਨੂੰ ਗਿਰਾ ਲਿਆ ਜਾਂਦਾ ਸੀ। ਉਹ ਸਤਿਨਾਮ ਵਾਹਿਗੁਰੂ ਉਚਾਰਦੇ ਹੋਏ ਡਿਗ ਪੈਂਦੇ ਸਨ। ਫਿਰ ਉਨ੍ਹਾਂ ਦੇ ਪਿਠ ਤੇ ਗੁਪਤ ਸਥਾਨਾਂ ਉਤੇ ਡਾਂਗਾਂ ਮਾਰ-ਮਾਰ ਕੇ ਬੇਹੋਸ਼ ਕਰ ਦਿੱਤਾ ਜਾਂਦਾ ਸੀ।"[੯੦]

ਗੁਰਬਖਸ਼ ਸਿੰਘ ਇਨ੍ਹਾਂ ਦਿਨਾਂ ਵਿਚ ਅਮਰੀਕਾ ਵਿਚ ਸੀ। ਪੁਲਸ ਤਸ਼ੱਦਦ ਨੇ ਉਸ ਨੂੰ ਉਥੇ ਪ੍ਰਭਾਵਤ ਕਰ ਕੇ ਉਸਦੇ ਨਾਜ਼ਕ ਹਿਰਦੇ ਨੂੰ ਪੰਘਰਾ ਦਿੱਤਾ। ਉਹਨੇ ੧੦ ਦਸੰਬਰ ੧੯੨੨ ਨੂੰ ਇਕ ਕਵਿਤਾ ਲਿਖੀ 'ਦਿਲ ਚਾਹੁੰਦਾ' ਕਾਲੀਆ ਮਿਲਾਂ ਤੈਨੂੰ' ਜਿਸ ਦੀ ਵੰਨਗੀ ਇਹ ਹੈ:

ਭਾਵੇਂ ਦੋਹ ਸਮੁੰਦਰੋਂ ਪਾਰ ਬੈਠੀ,<br>
ਤੇਰੀ ਪੀੜ ਨਾਲ ਦਿਲ ਫਿਗਾਰ ਮੇਰਾ।<br>
ਪਿੰਡੇ ਲਾਸ ਨਾ ਡਾਂਗ ਦੀ ਕੋਈ ਭਾਵੇਂ,<br>
ਹਿਰਦਾ ਵੇਖ ਲੈ ਟੁਕੜੇ ਚਾਰ ਮੇਰਾ।<br>
ਤੇਰੇ ਫਟਾਂ ਤੇ ਪੱਟੀ ਨਾ ਬੰਨ੍ਹ ਵੇਖੀ,<br>
ਫਟ-ਫਟ ਕਲੇਜੜ ਜ਼ਾਰ ਮੇਰਾ।<br>
ਦਿਲ ਤਾਂਘਦਾ ਕਾਲੀਆ ਮਿਲਾਂ, ਤੈਨੂੰ<br>
ਤੇਰੇ ਸਿਦਕ ਤੋਂ ਜ਼ਿਕਰ ਨਿਸਾਰ ਮੇਰਾ।

ਕੀਕੂ ਦਸਾਂ ਅਕਾਲੀਆ ਲੋਚ ਦਿਲ ਦੀ<br>
ਸ਼ਬਦਾਂ ਵਿਚ ਨਾ ਆਂਵਦੀ ਸਿਕ ਮੇਰੀ।<br>
ਚਾਹਾਂ ਦਸਣਾ, ਦਸਣ ਦਾ ਵੱਲ ਨਾਹੀਂ,<br>
ਮੱਲੀ ਖਾਬ ਅਦਿਖ ਨੇ ਹਿੱਕ ਮੇਰੀ।<br>
ਵੀਰਾ ਦਿਲ ਨੂੰ ਦਿਲ ਦੇ ਨਾਲ ਲਾ ਕੇ,<br>
ਜਾਣ ਭਾਲ ਲੈ ਰੀਝ ਅਕੱਥ ਮੇਰੀ।<br>
ਮੇਰੀ ਆਤਮਾ ਜਥਿਆਂ ਨਾਲ ਫਿਰਦੀ,<br>
ਨਾਹੀ ਕੂਕ ਪਹੁਚੇ ਤੁਸਾਂ ਤਕ ਮੇਰੀ।[੯੧]

ਇਹ ਕਵਿਤਾ ਬੜੀ ਹਰਮਨ ਪਿਆਰੀ ਹੋਈ। ਇਥੋਂ ਤਕ ਕਿ ਜਦੋਂ ਦੇਸ਼ ਵਾਪਸੀ ਤੇ ੧੯੨੪ ਵਿਚ ਗੁਰਬਖਸ਼ ਸਿੰਘ ਸਿਆਲਕੋਟ ਬਾਬੇ ਦੀ ਬੇਰ ਗਿਆ ਤਾਂ ਲੋਕਾਂ ਦੀ ਜ਼ਬਰਦਸਤ ਮੰਗ ਤੇ ਉਸਨੇ ਇਹੋ ਕਵਿਤਾ ਗਾ ਕੇ ਪੜ੍ਹੀ। ਇਕ ਹਫਤੇ ਪਿਛੋਂ ਸਰਦਾਰ ਸ਼ਿਵਦੇਵ ਸਿੰਘ ਆਨਰੇਰੀ ਮੈਜਿਸਟਰੇਟ ਨੇ ਗੁਰਬਖਸ਼ ਸਿੰਘ ਨੂੰ ਬੁਲਾ ਕੇ ਦੱਸਿਆ ਕਿ ਉਸ ਪਾਸ ਗੁਰਬਖਸ਼ ਸਿੰਘ ਦੇ ਗ੍ਰਿਫਤਾਰੀ ਵਾਰੰਟ ਪੁਜ ਚੁਕੇ ਹਨ ਜੋ ਅਜੇ ਤਾਮੀਲ ਲਈ ਭੇਜੇ ਨਹੀਂ ਸਨ ਗਏ।[੯੨] ਇਹੋ ਗੁਰਬਖਸ਼ ਸਿੰਘ ਪਿਛੋਂ ਜਾ ਕੇ ਅਸਿੱਖੀ ਦਾ ਪ੍ਰਚਾਰਕ ਸਮਝਿਆ ਗਿਆ।

ਭੁਲੇਖਿਆਂ ਦੀ ਉਮਰ ਬਹੁਤੀ ਲੰਬੀ ਤਾਂ ਨਹੀਂ ਹੁੰਦੀ ਪਰ ਗੁਰਬਖਸ਼ ਸਿੰਘ ਦੇ ਨਾਸਤਕ ਹੋਣ ਦਾ ਤੇ ਅਸਿੱਖੀ ਦੇ ਪ੍ਰਚਾਰਕ ਹੋਣ ਸਬੰਧੀ ਪਿਆ ਭੁਲੇਖਾ ਸਦੀ ਦਾ ਚੌਥਾ ਹਿੱਸਾ ਕਾਇਮ ਰਿਹਾ। ਇਸ ਅਉਧ ਬੀਤ ਜਾਣ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ "ਮੇਰੇ ਖਿਲਾਫ ਆਪਣਾ ਪਾਸ ਕੀਤਾ ਮਤਾ ਪਿਛੇ ਜਿਹੇ ਮੋਸ ਦਿੱਤਾ ਤੇ ਮੇਰੇ ਸਾਹਿਤ ਨੂੰ ਪ੍ਰਵਾਨਗੀ ਦੇ ਕੇ ਮੈਨੂੰ ਕਿਰਤਾਰਥ ਕੀਤਾ ਹੈ।"[੯੩]

ਅਸੀਂ ਪਿਛੇ ਦੇਖ ਚੁੱਕੇ ਹਾਂ ਕਿ ਗੁਰਬਖਸ਼ ਸਿੰਘ ਨੂੰ ਕਈ ਧਾਰਮਿਕ ਹਸਤੀਆਂ ਘ੍ਰਿਣਾ ਕਰਦੀਆਂ ਸਨ ਪਰ ਇਸ ਦੇ


Namdhari Elibrary NamdhariElibrary@gmail.com

ਮਨ ਵਿਚ ਕਿਸੇ ਪ੍ਰਤੀ ਨਫ਼ਰਤ ਪੈਦਾ ਨਹੀਂ ਹੋਈ। ਨਿਰੰਕਾਰੀ ਮੱਤ ਦੇ ਮਹਾਂਪੁਰਸ਼ਾਂ ਬਾਬਾ ਗੁਰਦਿੱਤ ਸਿੰਘ ਜੀ ਅਤੇ ਬਾਬਾ ਹਰਾ ਸਿੰਘ ਜੀ ਨਾਲ ਉਸ ਦਾ ਅਤਿ ਦਾ ਸਨੇਹ ਸੀ।[੯੪] ਇਸੇ ਤਰ੍ਹਾਂ ਨਾਮਧਾਰੀ ਆਗੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਚਰਣ ਤੋਂ ਉਹ ਬਹੁਤ ਪ੍ਰਭਾਵਤ ਸੀ। ਆਪਣੇ ਇਕ ਲੇਖ 'ਮੋਹੀ ਦੇਖ ਦਰਸ' ਵਿਚ ਉਨ੍ਹਾਂ ਨਾਲ ਆਪਣੀ ਪਹਿਲੀ ਮੁਲਾਕਾਤ ਦੀ ਯਾਦ ਤਾਜ਼ਾ ਕਰਦਿਆਂ ਉਹ ਲਿਖਦਾ ਹੈ ? "ਮੈਂ ਏਸ ਨਿਰਮਾਣਤਾ ਉੱਤੇ ਹੈਰਾਨ ਹੋ ਗਿਆ। ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਆਪਣੇ ਪੰਥ ਵਿਚ ਉਚਤਾਈ ਸੁਣੀ ਹੋਈ ਸੀ। ਸੁਣਿਆ ਹੋਇਆ ਸੀ ਕਿ ਮੁਲਕ ਦੇ ਪਾਤਸ਼ਾਹਾਂ ਦਾ ਮਾਣ ਕੋਈ ਵਧੇਰੇ ਨਹੀਂ ਹੁੰਦਾ। ...ਮਹਾਰਾਜ ਦੇ ਬੈਠਣ ਵਿਚ ਉਹ ਸਰਲਤਾ, ਬੋਲ ਵਿਚ ਓਹ ਨਿਰਮਾਣਤਾ, ਦ੍ਰਿਸ਼ਟੀ ਵਿਚ ਉਹ ਬਚਪਨ, ਹਸੂੰ ਹਸੂੰ ਕਰਦਾ ਚਿਹਰਾ, ਰੌਸ਼ਨ ਨੇਤ੍ਰ, ਸਾਦਾ ਸੁਦੇਸ਼ੀ ਪਹਿਰਾਵਾ, ਹਿਤੈਸ਼ੀ ਬੋਲ, ਅਗਲੇ ਨੂੰ ਦਲੇਰ ਕਰਨ ਵਾਲਾ ਵਤੀਰਾ, ਘਟ ਬੋਲਣਾ, ਬਹੁਤਾ ਸੁਣਨ ਦਾ ਜਤਨ, ਦੂਜੇ ਦੀਆਂ ਸਿਫਤਾਂ ਢੂੰਡ ਢੂੰਡ ਕੇ ਪ੍ਰਸੰਸਾ ਕਰਨੀ। ਮੈਨੂੰ ਤੇ ਦੱਸਣ ਵਾਲਿਆਂ ਨੇ ਨਾਮਧਾਰੀਆਂ ਕੋਲੋਂ ਉਂਝੇ ਹੀ ਡਰਾਈ ਰਖਿਆ। ਉਨਾਂ ਦੇ ਅਸੂਲ ਤੇ ਉਨਾਂ ਦੇ ਜੀਵਨ ਦਾ ਜਿਹੜਾ ਹਾਲ ਮੈਂ ਹੁਣ ਸੁਣਿਆ ਹੈ, ਉਦੇ ਕਰਕੇ ਮੇਰਾ ਸਿਰ ਉਨਾਂ ਦੀ ਸਲਾਹਤਾ ਵਿਚ ਝੁਕ ਗਿਆ ਹੈ।[੯੫] ਉਨ੍ਹਾਂ ਪਿਛੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵੀ ਉਸਦੇ ਸਬੰਧ ਕਾਫੀ ਨੇੜਲੇ ਰਹੇ ਹਨ।

ਗੁਰਬਖਸ਼ ਸਿੰਘ ਨੇ ਆਪਣਾ ਧਰਮ ਵਿਸ਼ਵਾਸ ਆਪਣੇ ਅੰਤਮ ਸੁਆਸਾਂ ਤਕ ਨਿਭਾਇਆ। ਜੀਵਨ ਦੇ ਅੰਤਲੇ ਦਿਨਾਂ ਵਿਚ ਲਿਖੀ ਵਸੀਅਤ ਇਸ ਗੱਲ ਦੀ ਪੂਰੀ ਤਰ੍ਹਾਂ ਸਾਖ ਭਰਦੀ ਹੈ। "ਮੈਂ ਅਕਾਲ ਪੁਰਖ ਵਿਚ ਦ੍ਰਿੜ ਵਿਸ਼ਵਾਸ ਰਖਦਾ ਹਾਂ ...ਪਰ ਮੌਤ ਦੇ ਬਾਅਦ ਕਿਸੇ ਜ਼ਿੰਦਗੀ ਵਿਚ ਮੇਰਾ ਵਿਸ਼ਵਾਸ ਨਹੀਂ।" ਉਸ ਨੇ ਲਿਖਿਆ ਹੈ, "ਇਸ ਲਈ ਮੇਰੇ ਮਰਨੇ ਉਤੇ ਕੋਈ ਧਾਰਮਿਕ ਰਸਮ ਨਾ ਕੀਤੀ ਜਾਏ। ਇਕ ਸ਼ਰਧਾਂਜਲੀ ਸਮਾਗਮ ਮਨਾ ਲਿਆ ਜਾਵੇ। ਜਿਸ ਦੇ ਵਿਚ ਜਿਸ ਤਰ੍ਹਾਂ ਮਾਤਾ ਜੀ ਦੇ ਸਮਾਗਮ ਉਤੇ ਤਿੰਨ ਸ਼ਬਦਾਂ ਦਾ ਕੀਰਤਨ ਕੀਤਾ ਗਿਆ ਸੀ, ਉਸੇ ਤਰ੍ਹਾਂ ਕਰ ਲਿਆ ਜਾਏ।[੯੬] ਇਹ ਤਿੰਨ ਸ਼ਬਦ ਸਨ—'ਮੇਰਾ ਮਨ ਲੋਚੈ ਗੁਰਦਰਸ਼ਨ ਤਾਈ'[੯੭] ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,[੯੮] ਮੇਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।[੯੯]

ਗੁਰਬਖਸ਼ ਸਿੰਘ ਸਮਕਾਲੀ ਜਾਂ ਪ੍ਰਚਲਤ ਮਾਨਤਾਵਾਂ ਦਾ ਅਨੁਸਾਰੀ ਦਰਵੇਸ਼ ਤਾਂ ਨਹੀਂ ਸੀ ਪਰ ਫਰੀਦ ਦਾ ਸਲੋਕ 'ਦਰਵੇਸਾਂ ਨੂੰ ਲੋੜੀ ਐ ਰੁਖਾਂ ਦੀ ਜੀਰਾਂਦਿ।[੧੦੦] ਉਸ ਦੇ ਅਮਲੀ ਜੀਵਨ ਦਾ ਇਕ ਪ੍ਰਮੁੱਖ ਅੰਗ ਸੀ। ਇਸ ਤੇ ਉਸਨੂੰ ਭਰੋਸੇ ਭਰਿਆ ਮਾਣ ਵੀ ਸੀ। ਉਦਾਹਰਣ ਵਜੋਂ, ਸਰਦਾਰ ਅਮਰ ਸਿੰਘ 'ਸ਼ੇਰੇ ਪੰਜਾਬ' ਨੇ ਉਸ ਦੇ ਵਿਰੁੱਧ ਬਹੁਤ ਤਲਖ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ ਪਰ ਗੁਰਬਖਸ਼ ਸਿੰਘ ਨੇ ਉਸ ਸਭ ਨੂੰ ਨਜ਼ਰਅੰਦਾਜ਼ ਕਰਕੇ ਇਉਂ ਸ਼ਾਂਤੀ ਧਾਰੀ ਰਖੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। "ਸਰਦਾਰ ਅਮਰ ਸਿੰਘ ਜੀ ਦੀ ਕਲਮ ਦਾ ਜ਼ੋਰ ਪ੍ਰਸਿੱਧ ਹੈ ਤੇ ਓਹਨਾਂ ਦੇ ਮੁਖਾਲਿਫ ਉਹਨਾਂ ਦੀ ਕਲਮ ਤੋਂ ਸੱਚਾ ਕੰਬਦੇ ਹਨ, ਪਰ ਜੇ ਉਹ ਮੇਰੀ ਪ੍ਰੀਤ ਨੂੰ ਅਕਾ ਸਕੇ, ਜਾਂ ਮੇਰੇ ਮੱਥੇ ਉੱਤੇ ਆਪਣੇ ਵਿਰੁੱਧ ਨਾਰਾਜ਼ਗੀ ਦਾ ਕੋਈ ਵਟ ਪੁਆ ਸਕੇ ਤਾਂ ਓਹ ਜਿਤਨਗੇ ਮੈਂ ਹਾਰਾਂਗਾ।[੧੦੧] ਉਹਦੀ ਵੰਗਾਰ ਸੀ। ਸਮਕਾਲੀ ਲਿਖਤਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੋਢੀ ਸਰਦਾਰ ਈਸ਼ਰ ਸਿੰਘ ਮਝੈਲ ਗੁਰਬਖਸ਼ ਸਿੰਘ ਦੇ ਵੱਡੇ ਆਲੋਚਕ ਤੇ ਵਿਰੋਧੀ ਸਨ।[੧੦੨] ਪਰ ਮਝੈਲ ਹੋਰਾਂ ਬਾਰੇ ਕੋਈ ਗੱਲ ਕਰਨ ਸਮੇਂ ਵੀ ਗੁਰਬਖਸ਼ ਸਿੰਘ ਦੀ ਕਲਮ ਵਿਚ ਜ਼ਰਾ ਵਿਰੋਧਾਭਾਸ ਨਹੀਂ ਹੁੰਦਾ ਨਾ ਹੀ ਰਤਾ ਭਰ ਕੁੜਤਣ ਨਜ਼ਰ ਆਉਂਦੀ ਹੈ।

ਅਸੀਂ ਦੇਖ ਲਿਆ ਹੈ ਕਿ ਗੁਰਬਖਸ਼ ਸਿੰਘ ਰੱਬ ਦੀ ਹੋਂਦ ਦਾ ਕਾਇਲ ਤੇ ਗੁਰੂ ਸਾਹਿਬਾਨ ਵਿਚ ਅਗਾਧ ਸ਼ਰਧਾ ਰੱਖਣ ਵਾਲਾ ਸਿੱਖ ਸੀ। ਗੱਲ ਸਿਰਫ ਏਨੀ ਸੀ ਕਿ ਉਹ ਆਪਣੇ ਵਿਸ਼ਾਲ ਅਧਿਐਨ ਦੇ ਫਲਸਰੂਪ ਪ੍ਰਾਪਤ ਕੀਤੇ ਗਿਆਨ ਦੇ ਆਸਰੇ ਬਣੇ ਸੁਭਾਉ ਕਾਰਨ ਆਮ ਸਿੱਖ ਵਾਂਗ ਹਰ ਗੱਲ ਨੂੰ ਅੰਧਵਿਸ਼ਵਾਸੀ ਨਜ਼ਰੇ ਤਕਣ ਦੀ ਥਾਂ ਤਰਕਸ਼ੀਲ ਆਲੋਚਕ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਆਦੀ ਸੀ ਅਤੇ ਆਦਰਸ਼ਵਾਦੀ ਲੇਖਕ ਹੋਣ ਦੇ ਨਾਤੇ ਹਰ ਨੁਕਤੇ ਬਾਰੇ ਉਸਦੀ ਪਹੁੰਚ ਤੇ ਵਿਆਖਿਆ ਵੀ ਆਦਰਸ਼ਵਾਦੀ ਹੁੰਦੀ ਸੀ। ਇਸ ਆਦਰਸ਼ਵਾਦ ਦੀ ਟੇਕ ਉਹ ਅਕਸਰ ਗੁਰੂ ਸਾਹਿਬ ਦੀ ਸਿਖਿਆ ਤੇ ਹੀ ਰਖਦਾ ਸੀ। ਜਿਸ ਦੀ ਪ੍ਰੋੜਤਾ ਵਿਚ ਉਹ ਗੁਰਬਾਣੀ ਦੀਆਂ ਅਣਗਿਣਤ ਟੂਕਾਂ ਦੇਣ ਦੇ ਸਮਰਥ ਸੀ ਪਰ ਇਉਂ ਕਰਨਾ ਉਸ ਦੀ ਆਦਤ ਨਹੀਂ ਸੀ।[੧੦੩]

(ਸਮਾਪਤ)

*ਸ਼ਾਹਪੁਰ, ਰਾਹੀਂ ਵਿਲੇਰ*

*ਜ਼ਿਲ੍ਹਾ ਜਲੰਧਰ ੧੪੪ ੪੧੦*

**ਫੁੱਟ ਨੋਟ**

੮੮. ਉਹੀ, ਪੰਨਾ ੧੨, ੮੯. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੧੬੨-੬੩, ੯੦. ਗਿ. ਹੀਰਾ ਸਿੰਘ ਦਰਦ, ਮੇਰੀਆਂ ਕੁਝ ਅਭੁਲ ਯਾਦਾਂ, ਪੰਨਾ ੧੯੨, ੯੧. ਗੁਰਬਖਸ਼ ਸਿੰਘ, ਜ਼ਿੰਦਗੀ ਦੀ ਕਵਿਤਾ, ਪੰਨਾ ੬੮-੭੨, ੯੨. ਉਹੀ, ੯੩. ਪਰਮ ਮਨੁੱਖ, ਭੂਮਿਕਾ ਸਤਵੀ ਐਡੀਸ਼ਨ, ੨ ਜੁਲਾਈ ੧੯੬੦, ੯੪. ਪ੍ਰੀਤਲੜੀ, ਅਕਤੂਬਰ ੧੯੭੭, ੯੫. ਸਤਿਜੁਗ, ਭੈਣੀ ਸਾਹਿਬ, ੮ ਮਾਘ ੧੯੯੦ ਬਿ., ੯੬. ਗੁਰਬਖਸ਼ ਸਿੰਘ ਦੀ ਵਸੀਅਤ, ੯੭. ਆਦਿ ਗ੍ਰੰਥ ਸਾਹਿਬ, ਪੰਨਾ ੯੬, ੯੮. ਦਸਮ ਗ੍ਰੰਥ ਸਾਹਿਬ, ਸ਼ਬਦ ਹਜ਼ਾਰੇ ਖਿਆਲ, ੯੯. ਆਦਿ ਗ੍ਰੰਥ ਸਾਹਿਬ, ਪੰਨਾ ੫੫੭, ੧੦੦. ਉਹੀ ਪੰਨਾ ੧੩੮੧, ੧੦੧. ਪ੍ਰੀਤਲੜੀ, ਮਈ ੧੯੩੭, ੧੦੨. ਉਹੀ, ਅਪਰੈਲ ੧੯੪੫, ੧੦੩. ਉਹੀ, ਮਈ ੧੯੩੭।



Namdhari Elibrary NamdhariElibrary@gmail.com

# ਚਾਰ ਗ਼ਜ਼ਲਾਂ/ਡੀ. ਆਰ. ਧਵਨ

(੧)

ਅੱਖੀਆਂ ਜਦੋਂ ਕਸੂਰ ਕਰਦੀਆਂ
ਹਰ ਗੱਲ ਬੇ ਦਸਤੂਰ ਕਰਦੀਆਂ।

ਅੱਖੀਆਂ ਸੰਗ ਮਿਲਣ ਜਦ ਅੱਖੀਆਂ,
ਪਾਸੇ ਹੋਰ ਫ਼ਤੂਰ ਕਰਦੀਆਂ।

ਅੱਖੀਆਂ ਦੀ ਜਦ ਰਹਿਮਤ ਹੋਵੇ,
ਹਰ ਕਾਸਾ ਭਰਪੂਰ ਕਰਦੀਆਂ।

ਅੱਖਾਂ ਹੱਕ ਹਕੀਕਤ ਬਦਲੇ,
ਸੂਲੀ ਵੀ ਮਨਜ਼ੂਰ ਕਰਦੀਆਂ।

ਅਕਲ ਭੁਲਾਵਣ, ਹੋਸ਼ ਗੁਆਵਣ,
ਅੱਖੀਆਂ ਜਦ ਮਖ਼ਮੂਰ ਕਰਦੀਆਂ।

ਬੇ-ਡਰ ਤੇ ਬੇ-ਖੌਫ਼ ਇਹ ਅੱਖੀਆਂ,
ਦਿਲ ਦੀ ਬਾਤ ਜ਼ਰੂਰ ਕਰਦੀਆਂ।

ਅੱਖੀਆਂ ਅੱਖ ਦੇ ਝਲਕਾਰੇ ਵਿਚ,
ਜ਼ੱਰੇ ਨੂੰ ਕੋਹਿਨੂਰ ਕਰਦੀਆਂ।

ਮਾਰ ਬੁਰੀ ਜ਼ਾਲਿਮ ਅੱਖੀਆਂ ਦੀ,
ਵਿਕਣ ਲਈ ਮਜਬੂਰ ਕਰਦੀਆਂ।

ਅੱਖੀਆਂ ਦੇ ਜੋ ਹੋਣ ਸ਼ੁਦਾਈ,
ਥਾਂ-ਥਾਂ ਤੇ ਮਸ਼ਹੂਰ ਕਰਦੀਆਂ।

ਉਸਨੂੰ ਮੂਲ ਮਿਲੇ ਨਾ ਢੋਈ,
ਜਿਸਨੂੰ ਅੱਖੀਆਂ ਦੂਰ ਕਰਦੀਆਂ।

(੨)

ਦਿਲ ਦੇ ਗ਼ਮ ਦਾ ਚਾਰਾ ਹੀ ਨਈਂ
ਜੇ ਕੋਈ ਸੱਜਣ ਪਿਆਰਾ ਹੀ ਨਈਂ।

ਇਹ ਦਿਲ ਵੀ ਤਾਂ ਰੱਬ ਦਾ ਘਰ ਹੈ,
ਮੰਦਿਰ ਜਾਂ ਗੁਰਦੁਆਰਾ ਹੀ ਨਈਂ।

ਮੇਰੀ ਮੈਂ-ਮੈਂ, ਤੂੰ-ਤੂੰ ਹੋਈ,
ਤੇਰੇ ਬਾਝ ਗੁਜ਼ਾਰਾ ਹੀ ਨਈਂ।

ਅੰਤਰ ਬਾਹਰ ਇਕ ਹੋਵੇ ਤਾਂ,
ਐਸਾ ਹੋਰ ਨਜ਼ਾਰਾ ਹੀ ਨਈਂ।

ਵੇਖਣ ਵਾਲੀ ਅੱਖ ਦੋਸ਼ੀ ਹੈ,
ਦੁਨੀਆ ਝੂਠ ਪਸਾਰਾ ਹੀ ਨਹੀਂ।

ਦਿਲ ਦਰਿਆ ਦੀ ਹਾਥ ਨਾ ਪੈਂਦੀ,
ਦਿਸਦਾ ਪਾਰ ਕਿਨਾਰਾ ਹੀ ਨਈਂ।

ਤੇਰੀ ਮੇਰੀ ਦੂਰ ਕਰੇ ਖਿਨ,
ਹੋਣਾ ਪਾਰ ਉਤਾਰਾ ਹੀ ਨਹੀਂ।

(੩)

ਸ਼ਬਦਾਂ ਦੇ ਹੋਠਾਂ 'ਤੇ ਤਾਲੇ
ਚੁੱਪ ਬੈਠੇ ਨੇ ਕਲਮਾਂ ਵਾਲੇ।

ਭਾਸ਼ਾ ਦਾ ਅਪਹਰਨ ਹੋ ਗਿਆ,
ਕੋਈ ਰਚਨਾਕਾਰ ਨਾ ਭਾਲੇ।

ਸੁਰ ਉਲਝੇ ਸੰਗੀਤ ਗੁਆਚਾ,
ਰਾਗ-ਰੰਗ ਸਭ ਗਏ ਉਧਾਲੇ।

ਘਰ ਘਰ ਹੈ ਘੁਸਪੈਠ ਵਿਦੇਸ਼ੀ,
ਆਪਣਾ ਵਿਰਸਾ ਕੌਣ ਸੰਭਾਲੇ।

ਸਭਿਆਚਾਰ ਗੁਆਚ ਗਿਆ ਹੈ,
ਵੇਂਹਦੇ ਰਹਿ ਗਏ ਅਕਲਾਂ ਵਾਲੇ।

ਮੋਇਆਂ ਦੇ ਨਾਂ ਵੇਚ ਰਹੇ ਨੇ,
ਵੱਡੇ ਰਾਣੀ ਖ਼ਾਂ ਦੇ ਸਾਲੇ।

ਧਰਮ ਕਰਮ ਦੀ ਛੁੱਟੀ ਹੋਈ,
ਥਾਂ ਥਾਂ ਤੇ ਹੁਣ ਕਾਰੇ ਕਾਲੇ।

ਗੀਸ ਵਿਦੇਸ਼ੀ ਕਰਦੇ ਗਾਇਕ,
ਗੀਤਾਂ ਵਿਚ ਨੇ ਘਾਲੇ-ਮਾਲੇ।

ਨਾ ਬੋਹੜਾਂ ਪਿੱਪਲ, ਨਾ ਸੱਥਾਂ,
ਬਣੇ ਵਲੈਤੀ ਪਿੰਡਾਂ ਵਾਲੇ।

ਅਸਲੀਅਤ ਦਾ ਭੋਗ ਪੈ ਗਿਆ,
ਟੀ.ਵੀ. ਸਭ ਕੁਝ ਘਰੇ ਵਿਖਾਲੇ।

(੪)

ਬਦਲਿਆ ਆਦਮੀ ਕਿੰਨਾ ਤੇ ਬਦਲੀ ਜ਼ਿੰਦਗੀ ਕਿੰਨੀ।
ਚਲੋ ਇਹ ਫੈਸਲਾ ਕਰੀਏ, ਕਿ ਬਦਲੀ ਹੈ ਸਦੀ ਕਿੰਨੀ।

ਉਵੇਂ ਸੁਕਰਾਤ ਪੀਵੇ ਜ਼ਹਿਰ, ਹੈ ਮਨਸੂਰ ਸੂਲੀ 'ਤੇ,
ਭਲਾ ਹੁਣ ਸੱਚ ਦੀ ਕੀਮਤ, ਵਧੀ ਕਿੰਨੀ, ਘਟੀ ਕਿੰਨੀ।

ਬੜੇ ਖੁਸ਼ ਹੋ ਤੁਸੀਂ ਜੀਵਨ ਦੇ ਇਸ ਝੂਠੇ ਵਿਖਾਵੇ 'ਤੇ
ਅਸੀਂ ਤਾਂ ਵੇਖਣਾ ਇਹ ਹੈ ਕਿ ਪੱਲੇ ਹੈ ਖੁਸ਼ੀ ਕਿੰਨੀ।

ਉਹਦੇ ਘਰ ਵਿਚ ਹੀ ਉਸਦੀ ਬੰਦਗੀ ਨੀਲਾਮ ਹੁੰਦੀ ਹੈ,
ਖ਼ੁਦਾ ਨੂੰ ਪੁਛ ਕੇ ਵੇਖੋ, ਉਸਨੂੰ ਹੈ ਸ਼ਰਮਿੰਦਗੀ ਕਿੰਨੀ।

ਬਦੀ ਤੇਰੀ, ਤੇਰੀ ਨੇਕੀ, ਤੇਰੇ ਇਖ਼ਲਾਕ ਦੀ ਦੌਲਤ,
ਕਦੀ ਤੂੰ ਸੋਚਿਆ ਵੀ ਹੈ, ਗਈ ਕਿੰਨੀ ਬਚੀ ਕਿੰਨੀ।

ਨਹੀਂ ਧ੍ਰਿਤਰਾਸ਼ਟਰ ਭਾਵੇਂ ਸਿੰਘਾਸਣ 'ਤੇ ਕੋਈ ਬੈਠਾ,
ਮਗਰ ਪਹਿਲਾਂ ਤੋਂ ਵੀ ਵਧਕੇ ਹੈ ਬੇਵਸ ਦਰੋਪਦੀ ਕਿੰਨੀ

ਕਿਸੇ ਦੇ ਹੱਸ ਰਹੇ ਚਿਹਰੇ ਤੋਂ ਨਾ ਸਮਝੋ ਕਿ ਖੁਸ਼ ਹੋਣੈਂ
ਸਗੋਂ ਸਮਝੋ ਕਿ ਉਸਦੇ ਦਿਲ 'ਚ ਹੈ ਵੀਰਾਨਗੀ ਕਿੰਨੀ।

*ਪਿੰਡ ਸਰਮਸਤਪੁਰ*
*ਡਾਕਖਾਨਾ ਥੱਲ (ਜਲੰਧਰ)*



Namdhari Elibrary NamdhariElibrary@gmail.com

# ਦੁੱਖ ਹੈ ਮੈਨੂੰ

*—ਗੁਰਦਿਆਲ ਰੌਸ਼ਨ*

ਮੈਂ ਤੈਨੂੰ ਕਿਉਂ ਨਹੀਂ ਜੀਅ ਭਰ ਕੇ ਤੱਕਿਆ ਦੁੱਖ ਹੈ ਮੈਨੂੰ।
ਰਿਹਾ ਕਿਉਂ ਮੇਰੀਆਂ ਅੱਖਾਂ 'ਤੇ ਪਰਦਾ ਦੁੱਖ ਹੈ ਮੈਨੂੰ।

ਮੈਂ ਜਿਹਨਾਂ ਵਾਸਤੇ ਲਿਖਿਆ ਉਨ੍ਹਾਂ ਨੇ ਕਦਰ ਨਾ ਪਾਈ,
ਮੈਂ ਤੇਰੇ ਵਾਸਤੇ ਕੁਝ ਵੀ ਨਾ ਲਿਖਿਆ ਦੁੱਖ ਹੈ ਮੈਨੂੰ।

ਬੜਾ ਹੀ ਵਕਤ ਥੋੜ੍ਹਾ ਸੀ ਨਾ ਗੱਲਾਂ ਖੁੱਲ੍ਹ ਕੇ ਹੋਈਆਂ,
ਰਿਹਾ ਤੂੰ ਵੀ ਰਿਹਾ ਮੈਂ ਵੀ ਤੜਪਦਾ ਦੁੱਖ ਹੈ ਮੈਨੂੰ।

ਮੈਂ ਲੋਕਾਂ ਨੂੰ ਜਗਾਇਆ ਲਿਖ ਕੇ ਪਰ ਇਹ ਲੋਕ ਨਾ ਜਾਗੇ,
ਵਿਸ਼ਾ ਨਾ ਤੂੰ ਰਿਹਾ ਮੇਰੀ ਗ਼ਜ਼ਲ ਦਾ ਦੁੱਖ ਹੈ ਮੈਨੂੰ।

ਰਿਹਾ ਤੂੰ ਸੰਗਦਾ ਮੈਥੋਂ ਰਿਹਾ ਮੈਂ ਸੰਗਦਾ ਤੈਥੋਂ,
ਰਿਹਾ ਦੋਹਾਂ ਦੇ ਹੀ ਵਿਚਕਾਰ ਪਰਦਾ ਦੁੱਖ ਹੈ ਮੈਨੂੰ।

ਜਦੋਂ ਲੰਬੇ ਸਫ਼ਰ ਦੇ ਵਾਸਤੇ ਤੁਰਿਆ ਸੀ ਤੂੰ ਘਰ ਤੋਂ,
ਉਦੋਂ ਮੈਂ ਨਾਲ ਤੇਰੇ ਕਿਉਂ ਨਾ ਤੁਰਿਆ ਦੁੱਖ ਹੈ ਮੈਨੂੰ।

ਹੇ ਦੁੱਖ ਤੂੰ ਮੇਰਿਆਂ ਸਾਜ਼ਾਂ ਦੀ ਨਾ ਆਵਾਜ਼ ਬਣ ਸਕਿਆ,
ਨਾ ਤੂੰ ਬਣਿਆ ਮਿਰੇ ਗੀਤਾਂ ਦਾ ਮੁੱਖੜਾ ਦੁੱਖ ਹੈ ਮੈਨੂੰ।

ਮੁਸੀਬਤ ਨਾਲ ਖਹਿ ਖਹਿ ਕੇ ਬਿਤਾਈ ਉਮਰ ਤੂੰ ਸਾਰੀ,
ਨਹੀਂ ਤੂੰ ਦੇਖਿਆ ਖੁਸ਼ੀਆਂ ਦਾ ਨਕਸ਼ਾ ਦੁੱਖ ਹੈ ਮੈਨੂੰ।

ਤੂੰ ਜਿਸ ਬੂਟੇ ਨੂੰ ਚਾਵਾਂ ਨਾਲ ਹੱਥੀਂ ਪਾਲਿਆ ਹੁਣ ਤਕ,
ਤੂੰ ਉਸ ਦੀ ਮਹਿਕ ਵੀ ਮਾਣੀ ਨਾ ਇਸ ਦਾ ਦੁੱਖ ਹੈ ਮੈਨੂੰ।

ਮੈਂ ਕਤਰੇ ਨੂੰ ਸਮੁੰਦਰ ਕਿਉਂ ਸਮਝਦਾ ਹੀ ਰਿਹਾ ਐ ਦਿਲ,
ਸਮਝਿਆ ਕਿਉਂ ਸਮੁੰਦਰ ਨੂੰ ਮੈਂ ਕਤਰਾ ਦੁੱਖ ਹੈ ਮੈਨੂੰ।

ਤੂੰ ਦੱਸਿਆ ਹੀ ਨਹੀਂ ਮੈਨੂੰ ਕਿ ਜਲਦੀ ਜਾਣ ਵਾਲਾ ਏਂ,
ਮੈਂ ਤੈਨੂੰ ਕੁਝ ਨਾ ਦੱਸਿਆ ਕੁਝ ਨਾ ਪੁੱਛਿਆ ਦੁੱਖ ਹੈ ਮੈਨੂੰ।

ਤੂੰ ਸ਼ਬਨਮ ਦੀ ਜਗਾਹ 'ਤੇ ਅੱਥਰੂ ਦਿੱਤੇ ਨੇ ਇਹਨਾਂ ਨੂੰ,
ਜੋ ਤੂੰ ਮਾਸੂਮ ਕਲੀਆਂ ਨਾਲ ਕੀਤਾ ਦੁੱਖ ਹੈ ਮੈਨੂੰ।

ਤੁਰੀ ਕਿੱਥੋਂ ਸੀ, ਕਿੱਥੋਂ ਹੋ ਕੇ, ਕਿੱਥੇ ਆਣ ਪਹੁੰਚੀ ਹੈ,
ਗ਼ਜ਼ਲ ਅਪਣੀ ਦੇ ਇਸ ਬਿਖੜੇ ਸਫ਼ਰ ਦਾ ਦੁੱਖ ਹੈ ਮੈਨੂੰ।

ਕੋਈ ਤਿਉਹਾਰ ਹੁੰਦਾ ਹੈ ਜਾਂ ਕੋਈ ਜਸ਼ਨ ਹੁੰਦਾ ਹੈ,
ਤੂੰ ਮੇਰੇ ਕੋਲ ਕਿਉਂ ਬੈਠਾ ਨਈਂ ਹੁੰਦਾ ਦੁੱਖ ਹੈ ਮੈਨੂੰ।

ਇਕੱਲਾ ਰਹਿ ਗਿਐਂ ਤੂੰ ਵੀ ਇਕੱਲਾ ਰਹਿ ਗਿਆਂ ਮੈਂ ਵੀ,
ਰਿਹਾ ਦੋਹਾਂ ਦਾ ਨਾ ਕੋਈ ਸਹਾਰਾ ਦੁੱਖ ਹੈ ਮੈਨੂੰ।

ਮੈਂ ਹੋਇਆਂ ਪਲ ਕੁ ਹੀ ਓਹਲੇ ਕਿ ਅੱਖਾਂ ਮੀਟ ਲਈਆਂ ਤੂੰ,
ਤੂੰ 'ਰੌਸ਼ਨ' ਸਾਹਮਣੇ ਹੀ ਕਿਉਂ ਨਾ ਮਰਿਆ ਦੁੱਖ ਹੈ ਮੈਨੂੰ।

## ਕਾਵਿ-ਟੁਕੜੀਆਂ / *ਮਲਕੀਤ ਮੀਤ*

### ਜੋਕਾਂ

ਜਾਨਾਂ ਵਾਰੀਆਂ ਭਗਤ-ਸਰਾਭਿਆਂ ਨੇ,
ਲਹੂ ਡੋਲ੍ਹਿਆ ਲੋਕਾਂ ਨੇ ਦੇਸ਼ ਖਾਤਰ।
ਲੋਟੂ ਚੜ੍ਹ ਕੇ ਗੱਦੀਏ ਫੇਰ ਬਹਿਗੇ,
ਕੀਤਾ ਕੱਖ ਨਾ ਥੋਕਾਂ ਨੇ ਦੇਸ਼ ਖਾਤਰ।
ਕਹਿੰਦੇ ਰਹਿਣ ਇਹ ਲਾਤੀਆਂ ਬਾਰਡਰਾਂ 'ਤੇ,
ਅਸੀਂ ਤਕੜੀਆਂ ਰੋਕਾਂ ਨੇ ਦੇਸ਼ ਖਾਤਰ
ਮੀਤ ਮੇਰਿਆਂ ! ਬਚੂਗਾ ਦੇਸ਼ ਕਿੱਦਾਂ ?
ਨੇਤਾ ਦੇਸ਼ ਦੇ ਜੋਕਾਂ ਨੇ ਦੇਸ਼ ਖਾਤਰ।

### ਸਭਿਆਚਾਰ ਦੇ ਪਹਿਰੇਦਾਰ

ਐਸਾ ਭੜਥੂ ਪਾਇਆ ਏ ਕੁਝ ਫੁਕਰਿਆਂ ਨੇ,
ਬਣੇ ਫਿਰਨ ਅਖੌਤੀ ਫ਼ਨਕਾਰ ਜਿਹੜੇ।
ਖੂੰਜੇ ਲੱਗੇ ਬੈਠੇ ਆਦਰ ਯੋਗ ਬੰਦੇ,
ਕਰਦੇ ਕਲਾ ਦੀ ਸਾਧਨਾ ਯਾਰ ਜਿਹੜੇ।
ਕਲਾਕਾਰਾਂ ਦੇ ਬਾਪ ਅਖਵਾਂਮਦੇ ਇਹ,
ਉੱਕਾ ਕਲਾ ਦੀ ਜਾਨਣ ਨਾ ਸਾਰ ਜਿਹੜੇ।
ਮਿੱਟੀ ਪੁੱਟਦੇ ਖੂਬ ਇਹ ਸਭਿਅਤਾ ਦੀ,
ਸਭਿਆਚਾਰ ਦੇ ਬਣੇ ਪਹਿਰੇਦਾਰ ਜਿਹੜੇ।

### ਸਭਿਆਚਾਰਕ ਮੇਲੇ

ਐਸਾ ਗਾਇਕੀ ਦਾ ਭੂਤ ਸਵਾਰ ਹੋਇਆ,
ਭੋਏਂ ਵੇਚ ਕੇ ਕੈਸਟ ਕਰਾਉਣ ਲੱਗੇ।
ਕੌੜਾ ਤੇਲ ਪਾਉਂਦੇ ਜੜ੍ਹੀਂ ਸਭਿਅਤਾ ਦੇ,
ਉੱਕਾ ਸ਼ਰਮ ਨ ਮੰਨਣ ਇਹ ਗਾਉਣ ਲੱਗੇ।
ਭੁੱਬਾਂ ਮਾਰ ਕੇ ਰੋਂਦੀ ਏ ਮਾਂ-ਬੋਲੀ,
ਕੀ-ਕੀ ਢੌਂਗ ਨੇ ਲੋਕ ਰਚਾਉਣ ਲੱਗੇ।
ਜੇਬਾਂ ਭਰਨ ਤੇ ਚੌਧਰ ਬਣਾਉਣ ਖਾਤਰ,
ਸਭਿਆਚਾਰਕ ਮੇਲੇ ਕਰਵਾਉਣ ਲੱਗੇ।

### ਦੁੱਖ ਦੀ ਗੱਲ

ਦੁਸ਼ਮਣ ਦੇਸ਼ ਦਾ ਬਣ ਗਿਆ ਦੂਰਦਰਸ਼ਨ,
ਕਰਕੇ ਰਹੂਗਾ ਇਹੋ ਬਰਬਾਦ ਸਾਨੂੰ।
ਪਾਗਲ ਫੈਸ਼ਨ ਨੇ ਕੀਤੀ ਏ ਯੁਵਾ ਪੀੜ੍ਹੀ,
ਉਤੋਂ ਨਸ਼ੇ ਦਾ ਰੋਗ ਨਾ-ਮੁਰਾਦ ਸਾਨੂੰ।
ਰਸਤੇ ਬੰਦ ਪ੍ਰਗਤੀ ਦੇ ਹੋਣ ਲੱਗੇ,
ਵਿਹਲੇ ਰਹਿਣ ਦਾ ਪਿਆ ਸਵਾਦ ਸਾਨੂੰ।
ਇਹਤੋਂ ਵੱਧ ਕੀ ਦੁੱਖ ਦੀ ਗੱਲ ਹੋਊ,
ਸਾਡਾ ਵਿਰਸਾ ਰਿਹਾ ਨਾ ਯਾਦ ਸਾਨੂੰ।

*—ਪਿੰਡ ਤੇ ਡਾਕਘਰ ਮੰਡੀ ਕਲਾਂ*
*ਜ਼ਿਲ੍ਹਾ ਬਠਿੰਡਾ ੧੫੧੧੦੩*



Namdhari Elibrary NamdhariElibrary@gmail.com

# ਦੋ ਗ਼ਜ਼ਲਾਂ

*—ਗੁਰਦਿਆਲ ਸਿੰਘ ਢਿੱਲੋਂ ਪ੍ਰੀਤ*

(੧)

ਯਾਰਾਂ ਤੇ ਦੋਸਤਾਂ ਹਬੀਬਾਂ ਦੇ ਨਾਲ ਬਹਿਕੇ
ਕੱਟ ਲਵਾਂਗਾ ਚਾਰ ਦਿਨ ਅਦੀਬਾਂ ਦੇ ਨਾਲ ਬਹਿਕੇ

ਲਾਕੇ ਵੱਡਿਆਂ ਦੇ ਨਾਲ ਯਾਰੀ ਨਿਭਣੀ ਨਹੀਂ
ਦਿਲ ਕਰ ਲਈ ਸਾਂਝਾ ਗਰੀਬਾਂ ਦੇ ਨਾਲ ਬਹਿਕੇ

ਉਚੇ ਵੇਖਕੇ ਬੰਗਲੇ ਕੁਲੀ ਢਾਹ ਨਾ ਲਈਂ ਆਪਣੀ
ਕਰ ਲਈਂ ਸਮਝੌਤਾ ਨਸੀਬਾਂ ਦੇ ਨਾਲ ਬਹਿਕੇ

ਤੇਰੇ ਸ਼ਹਿਰ ਨੂੰ ਮੈ ਕੀਕਣ ਕਹਾਂ ਅਲਵਿਦਾ
ਏਥੇ ਉਮਰ ਗੁਜ਼ਾਰੀ ਆਜੀਬਾਂ ਦੇ ਨਾਲ ਬਹਿਕੇ

ਛਡਕੇ ਤੇਰੇ ਸ਼ਹਿਰ ਨੂੰ ਮੈ ਜਾ ਰਿਹਾ ਹਾਂ ਦੋਸਤ
ਖਟਾਂਗਾ ਨਾਮੋਸ਼ੀਆਂ ਰਕੀਬਾਂ ਦੇ ਨਾਲ ਬਹਿਕੇ

ਚੜ੍ਹਨਾ ਪਏਗਾ ਸੂਲੀ ਈਸਾ ਦੇ ਵਾਂਗਰਾਂ
ਕਰ ਲਵਾਂਗਾ ਸਮਝੌਤਾ ਸਲੀਬਾਂ ਦੇ ਨਾਲ ਬਹਿਕੇ

ਦਿਲ ਦਾ ਆਕਾਰ ਕਿੰਨਾ ਹੈ ਦਰਦ ਸੀਨੇ
.ਨਾਪ ਲਵੋ ਦੋਸਤੋ ਜਰੀਬਾਂ ਦੇ ਨਾਲ ਬਹਿਕੇ

ਮੇਟ ਦੇਵੋ 'ਪ੍ਰੀਤ' ਪਾੜਾ ਅਮਨ ਅਤੇ ਜੰਗ ਦਾ
ਕਰ ਲਵੋ ਸਾਂਵਾਂ ਤਹਿਜ਼ੀਬਾਂ ਦੇ ਨਾਲ ਬਹਿਕੇ।

(੨)

ਪੰਛੀ ਦੋ ਰੁੱਖ ਤੇ ਬੋਲਣ ਕਰਨ ਸਲ੍ਹਾਵਾਂ ਜਾਣ ਨਾ ਕਿਧਰੇ
ਆਖਣ ਉਡੀਏ ਪਰਾਂ ਨੂੰ ਤੋਲਣ ਕਹਿੰਦੇ ਜਾਵਾਂ ਜਾਣ ਨਾ ਕਿਧਰੇ

ਲੰਮੇ ਪੈਂਡੇ ਨਿਕਲੇ ਨੇ ਉਹ ਲੰਮੇ ਪੈਂਡੇ ਜਾਣਾ ਉਹਨਾਂ
ਚੜ੍ਹ ਚੜ੍ਹਾਈਆਂ ਅੰਬਰ ਦੇ ਉੱਤੇ ਘੋਰ ਘਟਾਵਾਂ ਜਾਣ ਨਾ ਕਿਧਰੇ

ਟਹਿਣੀ ਤੇ ਬਹਿ ਕਰਨ ਕਲੋਲਾਂ ਗੁਟਕੂ ਕਰਕੇ ਹੱਸਣ ਖੇਡਣ
ਲਹਿੰਦੇ ਵਲ ਨੂੰ ਸੂਰਜ ਡੁਬਿਆ ਤੁਰੀਆਂ ਛਾਵਾਂ ਜਾਣ ਨਾ ਕਿਧਰੇ

ਓਸ ਮਿਟੀ ਦੇ ਉਹ ਜਣੇ ਨੇ ਨਾ ਉਹ ਡਰਦੇ ਮੌਤ ਕੋਲੋ ਵੀ
ਝਖੜ ਝਾਂਜਾ ਮੀਂਹ ਤੇ ਬਿਜਲੀ ਤੇਜ਼ ਹਵਾਵਾਂ ਜਾਣ ਨਾ ਕਿਧਰੇ

ਇੰਜ ਲਗਦੇ ਉਹ ਮੰਜ਼ਲ ਨੇੜੇ ਥੋੜ੍ਹੇ ਦਿਨਾਂ ਨੂੰ ਪਹੁੰਚ ਜਾਣਗੇ
ਰਾਹ ਵਿਚ ਵੈਰੀਆਂ ਰੋਲ ਦੇਣੀਆ ਸਧਰਾਂ ਚਾਵਾਂ ਜਾਣ ਨਾ ਕਿਧਰੇ

ਏਸ ਬਾਗ ਦੇ ਫੱਲ ਪੱਤਿਆਂ ਨਾਲ ਜਾਪਦੇ ਐਸਾ ਮੋਹ ਪੈ ਗਿਆ
ਮਾਲੀਆਂ ਕੌਮੀਆਂ ਆਣ ਗੁਲੇਲਾਂ ਮਿਲਣ ਸਜਾਵਾਂ ਜਾਣ ਨਾ ਕਿਧਰੇ

ਬੇਦੋਸਿਆਂ ਦੀਆਂ ਵੇਖਕੇ ਲਾਸ਼ਾਂ ਸੋਚੀ ਪੈ ਕੇ ਪਾਗਲ ਹੋ ਗਏ
ਉਜੜੇ ਘਰਾਂ ਨੂੰ ਛਡ ਨਾ ਸਕਣ ਵੇਖ ਬਲਾਵਾਂ ਜਾਣ ਨਾ ਕਿਧਰੇ

ਐਸੀ ਆਣ ਮੁਹੱਬਤ ਪੈ ਗਈ ਸਾਰੇ ਲੋਕ ਨੇ ਅਪਣੇ ਲਗਦੇ
ਹਿੰਦੂ ਸਿਖ ਇਸਾਈ ਮੋਮਨ ਛੱਡ ਭਰਾਵਾਂ ਜਾਣ ਨਾ ਕਿਧਰੇ

ਲੰਮੇ ਪੈਂਡੇ ਸਾਥ ਅੰਞਾਣਾ ਲਖਾਂ ਫਿਰਦੇ ਏਥੇ ਦੁਸ਼ਮਣ
ਕੀਤੇ ਮਿਨਤਾਂ ਤਰਲੇ ਬਹਿਕੇ ਲੈ ਭਾਵਨਾਵਾਂ ਜਾਣ ਨਾ ਕਿਧਰੇ

ਸਵਰਗ ਦੀ ਧਰਤੀ ਵਸਣ ਫਰਿਸ਼ਤੇ ਦੋ ਪੰਛੀ ਜੰਮੂ ਕਸ਼ਮੀਰ
ਹੁੰਦੀ ਕਤਲੇਆਮ ਹੈ ਏਥੇ ਭੱਜੀਆਂ ਬਾਹਵਾਂ ਜਾਣ ਨਾ ਕਿਧਰੇ

ਵਿਚ ਬਹਾਰਾਂ ਮਨ ਦੇ ਅੰਦਰ ਹੁਣ ਉਡ ਜਾਇਉ ਫਿਰ ਆ ਜਾਇਉ
ਚਾਰ ਚੁਫੇਰੇ ਪ੍ਰੀਤ ਨੇ ਬੇਸ਼ਕ ਦਿਸਣ ਖਿਜ਼ਾਵਾ ਜਾਣ ਨਾ ਕਿਧਰੇ।

*ਪਿੰਡ ਨਾਈਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)*

# ਧੀਆਂ

*—ਊਧਮ ਸਿੰਘ ਮੌਜੀ*

ਕਿਤੇ ਪੁੱਤ ਬੇ-ਮੁੱਖ ਤਾਂ ਹੋ ਜਾਏ,
ਫਰਜ਼ ਸੇਵਾ ਦੇ ਸਦਾ ਨਿਭਾਣ ਧੀਆਂ।
ਕਿਸੇ ਕਿੱਤੇ ਚੋਂ ਪੁੱਤਾਂ ਤੋਂ ਘੱਟ ਤੇ ਨਹੀਂ,
ਸਗੋਂ ਪੁੱਤਾਂ ਤੋਂ ਵੱਧ ਸੁਜਾਨ ਧੀਆਂ।
ਖੇਡਾਂ ਵਿੱਚ ਕਮਾਲ-ਕਮਾਲ ਕਰਕੇ,
ਜੱਸ ਖੱਟਦੀਆਂ ਵਿੱਚ ਜਹਾਨ ਧੀਆਂ।
ਵਿਤਕਰਾ ਧੀਆਂ ਦੇ ਨਾਲ ਨਾ ਕਰੋ ਮੌਜੀ,
ਇਹ ਸਮਾਜ ਲਈ ਹੈ ਵਰਦਾਨ ਧੀਆਂ।

ਮੜੀਆਂ, ਕਬਰਾਂ ਜ਼ਮੀਨ 'ਤੇ ਬਣਦੀਆਂ ਨੇ,
ਧੀਆਂ ਵਾਸਤੇ ਕੁੱਖ ਹੀ ਕਬਰ ਬਣ ਗਈ।
ਜ਼ਾਲਮ ਬਾਪ ਨੇ ਘੋਰ ਅਪਰਾਧ ਕੀਤਾ,
ਮਾਂ ਧੀ ਲਈ ਡੈਣ ਬੇ-ਸਬਰ ਬਣ ਗਈ।
ਔਰਤ ਦੁਸ਼ਮਣੀ ਔਰਤ ਦੇ ਨਾਲ ਕਰਦੀ,
ਇਹ ਰੋਜ਼ ਅਖਬਾਰ ਦੀ ਖਬਰ ਬਣ ਗਈ।
ਧੀ ਮਾਰਤੀ ਅੱਗੋਂ ਨਾ ਕੁਝ ਹੋਇਆ,
ਮਾਂ ਸਦਾ ਲਈ ਕੁਪੱਤਰ ਸੱਜਰ ਬਣ ਗਈ।

*ਪਿੰਡ ਨੰਗਲ ਸਲੀਮਪੁਰ*



Namdhari Elibrary NamdhariElibrary@gmail.com

# ਦੋ ਗ਼ਜ਼ਲਾਂ */ਮਹਿਮਾ ਸਿੰਘ ਤੂਰ*

ਦੀਵਾ ਕੋਈ ਵੀ ਜਗਾ ਨਾ ਹੋਇਆ।
ਕਰਜ਼ ਸਵੇਰੇ ਦਾ ਅਦਾ ਨਾ ਹੋਇਆ।

ਬਾਕੀ ਹੈ ਰੜਕ, ਚੁੱਭਨ ਬਾਕੀ ਹੈ,
ਕਿਉਂ ਜੋ ਵਾਅਦਾ ਇਕ ਵਫ਼ਾ ਨਾ ਹੋਇਆ।

ਨਾਲ ਮਿਰੇ ਤੁਰਿਆ ਜਦੋਂ ਉਹ ਜ਼ਾਲਮ,
ਫਿਰ ਵੀ ਰਕੀਬ ਮਿਰਾ ਖ਼ਫਾ ਨਾ ਹੋਇਆ।

ਕੀਤਾ ਇਨਸਾਫ ਮੇਰੇ ਸਾਕੀ ਨੇ,
ਇੰਜ ਕਦੇ ਹੋਇਆ, ਸਦਾ ਨਾ ਹੋਇਆ।

ਐਨ ਸਮੇਂ ਸਿਰ ਉਸ ਨੇ ਦਿੱਤਾ ਧੋਖਾ,
ਇਹ ਵੀ ਪਹਿਲੀ ਹੀ ਦਫ਼ਾ ਨਾ ਹੋਇਆ।

ਕਰਕੇ ਮਿੰਨਤਾਂ ਵੀ ਮਿਰੇ ਮਾਲੀ ਤੋਂ,
ਬੂਟਾ ਖੁਸ਼ਬੂ ਦਾ ਲਵਾ ਨਾ ਹੋਇਆ।

ਖ਼ਾਮੋਸ਼ੀ ਛਾਈ ਉਦੋਂ ਮਹਿਫ਼ਿਲ ਵਿਚ,
ਹੱਕ ਜਦੋਂ 'ਤੂਰ' ਦਾ ਅਦਾ ਨਾ ਹੋਇਆ।

(੨)

ਯਾਰੋ ਦਿਲ ਦੀ ਉਦਾਸੀ ਦਾ ਕੀ ਕਰੀਏ।
ਕੀਕਣ ਵੀਰਾਨ ਫ਼ਿਜ਼ਾ ਵਿਚ ਰੰਗ ਭਰੀਏ।

ਰੁਲਦੇ ਫਿਰਨੇ ਪੱਤਰ ਬਹਾਰਾਂ ਦੇ
ਕੀਕਣ ਮੌਸਮ ਨੂੰ ਖ਼ੁਸ਼ਨੁਮਾ ਕਰੀਏ।

ਨਾ ਕਰੀਏ ਸ਼ਿਕਵਾ ਕੋਈ ਜ਼ਮਾਨੇ ਨੂੰ,
ਸਾਰੇ ਸ਼ਿਕਵੇ ਜ਼ਮਾਨੇ ਦੇ ਵੀ ਜਰੀਏ।

ਸੁੰਨੇ ਪੱਤਣਾਂ ਦੇ ਉੱਤੇ ਬੈਠੇ ਹਾਂ,
ਬੈਠੇ ਖ਼ਾਬੋ-ਖਿਆਲਾਂ 'ਚ ਰੰਗ ਭਰੀਏ।

ਇਸ਼ਕ ਦੇ ਹੋਰ ਵੀ ਕਈ ਜ਼ਾਵੀਏ ਨੇ,
ਕਾਲੀ ਜ਼ੁਲਫ਼ 'ਤੇ ਲਿਟ 'ਤੇ ਹੀ ਨਾ ਮਰੀਏ।

ਸਾਡੇ ਅੰਦਰ ਹੀ ਇਕ ਖ਼ੁਦਾ ਵਸਦਾ,
ਅੰਦਰ ਵਾਲੇ ਖ਼ੁਦਾ ਤੋਂ ਹੀ ਡਰੀਏ।

ਉਹਦਾ ਹਰ ਇਕ ਨਕਸ਼ ਕਿਆਮਤ ਹੈ,
ਬਹਿ ਕੇ 'ਤੂਰ' ਮੁਕੱਦਰਾਂ ਦਾ ਦਮ ਭਰੀਏ।

*ਹਲਵਾਰਾ (ਲੁਧਿਆਣਾ) ੧੪੧੧੦੭*

# ਕਸ਼ਮੀਰ ਸੜ ਰਿਹਾ ਹੈ....

*—ਚਰਨ ਸੀਚੇਵਾਲਵੀ*

ਪੈਰਾਂ 'ਚ ਇਕ ਦੂਏ ਦੇ ਬਾਰੂਦ ਨਾ ਵਿਛਾਈਏ।
ਕਸ਼ਮੀਰ ਸੜ ਰਿਹਾ ਹੈ ਕਸ਼ਮੀਰ ਨੂੰ ਬਚਾਈਏ।

ਡੱਲ ਝੀਲ ਦਾ ਕਿਨਾਰਾ ਇਹ ਪਹਿਲਗਾਮ ਸਾਰਾ,
ਕਹਿੰਦੇ ਸਵਰਗ ਜਿਸਨੂੰ ਫਿਰ ਨਰਕ ਨਾ ਬਣਾਈਏ।

ਕਦ ਤੱਕ ਚੱਲਾਂਗੇ ਆਪਾਂ ਬੰਦੂਕ, ਬੰਬ ਬਣਕੇ,
ਆਓ ਕਿ ਹੁਣ ਤਾਂ ਕੋਈ ਅਮਨਾਂ ਦਾ ਗੀਤ ਗਾਈਏ।

ਜਿਦੱਣ ਦੇ ਪੈਦਾ ਹੋਏ ਓਦਣ ਦੇ ਲੜ ਰਹੇ ਹਾਂ,
ਰੁੱਖ ਤੇ ਪਰਿੰਦਿਆਂ ਨੂੰ ਹੁਣ ਹੋਰ ਨਾ ਡਰਾਈਏਂ।

ਕਰਨੀ ਬੰਦੂਕ ਦੇ ਨਾਲ ਛੱਡੀਏ ਹੁਣ ਚਿੱਤਰਕਾਰੀ,
ਹੀਰੋਸ਼ੀਮਾ ਦਾ ਏਥੇ ਕੋਈ ਚਿੱਤਰ ਨਾ ਬਣਾਈਏ।

ਜੇਹਲਮ ਵੀ ਏਹੋ ਕਹਿੰਦਾ ਕਹਿੰਦੀ ਝਨਾਂ ਵੀ ਏਹੋ,
ਇਕ ਦੂਸਰੇ ਦੇ ਲਹੂ 'ਚ ਹੁਣ ਹੋਰ ਨਾ ਨਹਾਈਏ।

ਅੱਧੇ ਕੁ ਮਰ ਗਏ ਹਾਂ ਅੱਧੇ ਕੁ ਰਹਿ ਗਏ ਬਾਕੀ,
ਮਿਲੇ ਜੋ ਕਈ ਸਬੂਤਾ ਮਿਲ ਅੱਥਰੂ ਵਹਾਈਏ।

ਅੱਗੋ ਬਥੇਰਾ ਸਹਿਮ ਹੈ ਵਸਦੇ ਘਰਾਂ 'ਚ ਛਾਇਆ,
ਵਸਦੇ ਘਰਾਂ ਦੇ ਦੀਵੇ ਹੁਣ ਹੋਰ ਨਾ ਬੁਝਾਈਏ।

ਮੰਦਰ ਤੇ ਮਸਜਦਾਂ 'ਤੋਂ ਉੱਠ ਕੇ ਰਤਾ ਕੁ ਉੱਪਰ,
ਵਸਦਾ ਹੈ ਜਿਹੜਾ ਦਿਲ 'ਚ ਉਸਦੀ ਤਾਂ ਸਾਰ ਪਾਈਏ।

ਨੌਵੇਂ ਗੁਰੂ ਨੇ ਜਿੱਦਾਂ ਬਾਂਹ ਹਿੰਦ ਦੀ ਫੜੀ ਸੀ,
ਬਾਂਹ ਇੱਕ ਦੂਏ ਦੀ ਏਦਾਂ ਫੜੀਏ-ਫੜਾਈਏ।

ਆਓ ਸਿਰ ਜੋੜ ਆਪਾਂ ਮਸਲਾ ਇਹ ਹੱਲ ਕਰੀਏ,
ਮਾਵਾਂ ਦੇ ਦਿਲ ਦੇ ਟੋਟੇ ਹੁਣ ਹੋਰ ਨਾ ਗਵਾਈਏ।

ਝੀਲਾਂ ਵੀ ਰਹਿਣ ਖਿੜੀਆਂ ਕੇਸਰ ਵੀ ਰਹੇ ਖਿੜਿਆ,
ਧੁੱਪ ਦੇ ਮੱਥੇ ਤੇ ਟਿੱਕਾ ਕੇਸਰ ਦਾ ਫਿਰ ਲਗਾਈਏ।

ਚਿੱਤ ਕਰ ਰਿਹਾ' ਚਰਨ' ਦਾ ਬਹਿ ਵਾਦੀਆਂ 'ਚ ਕਿੱਧਰੇ
ਬਹਿਕੇ ਇਕੱਠੇ ਆਪਾ ਸੇਅ ਤੇ 'ਖਰੋਟ ਖਾਈਏ।

*੪੨੮ ਗੁਰੂਨਾਨਕਪੁਰਾ (ਵੈਸਟ)*
*ਡਾਕ. ਚੌਗਿੱਟੀ,*
*ਜਲੰਧਰ-੧੪੪੦੦੯*



Namdhari Elibrary NamdhariElibrary@gmail.com

# ਕਾਵਿ-ਟੁਕੜੀਆਂ / ਆਦਲ ਦਿਆਲਪੁਰੀ



ਆਦਲ ਦਿਆਲ ਪੁਰੀ

*ਆਦਲ ਦਿਆਲਪੁਰੀ ਪ੍ਰਸਿੱਧ ਲੋਕ ਕਵੀ ਅਤੇ ਗਾਇਕ ਹੈ। ਸੁੰਦਰ ਸਿੱਧੇ ਅਤੇ ਸਾਧਾਰਨ ਸ਼ਬਦਾਂ ਦੇ ਜਾਮੇ ਵਿੱਚ ਉਹਦੇ ਸੱਚੇ ਸੁੱਚੇ ਵਿਚਾਰ ਚਸ਼ਮੇ ਦੇ ਪਾਣੀ ਵਾਂਗ ਫੁੱਟਦੇ ਹਨ। ਉਹਦੇ ਕਾਵਿ-ਟੋਟਕੇ ਕਟਾਖ਼ਸ਼ ਅਤੇ ਵਿਅੰਗ ਦੀ ਚਾਸ਼ਨੀ ਵਿੱਚ ਰਸੇ ਹੋਏ ਲੋਕ ਮਨਾਂ ਨੂੰ ਪ੍ਰਭਾਵਤ ਕਰਦੇ ਹਨ। ਉਪਰੋਂ ਸਾਧਾਰਨ ਦਿਸਦੇ ਸ਼ਬਦਾਂ ਵਿੱਚ ਡੂੰਘੀ ਰਾਜਨੀਤਕ, ਸਮਾਜਕ ਸੂਝ ਹੈ। ਪੰਜਾਬੀ ਲਿਖਾਰੀ ਸਭਾ ਬਸਤੀ ਸ਼ੇਖ ਜਲੰਧਰ ਵਲੋਂ ਸ. ਬੇਅੰਤ ਸਿੰਘ ਸਰਹੱਦੀ ਹੁਰਾਂ ਉਹਨਾਂ ਨੂੰ ਸਨਮਾਨਤ ਕੀਤਾ ਹੈ।*

*ਵਧਾਈਆਂ!*

*—ਸੰਪਾਦਕ*

### ਜੀ ਕਰਦਾ

ਲੋਕ ਰਾਜ ਦੀ ਧਰੀ ਬੁਨਿਆਦ ਜੀਹਨੇ
ਚਰਨ ਓਸਦੇ ਛੋਹਣ ਨੂੰ ਜੀ ਕਰਦਾ
ਇੱਕ ਪੁੰਨ ਤੇ ਪੁੰਨ ਦੇ ਨਾਲ ਫਲੀਆਂ
ਧੋਣੇ ਉਮਰ ਦੇ ਧੋਣ ਨੂੰ ਜੀ ਕਰਦਾ
ਚੋਣ ਜਿੰਦਾਂ ਦੀ ਜਿੱਥੇ ਵੀ ਕਿਤੇ ਹੋਵੇ
ਉਸਦੇ ਵਿੱਚ ਖੜੋਣ ਨੂੰ ਜੀ ਕਰਦਾ
ਸੁਪਨੇ ਦੇਖ ਸੁਨਿਹਰੀਆਂ ਕੁਰਸੀਆਂ ਦੇ
ਵੋਟਾਂ ਹੱਥਾਂ 'ਚੋਂ ਖੋਹਣ ਨੂੰ ਜੀ ਕਰਦਾ।

### ਘੋਗਾ ਚਿੱਤ

ਚੋਣਾਂ ਲੜਨ ਦੇ ਜੇਹੜਾ ਵੀ ਭਰੇ ਫਾਰਮ
ਸੁੱਖਾਂ ਸੁੱਖਦਾ ਕਿ ਮੇਰੀ ਜਿੱਤ ਹੋਵੇ
ਚੁਣਿਆਂ ਜਾਵਾਂ ਮੈਂ ਬਿਨਾਂ ਮੁਕਾਬਲੇ ਤੋਂ
ਬਾਕੀ ਮੁਲਕ ਮੈਦਾਨ 'ਚੋਂ ਤਿੱਤ ਹੋਵੇ
ਵੋਟਾਂ ਲੈਣ ਲਈ ਬੜਾ ਮਸੂਮ ਬਣਕੇ
ਦੁਸ਼ਮਣ ਨਾਲ ਵੀ ਮੂੰਹ ਦਾ ਮਿੱਤ ਹੋਵੇ
ਖਾਧੀ ਮਾਰ ਇਲੈਕਸ਼ਨਾਂ ਵਿੱਚ ਵੜਦਾ
ਭਾਵੇਂ ਜਾਂਦਿਆਂ ਹੀ ਘੋਗਾ ਚਿੱਤ ਹੋਵੇ।

### ਉੱਲੂ ਸਿੱਧਾ

ਤੇਰੇ ਹੱਥ ਹਕੂਮਤ ਦਾ ਤਾਂ ਫਾਇਦਾ
ਰਿਸ਼ਤੇਦਾਰ ਜੇ ਰਹਿਣ ਅਨੰਦ ਕਰਦੇ
ਝੋਲੀ-ਚੁੱਕਾਂ ਨੂੰ ਰੱਜ ਕੇ ਖਾਣ ਜੋਗਾ
ਕਿਸੇ ਡੀਪੂ ਦਾ ਪੱਕਾ ਪ੍ਰਬੰਧ ਕਰਦੇ
ਕੀਹਨੇ ਪੁੱਛਣਾ ਦੇਖਕੇ ਥਾਂ ਖੁੱਲ੍ਹੀ
ਕੋਠੀ ਪੌਣ ਲਈ ਕਿਤੇ ਵੀ ਕੰਧ ਕਰਦੇ
ਉੱਲੂ ਆਪਣਾ 'ਆਦਲਾ' ਰੱਖ ਸਿੱਧਾ
ਭੰਗ ਭੁੱਜਦੀ ਦੇਖਣੀ ਬੰਦ ਕਰਦੇ।

### ਗਿੱਦੜ ਪ੍ਰਵਾਨਾ

ਬੰਦਾ ਦੇਖਿਆ ਇੱਕ ਤਕਰੀਰ ਕਰਦਾ
ਫੜਕੇ ਮਾਈਕ ਨੂੰ ਪਾਈਅੜਾਟ ਜਾਵੇ
ਮੇਰਾ ਕੌਣ ਮੁਕਾਬਲਾ ਕਰਨ ਵਾਲਾ
ਕੱਠੇ _੪੧
ਕਰੀ ਵਿਰੋਧੀ ਦੇ ਟਾਟ ਜਾਵੇ
ਸੇਵਕ ਦੇਸ਼ ਦੇ ਅਸੀਂ ਹਾਂ ਪਿਤਾ ਪੁਰਖੀ
ਕਿਹੜਾ ਜੰਮਿਆਂ ਜੋ ਸਾਨੂੰ ਡਾਟ ਜਾਵੇ
ਗਿੱਦੜ ਭਬਕੀਆਂ "ਆਦਲਾ" ਮਾਰਦਾ ਸੀ
ਵਿੱਚੋਂ ਡਰੇ ਪ੍ਰਵਾਨਾ ਨਾ ਪਾਟ ਜਾਵੇ।

### ਜ਼ਿੰਦਾਬਾਦ ਮੁਰਦਾਬਾਦ

ਮੈਂ ਉਸ ਮੁਲਕ ਮਹਾਨ ਦਾ ਸਵਰਗਵਾਸੀ
ਹੱਕ ਮੰਗਣ ਨੂੰ ਜਿੱਥੇ ਅਪਰਾਧ ਕਹਿੰਦੇ
ਹਿਜਰਤ ਕਰ ਗਿਆ ਆਖਦੇ ਉੱਜੜੇ ਨੂੰ
ਫੁੱਟਪਾਥਾਂ ਤੇ ਪਿਆਂ ਆਬਾਦ ਕਹਿੰਦੇ
ਸੱਚ ਸੁਣਨ ਦਾ ਕੋਈ ਸ਼ੁਕੀਨ ਵਿਰਲਾ
ਝੂਠ ਬੋਲਿਆਂ ਬਹੁਤ ਇਰਸ਼ਾਦ ਕਹਿੰਦੇ
ਜਿੱਥੇ ਜੀਉਂਦਿਆਂ ਨੂੰ ਮੁਰਦਾਬਾਦ "ਆਦਲ"
ਅਤੇ ਮੁਰਦਿਆਂ ਨੂੰ ਜ਼ਿੰਦਾਬਾਦ ਕਹਿੰਦੇ।

### ਕਾਂਡ ਅਤੇ ਕਮਿਸ਼ਨ

ਮੇਰੇ ਦੇਸ਼ ਦੇ ਸੇਵਕੋ ਮੌਜ ਮਾਣੋ
ਲੋਕੀਂ ਐਵੇਂ ਹੀ ਗੱਲਾਂ ਉਛਾਲਦੇ ਨੇ
ਤੁਸੀਂ ਆਪਣੇ ਵਾਜੇ ਵਜਾਈ ਚੱਲੋ
ਤੁਸਾਂ ਕੋਲੋਂ ਇਹ ਭਲਾ ਕੀ ਭਾਲਦੇ ਨੇ
ਸੌਦਾ ਕਿਸੇ ਵੀ ਕਿਸਮ ਦਾ ਹੋਏ ਭਾਵੇਂ
ਪੈਸੇ ਹੁੰਦੇ ਰਿਜ਼ਰਵ ਦਲਾਲ ਦੇ ਨੇ
ਨਵੇਂ ਕਾਂਡ ਤੇ ਲੋੜ ਕਮਿਸ਼ਨ ਦੀ ਨਹੀਂ
"ਆਦਲ" ਕਈ ਹੋ ਗਏ ਇਸਦੇ ਨਾਲ ਦੇ ਨੇ।



Namdhari Elibrary NamdhariElibrary@gmail.com

### ਟੈਕਸ ਚੋਰ

ਸਾਡੇ ਕੋਲ ਕਿਤਾਬਾਂ ਦੀ ਕਮੀ ਹੈ ਨਹੀਂ
ਭਾਵੇਂ ਚੁੱਕ ਕੇ ਕਾਪੀਆਂ ਚਾਰ ਲੈ ਜਓ
ਸਣੇ ਜਾਨ ਦੇ ਮਾਲ ਅਸਬਾਬ ਹਾਜਰ
ਜੋ, ਕੁਝ ਚਾਹੀਦਾ ਮੇਰੀ ਸਰਕਾਰ ਲੈ ਜਓ
ਸੂਰਜ ਪਤਾ ਨਹੀਂ ਕਿਧਰੋਂ ਚੜ੍ਹੇ ਭਲਕੇ
ਅੱਜ ਹੂੰਝਕੇ ਸਾਰਾ ਬਜ਼ਾਰ ਲੈ ਜਓ
ਅਸੀਂ ਟੈਕਸ ਦਾ, ਟਕਾ ਨਹੀਂ ਮੂਲ ਦੇਣਾ
ਰਿਸ਼ਵਤ ਵਿੱਚ ਭਾਵੇਂ ਸਾਥੋਂ ਕਾਰ ਲੈ ਜਓ

### ਚੂਰਨ ਦੀ ਪੁੜੀ

ਚੂਰਨ ਹਾਜ਼ਮੇਦਾਰ ਹਕੀਮ ਜੀ ਦਾ
ਅੱਖਾਂ ਮੀਟ ਕੇ ਚੁਪ ਚੁਪੇਤ ਖਾ ਲਈਂ
ਤੇਰਾ ਹਾਜ਼ਮਾ ਕਰੂ ਦਰੁਸਤ ਏਨਾ
ਚਾਰਾ ਡੰਗਰਾਂ ਦਾ ਸਣੇ ਖੇਤ ਖਾ ਲਈਂ
ਸੀਮਿੰਟ ਬੱਜਰੀ ਤੇ ਸਰੀਆ ਰਿਹਾ ਕਿਧਰੇ
ਪੁਲਾਂ, ਖੱਲਿਉਂ ਹੂੰਝਕੇ ਰੇਤ ਖਾ ਲਈਂ
ਖਾਦ ਯੂਰੀਆ ਨਾਲ ਨਹੀਂ ਢਿੱਡ ਭਰਨਾ
ਗੋਲੇ ਤੋਪਾਂ ਦੇ ਤੋਪਾਂ ਸਮੇਤ ਖਾ ਲਈਂ
ਚੂਰਨ ਏਸਦਾ ਹੋਰ ਬੀ ਬੜਾ ਫਾਇਦਾ
ਧੰਦੇ ਲਾਗੇ ਨਹੀਂ ਬੁਰੀ ਬਲਾ ਔਂਦੀ
ਜਿਸਨੇ ਇੱਕ ਵੀ ਏਸਦੀ ਪੁੜੀ ਖਾਧੀ
ਸਾਰੀ ਉਮਰ ਨਹੀਂ ਸ਼ਰਮ ਹਯਾ ਔਂਦੀ

### ਲੋੜ ਕੀ ਸੀ

ਜੇਕਰ ਸਾਧੂਆ ਸਾਧਨਾ ਨਹੀਂ ਕੀਤੀ
ਤੈਨੂੰ ਸਾਧ ਸਦਵੌਣ ਦੀ ਲੋੜ ਕੀ ਸੀ
ਦਿਲ ਨੂੰ ਚੜ੍ਹੀ ਨਾ ਜੇ ਰੰਗਤ ਨਾਮ ਵਾਲੀ
ਭਗਵਾਂ ਭੇਸ ਬਣੌਣ ਦੀ ਲੋੜ ਕੀ ਸੀ
ਮਨ ਤੇ ਚੜ੍ਹੀ ਰਹੀ ਜੇ ਮੈਲ ਹੰਗਤਾ ਦੀ
ਤਾਂ ਫਿਰ ਤੀਰਥੀਂ ਨੌਹਣ ਦੀ ਲੋੜ ਕੀ ਸੀ
ਅਨਹਦ ਸ਼ਬਦ ਜੇ ਅੰਦਰੋਂ ਨਹੀਂ ਸੁਣਿਆਂ
'ਆਦਲ' ਟੱਲ ਖੜਕੌਣ ਦੀ ਲੋੜ ਕੀ ਸੀ।

### ਟੀ.ਵੀ ਦੇ ਗੀਤ

ਦੂਰ ਦਰਸ਼ਨ ਦੇ ਕਈਆਂ ਮੁਲਾਜ਼ਮਾਂ ਨੇਂ
ਵਾਹਵਾ ਨੋਟ ਕਮਾਣੇ ਅਰੰਭ ਦਿੱਤੇ
ਛਿੱਕੇ ਟੰਗਕੇ ਸ਼ਰਮ ਸ਼ਰਾਫ਼ਤਾਂ ਨੂੰ
ਡਿਸਕੋ ਨਾਚ ਨਚੌਣੇ ਅਰੰਭ ਦਿੱਤੇ
ਹਾੜ੍ਹਾ ਅੱਖ ਲੜ ਗਈ ਤੇਰੇ ਨਾਲ ਮੇਰੀ
ਏਹੋ ਸਬਕ ਸਖੌਣੇ ਅਰੰਭ ਦਿੱਤੇ
ਜਿਨ੍ਹਾਂ ਗੀਤਾਂ ਸਮਾਜ ਨੂੰ ਗਰਕ ਕਰਨਾ
ਉਹ ਟੀ.ਵੀ. ਵਿੱਚ ਸੁਣੌਣੇ ਅਰੰਭ ਦਿੱਤੇ।

## ਤੂੰ ਵੀ ਹੋ ਅਮਰੀਕ ਤਿਆਰ

*—ਮਾ. ਅਮਰੀਕ ਸਿੰਘ*

ਪਾਸ ਪੜੋਸੀ ਤੁਰ ਗਏ ਯਾਰ, ਤੂੰ ਵੀ ਹੋ ਅਮਰੀਕ ਤਿਆਰ।

ਪ੍ਰੀਤਮ ਸਿੰਘ ਜੀ ਕਵੀ ਪਿਆਰੇ ਮਾਸਟਰ ਸਿੰਘ ਨਿਹਾਲ ਵਿਚਾਰੇ,
ਅਮਰ ਭਾਰਤੀ ਸਨ ਦਿਲਦਾਰ, ਤੂੰ ਵੀ ਹੋ ਅਮਰੀਕ ਤਿਆਰ।

ਬੀਤੇ ਦੀਆਂ ਉਹ ਪੈੜਾਂ ਬਣ ਗਏ, ਸਾਗਰ ਦੀਆਂ ਉਹ ਲਹਿਰਾਂ ਬਣ ਗਏ,
ਬੰਦ ਹੋਏ ਨੇ ਦਿਲ ਦੇ ਦੁਆਰ। ਤੂੰ ਵੀ ਹੋ ਅਮਰੀਕ ਤਿਆਰ,

ਜਿਨ੍ਹਾਂ ਨਾਲ ਸੀ ਰਲ ਮਿਲ ਖੇਡੇ ਤੁਰ ਗਏ ਨੇ ਅਜ ਦੂਰ ਦੁਰੇਡੇ,
ਛੱਡ ਗਏ ਨੇ ਅੱਧ ਵਿਚਕਾਰ, ਤੂੰ ਵੀ ਹੋ ਅਮਰੀਕ ਤਿਆਰ।

ਸੱਜਣਾਂ ਦੀ ਕੀ ਸਿਫ਼ਤ ਸੁਨਾਵਾਂ ਦੇਵਾਂ ਦੱਸੋ ਕੀ ਉਪਮਾਵਾਂ,
ਰੱਜ ਰੱਜ ਦੇ ਗਏ ਦਿਲੋਂ ਪਿਆਰ ਤੂੰ ਵੀ ਹੋ ਅਮਰੀਕ ਤਿਆਰ।

ਬਿਨ ਸੱਜਣਾਂ ਰੁਸ ਗਈਆਂ ਬਹਾਰਾਂ ਜੀਵਨ ਦੱਸ ਇਹ ਕਿਵੇਂ ਗੁਜ਼ਾਰਾਂ,
ਹੋ ਗਈ ਜਾਪੇ ਉਮਰ ਖੁਆਰ। ਤੂੰ ਵੀ ਹੋ ਅਮਰੀਕ ਤਿਆਰ।

ਫ਼ਾਨੀ ਹੈ ਇਹ ਦੁਨੀਆ ਸਾਰੀ, ਝੂਠੀ ਹੈ ਸਭ ਕਾਰ ਗੁਜ਼ਾਰੀ,
ਸਰ ਪਰ ਜਾਣਾ ਹੈ ਉਸ ਪਾਰ, ਤੂੰ ਵੀ ਹੋ ਅਮਰੀਕ ਤਿਆਰ।

ਬਿਨ ਸੱਜਣਾਂ ਹੁਣ ਕਿੱਥੇ ਜਾਈਏ, ਕਿਸ ਨੂੰ ਦਿਲ ਦਾ ਹਾਲ ਸੁਨਾਈਏ,
ਕਿਵੇਂ ਲੰਘਾਈਏ ਦਿਨ ਇਹ ਚਾਰ, ਤੂੰ ਵੀ ਹੋ ਅਮਰੀਕ ਤਿਆਰ।

ਯਾਦ ਉਹਨਾਂ ਦੀ ਦਿਲਾਂ 'ਚ ਧਰੀਏ, ਨਾਲ ਸਬਰ ਇਹ ਬਿਰਹਾ ਜਰੀਏ,
ਮੰਨ ਮੂਹਰੇ ਕੁਦਰਤ ਦੇ ਹਾਰ, ਤੂੰ ਵੀ ਹੋ ਅਮਰੀਕ ਤਿਆਰ।



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Singh & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

*Sister Concern :*

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

# ਸਾਹਾਂ 'ਚ ਮਿਸ਼ਰੀ ਘੋਲ ਗਿਆ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ

*—ਗੁਰਭਜਨ ਗਿੱਲ*

ਪੰਜਾਬੀ ਭਵਨ, ਲੁਧਿਆਣਾ ਦੇ ਵਿਹੜੇ ਵਿਚ ਜਦ ਇਕ ਨਾਮਧਾਰੀ ਵੀਰ ਅਜੀਤ ਸਿੰਘ ਲਾਇਲ ਨੇ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਦਾ ਬਹੁਤ ਖੂਬਸੂਰਤ ਕਾਰਡ ਦਿੱਤਾ ਤਾਂ ਮੈਨੂੰ ਬੜਾ ਚੰਗਾ ਲੱਗਾ ਕਿ ਲੁਧਿਆਣਾ ਸ਼ਹਿਰ ਦੀ ਖੜ-ਖੜ ਖੜਕਦੀ ਫ਼ਿਜ਼ਾ ਵਿਚ ਸਾਜ਼ਾਂ ਤੇ ਸਾਜ਼ ਨਿਵਾਜ਼ਾਂ ਦੀ ਮਹਿਫਿਲ ਸਜੇਗੀ ਅਤੇ ਇਸ ਸੰਗੀਤ ਸੰਮੇਲਨ ਦੇ ਬਹਾਨੇ ਅਸੀਂ ਲੁਧਿਆਣਾ ਵਿਚ ਵਸਦੇ ਲੋਕ ਉਸਤਾਦ ਅਮਜਦ ਅਲੀ ਖਾਂ ਦੇ ਦੋਹਾਂ ਪੁਤੱਰਾਂ ਅਮਾਨ ਅਲੀ ਬੰਗਸ਼ ਅਤੇ ਅਯਾਨ ਲਈ ਬੰਗਸ਼ ਦੀਆਂ ਸਰੋਦ ਤੇ ਵਜਾਈਆਂ ਧੁਨਾਂ ਨੂੰ ਸਾਹਮਣੇ ਬੈਠ ਕੇ ਆਪਣੇ ਕੰਨਾਂ ਨਾਲ ਸੁਣ ਸਕਾਂਗੇ, ਅੱਖਾਂ ਨਾਲ ਵੇਖ ਸਕਾਂਗੇ। ਇਨ੍ਹਾਂ ਨਾਲ ਉਸਤਾਦ ਨਿਹਾਲ ਸਿੰਘ ਅਤੇ ਪੰਡਤ ਕਿਸ਼ਨ ਮਹਾਰਾਜ ਵਰਗੇ ਸੰਗੀਤ ਮਾਰਤੰਡ ਦੇ ਹੱਥੋਂ ੧੯ ਵਰ੍ਹੇ ਲਗਾਤਾਰ ਚੰਡੇ ਨਾਮਧਾਰੀ ਨੌਜੁਆਨ ਸੁਖਵਿੰਦਰ ਸਿੰਘ ਪਿੰਕੀ ਦੇ ਤਬਲੇ ਨੂੰ ਵੀ ਮੂੰਹੋਂ ਬੋਲਦਿਆਂ ਸੁਣਾਂਗੇ। ਪਰ ਮੇਰੇ ਪੁੱਤਰ ਪੁਨੀਤ ਨੂੰ ਇਨ੍ਹਾਂ ਸਾਰਿਆਂ ਨਾਲੋਂ ਵੱਧ ਏ ਆਰ ਰਹਿਮਾਨ ਦੇ ਵਾਦਕ ਸਾਥੀ ਸ਼ਿਵਾਮਣੀ ਨੂੰ ਸੁਣਨ ਤੇ ਵੇਖਣ ਦਾ ਚਾਅ ਸੀ। ਸੱਚੀ ਗੱਲ ਤਾਂ ਇਹ ਹੈ ਕਿ ਸੰਗੀਤ ਬਾਰੇ ਮੇਰਾ ਗਿਆਨ ਅਧੂਰਾ ਹੈ ਪਰ ਬੱਚਿਆਂ ਦੇ ਹਰਮਨ ਪਿਆਰੇ ਵਰਤਮਾਨ ਸੰਗੀਤਕਾਰ ਏ ਆਰ ਰਹਿਮਾਨ ਦੇ ਸਾਥੀ ਦਾ ਲੁਧਿਆਣੇ ਆ ਕੇ ਆਪਣੇ ਵੰਨਸੁਵੰਨੇ ਸਾਜ਼ਾਂ ਨੂੰ ਵਜਾਉਣਾ ਇਕ ਕਰਾਮਾਤ ਵਰਗੀ ਘਟਨਾ ਸੀ। ਇਸ ਕਾਰਡ ਉੱਤੇ ਸੁਰਜੀਤ ਪਾਤਰ ਦੇ ਇੱਕ ਸ਼ੇਅਰ ਦੀ ਹਾਜ਼ਰੀ ਉਸਦੀ ਆਪਣੀ ਹੀ ਹੱਥ ਲਿਖਤ ਵਿਚ ਸਾਨੂੰ ਅਨੰਦ ਵਿਭੋਰ ਕਰ ਰਹੀ ਸੀ :

*ਇਹ ਨੇ ਸਾਜ਼ ਤੇ ਸਾਜ਼ ਨਿਵਾਜ਼ ਤੂੰ*
*ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ*
*ਤੇਰੇ ਪੋਟਿਆਂ ਤੇ ਸੁਰਾਂ 'ਚ ਇਹ*
*ਕੇਹੇ ਫ਼ਾਸਲੇ ਕੇਹੀ ਲੀਕ ਹੈ।*

ਆਪਣੀ ਜੀਵਨ ਸਾਥਣ ਜਸਵਿੰਦਰ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਜਨਰਲ ਸਕੱਤਰ ਅਤੇ ਪ੍ਰਸਿੱਧ ਪੰਜਾਬੀ ਕਵੀ ਪ੍ਰੋਫ਼ੈਸਰ ਰਵਿੰਦਰ ਭੱਠਲ ਨੂੰ ਨਾਲ ਲੈ ਕੇ ਅਸੀਂ ਸ਼ੇਰਪੁਰ ਚੌਕ, ਲੁਧਿਆਣਾ ਵਿਚ ਉਸਰੇ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦੇ ਵਿਹੜੇ ਵਿਚ ਜਾ ਅੱਪੜੇ। ਇਹ ਹਸਪਤਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਲੁਧਿਆਣਾ ਦੇ ਸਿਰ ਨਵੀਂ ਅਸੀਸ ਹੈ। ਵਿਸ਼ਵ ਦੇ ਸਰਵੋਤਮ ਦਿਮਾਗਾਂ ਅਤੇ ਮਸ਼ੀਨਰੀ ਦਾ ਸੁਮੇਲ ਬਣੇਗਾ ਇਹ ਹਸਪਤਾਲ ਅਤੇ ਇਸ ਹਸਪਤਾਲ ਦੇ ਆਰੰਭ ਹੋਣ ਤੋਂ ਪਹਿਲਾਂ ਜੋ ਸੰਗੀਤ ਯੱਗ ਕਰਵਾਇਆ ਗਿਆ, ਉਹ ਵੀ ਕਮਾਲ ਹੀ ਸੀ। ਦੀਪਮਾਲਾ ਵਿਚ ਗੜੁੱਚ ਹਸਪਤਾਲ ਦੀ ਬਹੁ-ਮੰਜ਼ਿਲੀ ਇਮਾਰਤ ਦੇ ਬਾਹਰਵਾਰ ਮੁੱਖ ਦਰਵਾਜ਼ੇ ਤੇ ਪੰਜਾਬੀ ਸ਼ਾਇਰ ਸਤਨਾਮ ਸਿੰਘ ਕੋਮਲ ਸਾਡੀ ਉਡੀਕ ਵਿਚ ਹਾਜ਼ਰ ਸੀ। ਅੰਦਰ ਵੜਦਿਆਂ ਸੰਤ ਦਲੀਪ ਸਿੰਘ ਨਾਮਧਾਰੀ ਅਤੇ ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ ਮਿੱਠੀ ਮੁਸਕਾਨ ਸਾਨੂੰ ਕੁਝ ਸਮਾਂ ਲੇਟ ਹੋਣ ਦਾ ਲੁਕਵਾਂ ਅਹਿਸਾਸ ਕਰਵਾ ਰਹੀ ਸੀ ਪਰ ਨਾ ਅਸੀਂ ਬੋਲੇ ਤੇ ਨਾ ਉਹ। ਸਾਨੂੰ ਨਾਮਧਾਰੀ ਨੌਜੁਆਨਾਂ ਸੁਖਦੇਵ ਸਿੰਘ ਅਤੇ ਮੋਹਨ ਸਿੰਘ ਦੇ ਸ਼ਾਸਤਰੀ ਅੰਦਾਜ਼ ਵਿਚ ਗਾਇਨ ਹੋ ਰਹੇ ਸ਼ਬਦਾਂ ਨੇ ਢਾਲ ਬਣਕੇ ਬਚਾਇਆ। ਪੰਡਤ ਰਾਜਨ ਮਿਸ਼ਰਾ ਅਤੇ ਸਾਜਨ ਮਿਸ਼ਰਾ ਦੇ ਤਿਆਰ ਕੀਤੇ ਇਹ ਦੋਵੇਂ ਸ਼ਾਸਤਰੀ ਗਾਇਕ ਉਚੇਰੇ ਸਨਮਾਨ ਹਾਸਲ ਕਰ ਚੁੱਕੇ ਨੇ। ਪ੍ਰਦੇਸਾਂ ਵਿਚ ਜਾ ਕੇ ਵੀ ਇਹ ਦੋਵੇਂ ਨਾਮਧਾਰੀ ਨੌਜੁਆਨ ਗਾਇਕ ਅਕਸਰ ਪੰਜਾਬੀ ਪ੍ਰਤਿਭਾ ਅਤੇ ਸੰਗੀਤ ਸੂਝ ਦਾ ਲੋਹਾ ਮੰਨਵਾਉਂਦੇ ਨੇ।

ਸ਼ਿਵਾਮਣੀ ਨੂੰ ਸਾਜ਼ ਵਜਾਉਂਦਿਆ ਵੇਖਣਾ ਵੀ ਅਲੌਕਿਕ ਨਜ਼ਾਰਾ ਸੀ। ੨੫-੩੦ ਸਾਜ਼ਾਂ ਦਾ ਸਾਜ਼ੀਨਾ ਜਿੰਨੀ ਖੂਬਸੂਰਤੀ ਨਾਲ ਉਹ ਵਜਾ ਰਿਹਾ ਸੀ, ਇੰਝ ਲੱਗਦਾ ਸੀ ਜਿਵੇਂ ਕੰਪਿਊਟਰ ਚੱਲ ਰਿਹਾ ਹੋਵੇ। ਉਸਦੇ ਖ਼ੁਦ ਬਣਾਏ ਲੋਕ ਸਾਜ਼ਾਂ ਵਿਚੋਂ ਕਦੇ ਚਿੜੀਆਂ ਚੂਕਦੀਆਂ ਕਦੇ ਪ੍ਰਭਾਤ ਵੇਲਾ ਹੁੰਦਾ, ਸ਼ਾਮਾਂ ਵੇਲੇ ਸੰਖ ਪੂਰਿਆ ਜਾਂਦਾ, ਮੰਦਰਾਂ ਦੀਆਂ ਟੱਲੀਆ ਟੁਣਕਦੀਆਂ, ਮਸੀਤਾਂ ਦੀ ਆਜ਼ਾਨ ਹੁੰਦੀ, ਦੱਖਣੀ ਸੰਗੀਤ ਦੇ ਅੰਗਸੰਗ ਹੁੰਦਾ ਪੰਜਾਬੀ ਢੋਲ ਦਾ ਡੱਗਾ। ਸ਼ਿਵਾਮਣੀ ਨੂੰ ਰੱਬ ਨੇ ਜ਼ਰੂਰ ਕਈ ਦਿਨ ਲਾ ਕੇ ਬਣਾਇਆ ਹੋਵੇਗਾ। ਉਸਦੀ ਸੁਖਵਿੰਦਰ ਸਿੰਘ ਪਿੰਕੀ ਨਾਲ ਵਾਦਨ ਮੌਕੇ ਹੋਈ ਸਾਜ਼ਾਂ ਦੀ ਗੁਫਤਗੂ, ਧੂਮ ਧੜਕੇ ਤੋਂ ਚੁੱਪ ਦੀ ਆਵਾਜ਼ ਤੀਕ ਅਨੰਤ ਸਫਰ, ਬੰਸਰੀ ਦੀਆਂ ਮਿੱਠੀਆਂ ਤਾਨਾਂ ਵਜਾਉਂਦਾ ਰਮੇਸ਼ ਪ੍ਰਸੰਨਾ ਵੀ ਘੱਟ ਨਹੀਂ ਸੀ। ਨਾਮਧਾਰੀ ਮੁਖੀ ਪਰਿਵਾਰ ਦੇ ਠਾਕੁਰ ਉਦੇ ਸਿੰਘ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਂਦਿਆਂ ਇਸ ਸ਼ਾਮ ਦੀ ਇਕੱਲੀ-ਇੱਕਲੀ ਤੰਦ ਨੂੰ ਵਿਉਂਤਿਆ ਹੋਇਆ ਜਾਪਦਾ ਸੀ।

ਭਾਰਤੀ ਸੱਭਿਆਚਾਰ ਅਤੇ ਸ਼ਾਸਤਰੀ ਸੰਗੀਤ ਨੂੰ ਟਕਸਾਲੀ ਰੂਪ ਵਿਚ ਸੰਭਾਲਣ ਵਿਚ ਜਿੰਨਾ ਯੋਗਦਾਨ



Namdhari Elibrary • NamdhariElibrary@gmail.com

ਨਾਮਧਾਰੀ ਸਮਾਜ ਨੇ ਪਾਇਆ ਹੈ, ਕੋਈ ਹੋਰ ਧਰਮ, ਧੜਾ, ਸੰਪਰਦਾਇ ਜਾਂ ਸੰਸਥਾ ਉਸਦੇ ਨੇੜੇ ਨਹੀਂ ਖਲੋਂਦਾ। ਨਾਮਧਾਰੀ ਸਮਾਜ ਦੇ ਵਰਤਮਾਨ ਮੁੱਖੀ ਸਤਿਗੁਰੂ ਜਗਜੀਤ ਸਿੰਘ ਕੋਲ ਸਿਰਫ਼ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀਆਂ ਪੁਰਾਤਨ ਬੰਦਸ਼ਾਂ ਅਤੇ ਪੁਰਾਤਨ ਧੁਨਾਂ ਦਾ ਭਰਪੂਰ ਖ਼ਜਾਨਾ ਹੀ ਨਹੀਂ ਹੈ ਸਗੋਂ ਇਸ ਨੂੰ ਭਵਿੱਖ ਪੀੜ੍ਹੀਆਂ ਤੀਕ ਵੰਡਣ ਲਈ ਉਨ੍ਹਾਂ ਨੇ ਨਿੱਕ-ਨਿੱਕੇ ਨਾਮਧਾਰੀ ਬੱਚਿਆਂ ਨੂੰ ਵੱਡੇ ਸੰਗੀਤ ਘਰਾਣਿਆਂ ਦੇ ਉਸਤਾਦਾਂ ਕੋਲ ਛੱਡ ਕੇ ਸੰਗੀਤ ਸਬੰਧੀ ਤਾਲੀਮ ਦਿਵਾਈ ਹੈ। ਉਨ੍ਹਾਂ ਨੇ ਖ਼ੁਦ ਸੰਗੀਤ ਵਿਚ ਨਵੀਆਂ ਪਦਤੀਆਂ ਕਾਇਮ ਕੀਤੀਆਂ ਹਨ, ਪੌਣੇ ਅੱਠ, ਪੌਣੇ ਗਿਆਰਾਂ, ਸਵਾ ਚੌਦਾਂ, ਪੌਣੇ ਪੰਦਰਾਂ ਅਤੇ ੧੩੭/੮ ਮਾਤਰਾ ਵਿਚ ਤਾਲ ਸਿਰਜ ਕੇ ਸੰਗੀਤ ਜਗਤ ਵਿਚ ਵੀ ਆਪਣੀ ਹਸਤੀ ਮਨਵਾਈ ਹੈ। ਇੱਕ ਨਵੇਂ ਸਾਜ਼ ਨਾਮਧਾਰੀ ਤਰੰਗ ਨੂੰ ਪ੍ਰਚੱਲਿਤ ਕੀਤਾ ਹੈ। ਉਨ੍ਹਾਂ ਨੂੰ ਮਿਲਣ, ਚਰਨ ਪਰਸਣ ਅਤੇ ਵਿਚਾਰ-ਵਟਾਂਦਰਾ ਕਰਨ ਲਈ ਉਸਤਾਦ ਅਮਜਦ ਅਲੀ ਖਾਂ, ਉਸਤਾਦ ਵਲਾਇਤ ਹੁਸੈਨ ਖਾਂ, ਉਸਤਾਦ ਅੱਲਾ ਰੱਖਾ ਖਾਂ, ਉਸਤਾਦ ਰਾਜਨ ਮਿਸ਼ਰਾ ਅਤੇ ਸਾਜਨ ਮਿਸ਼ਰਾ ਵਰਗੇ ਕੌਮਾਂਤਰੀ ਪ੍ਰਸਿੱਧੀ ਦੇ ਸੰਗੀਤਕਾਰ ਅਕਸਰ ਆਉਂਦੇ ਰਹਿੰਦੇ ਹਨ। ਮੈਨੂੰ ਯਾਦ ਹੈ ਕਿ ਜਦ ੧੯੯੧ ਵਿਚ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਵੱਦੀ (ਲੁਧਿਆਣਾ) ਵਿਖੇ ਅਦੁੱਤੀ ਗੁਰਮਤ ਸੰਗੀਤ ਸੰਮੇਲਨ ਆਰੰਭਿਆ ਸੀ ਤਾਂ ਪਹਿਲੀ ਅਸੀਸ ਸ਼੍ਰੀ ਭੈਣੀ ਸਾਹਿਬ ਤੋਂ ਹੀ ਆਈ ਸੀ। ਹੁਣ ਲੁਧਿਆਣਾ, ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਦਰ ਸਦਕਾ ਅੱਜ ਫਿਰ ਸਾਜ਼ਾਂ ਦੀ ਟੁਣਕਾਰ ਵਿਚ ਸਾਹ ਲੈ ਰਿਹਾ ਪ੍ਰਤੀਤ ਹੋਇਆ। ਮੈਨੂੰ ਪਤਾ ਨਹੀਂ ਕਿ ਸੁਣਦੇ-ਸੁਣਦੇ ਕੀਹ ਹੋਇਆ, ਅਚਾਨਕ ਚੇਤੇ ਆਇਆ, ਕਲ੍ਹ ਸਵੇਰੇ ਹੋਲੀ ਹੈ ਅਤੇ ਹੋਲੀ ਦੀ ਪੂਰਵ ਸੰਧਿਆ ਤੇ ਕਿਸ ਕਿਸਮ ਦੇ ਸੁਰੀਲੇ ਅਤੇ ਮਹਿਕੀਲੇ ਰੰਗ ਸਾਡੇ ਸਾਹਾਂ ਵਿਚ ਘੁਲ ਰਹੇ ਨੇ। ਤਨ ਮਨ ਕਿਵੇ ਅਗੰਮੀ ਵਿਸਮਾਦ ਵਿਚ ਸਰਸ਼ਾਰ ਹੈ। ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਵਰਤਮਾਨ ਦੇ ਸੱਤਾਧਾਰੀ ਲੋਕ ਇਸ ਵਿਸਮਾਦੀ ਪਲ ਵਿਚ ਆਪਣੇ ਮੋਬਾਈਲ ਟੈਲੀਫੋਨਾਂ ਅਤੇ ਬੇ-ਲੋੜੀ ਆਮਦੋ ਰਫ਼ਤ ਨਾਲ ਖ਼ਲਲ ਪਾ ਰਹੇ ਨੇ। ਇਹ ਪਲ ਤਾਂ ਸਾਹ ਰੋਕ ਕੇ ਸੰਗੀਤ ਸੁਣਨ ਵਾਲੇ ਸਨ ਪਰ ਇਨ੍ਹਾਂ ਲੋਕਾਂ ਨੂੰ ਇਸ ਸੰਮੇਲਨ ਤੋਂ ਪਹਿਲਾਂ ਅਸੀਂ ਹੁਣ ਤੀਕ ਚੰਗਾ ਸੁਣਾਇਆ ਹੀ ਕੀ ਸੀ। ਅਜੇ ਤਾਂ ਲੁਧਿਆਣੇ ਦੀ ਕੋਰੀ ਸਲੇਟ ਤੇ ਸਤਿਗੁਰ ਜਗਜੀਤ ਸਿੰਘ ਜੀ ਨੇ ਇਕ ਓਂਕਾਰ ਵਾਲਾ ਏਕਾ ਹੀ ਵਾਹਿਆ ਹੈ। ਹੌਲੀ-ਹੌਲੀ ਜਦੋਂ ਮਿੱਠੇ ਸੁਰੀਲੇ ਸਾਜ਼ਾਂ ਨੇ ਆਪਣੀਆਂ ਤਰਬਾਂ ਨਾਲ ਪੂਰੀ ਪੈਂਤੀ ਅੱਖਰੀ ਲਿਖ ਦਿੱਤੀ ਤਾਂ ਇਸ ਸ਼ਹਿਰ ਦੀ ਜ਼ਿੰਦਗੀ ਦਾ ਕਿੰਨਾ ਸੁੰਦਰ ਸਰੂਪ ਹੋਵੇਗਾ ? ਇਸ ਨੂੰ ਮੈਂ ਅੱਜ ਵੀ ਮਹਿਸੂਸ ਕਰ ਸਕਦਾ ਹਾਂ। ਇਸ ਪਲ ਮੈਨੂੰ ਮੇਰੇ ਤੋਂ ਅਗਲੀ ਕਤਾਰ ਵਿਚ ਬੈਠੇ ਅਨੇਕਾਂ ਚਿਹਰੇ ਸਰੋਦੀ ਪਲਾਂ ਨੂੰ ਮਾਣਦੇ ਬਾਰ- ਬਾਰ ਦਿਸੇ। ਮੇਰੇ ਆਲ-ਦੁਆਲ ਪੂਰੇ ਪੰਜਾਬ ਤੋਂ ਆਏ ਸੰਗੀਤ ਪ੍ਰੇਮੀ, ਲੇਖਕ, ਕਲਾਕਾਰ ਅਤੇ ਬੁੱਧੀ ਜੀਵੀ ਹਾਜ਼ਰ ਸਨ। ਪਰ ਇਸ ਹਜ਼ਾਰਾਂ ਦੀ ਰੌਣਕ ਵਿਚ ਮੈਂ ਬਿਲਕੁਲ ਇਕੱਲਾ ਆਪਣੇ ਆਪ ਨੂੰ ਪੁੱਛ ਰਿਹਾ ਸਾਂ।

ਇਹ ਕੇਹੀ ਹੋਲੀ ਹੈ
ਰੂਹਾਂ ਤੇ ਛਿੜਕੀ ਜਾ ਰਹੀ ਏ
ਕੋਮਲ ਤਰਬਾਂ ਦੀ ਫੁਹਾਰ
ਵਿਸਮਾਦ ਵਿਚ ਗੜੁੱਚ ਹੈ
ਤਨ ਤੇ ਮਨ

ਨੀਲੇ ਅੰਬਰ ਦੇ ਚੰਦੋਏ ਹੇਠਾਂ
ਸੰਗੀਤ ਦੇ ਲਹਿਰੀਏ ਨੇ
ਸਰਸ਼ਾਹ ਕੀਤਾ ਹੈ ਬੇਚੈਨ ਮਨ

ਇਸ ਬੰਜਰ ਧਰਤੀ ਤੇ
ਕਿਸਨੇ ਕੀਤੀ ਹੈ ਮਿਹਰ
ਧੰਨ ਤੇਰਾ ਦਰਬਾਰ
ਸੁਰ ਸ਼ਹਿਜ਼ਾਦਿਆਂ ਦੇ
ਮਿਹਰਬਾਨ ਦਾਤਾਰ
ਕਰੀਂ ਮਿਹਰ ਏਹੋ ਜਹੀ
ਬਾਰ ਬਾਰ।

ਇਹ ਸਤਰਾਂ ਮੇਰੇ ਹੱਥੋਂ ਪ੍ਰੋਫੈਸਰ ਰਵਿੰਦਰ ਭੱਠਲ ਨੇ ਫੜੀਆਂ, ਪੜ੍ਹੀਆਂ ਅਤੇ ਨਾਲ ਬੈਠੀ ਸੂਬਾ ਸੁਰਿੰਦਰ ਕੌਰ ਖਰਲ ਨਾਮਧਾਰੀ ਨੂੰ ਸੌਂਪ ਦਿੱਤੀਆਂ। ਉਸਦੇ ਜੀਵਨ ਸਾਥੀ ਨੇ ਪੜ੍ਹਨ ਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸੇਵਕ ਸੰਤ ਹਰਪਾਲ ਸਿੰਘ ਕੋਲ ਮੰਚ ਤੇ ਪਹੁੰਚਾ ਦਿੱਤੀਆਂ ਅਤੇ ਉਨ੍ਹਾਂ ਨੇ ਅਜੀਤ ਸਿੰਘ ਲਾਇਲ ਹੁਰਾਂ ਰਾਹੀਂ ਸਮੁੱਚੀ ਸੰਗਤ ਨੂੰ ਪੇਸ਼ ਕਰ ਦਿੱਤੀਆਂ। ਕਈ ਘੰਟੇ ਦੇ ਨਿਰੰਤਰ ਵਾਦਨ ਦੇ ਗਾਇਨ ਤੋਂ ਬਾਅਦ ਜਦ ਘੜੀ ਦੀਆਂ ਸੂਈਆਂ ੧੨ ਵਜੇ ਤੋਂ ਉਰਾਰ ਹੀ ਸਨ ਤਾਂ ਸੰਤ ਦਲੀਪ ਸਿੰਘ ਨਾਮਧਾਰੀ ਦੀ ਅਗਵਾਈ ਹੇਠ ਨਾਮਧਾਰੀ ਨੌਜੁਆਨਾਂ ਨੇ ਜਿਵੇਂ ਇਲੈਕਟ੍ਰਾਨਿਕ ਫੁਰਤੀ ਨਾਲ ਪੰਡਾਲ ਵਿਚੋਂ ਕੁਰਸੀਆਂ ਚੁੱਕ ਕੇ ਸੰਗਤਾਂ ਦੀਆਂ ਪੰਗਤਾਂ ਲਗਵਾਈਆਂ ਅਤੇ ਲੰਗਰ ਦੀ ਸੇਵਾ ਖਿੜੇ ਮੱਥੇ ਕੀਤੀ, ਉਹ ਵੀ ਕਮਾਲ ਤੇ ਕ੍ਰਿਸ਼ਮਾਕਾਰੀ ਸੀ। ਬਾਰ-ਬਾਰ ਮਨ ਵਿਚ ਆ ਰਿਹਾ ਸੀ ਕਿ ਏਡੇ ਵੱਡੇ ਕੌਤਕ ਨੂੰ ਕੀਹ ਮੈਂ ਖ਼ੁਦ ਹੀ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਹਾਂ ?


Namdhari Elibrary NamdhariElibrary@gmail.com

# ਇਕ ਅਹਿਸਾਸ

—ਮਹਿੰਦਰ ਸਿੰਘ ਮਠਾੜੂ 'ਚਿਤਾਰ'

ਗੁਰੂ ਜਾਂ ਸਤਿਗੁਰੂ ਨੂੰ ਕਈ ਵਾਰੀ ਸਮਝਣ ਲਈ, ਜ਼ਿੰਦਗੀਆਂ ਹੀ ਗੁਜ਼ਰ ਜਾਂਦੀਆਂ ਹਨ, ਪਰ ਕਈ ਵਾਰੀ ਬੜੀ ਹੀ ਜਲਦੀ ਇਸ ਦਾ ਬੋਧ ਹੋ ਜਾਂਦਾ ਹੈ। ਕੀ ਕਾਰਣ ਹੈ ਮੈਂ ਨਹੀਂ ਜਾਣਦਾ।

੧੯੯੨ ਦਾ ਹੋਲੇ ਮਹੱਲੇ ਦਾ ਸਮਾਂ ਨੇੜੇ ਆਉਣ ਵਾਲਾ ਸੀ, ਸ਼ਾਇਦ ਡੇਢ ਜਾਂ ਦੋ ਮਹੀਨੇ ਬਾਕੀ ਰਹਿੰਦੇ ਸਨ। ਇੰਗਲੈਂਡ ਤੋਂ ਸਾਡੇ ਬਜ਼ੁਰਗਾਂ ਵਲੋਂ ਹੀ ਹਦਾਇਤ ਮਿਲੀ ਕਿ ਇਸ ਹੋਲੇ ਮਹੱਲੇ ਦੇ ਪ੍ਰੋਗਰਾਮ ਤੇ ਤੁਸੀਂ ਤੇ ਸਪੁਤਰੀ ਜ਼ਰੂਰ ਹੀ ਭੈਣੀ ਸਾਹਿਬ ਪਹੁੰਚਣਾ, ਇਹ ਤਾਕੀਦ ਹੈ।

ਸੰਸਕਾਰਾਂ ਦਾ ਹਰ ਇਨਸਾਨ ਦੀ ਜ਼ਿੰਦਗੀ ਤੇ ਬਹੁਤ ਪ੍ਰਭਾਵ ਪੈਂਦਾ ਹੈ, ਚਾਹੇ ਉਹ ਚੰਗਾ ਜਾਂ ਮਾੜਾ ; ਕਿਉਂਕਿ ਦੋਨਾਂ ਤਰ੍ਹਾਂ ਦੇ ਸੰਸਕਾਰਾਂ ਲਈ, ਇਕੋ ਜਿਹੀ ਤਾਕਤ, ਸਮਝ ਤੇ ਜਗਿਆਸਾ ਲਾਉਣੀ ਪੈਂਦੀ ਹੈ, ਇਹ ਮੇਰਾ ਨਿੱਜੀ ਅਨੁਭਵ ਹੈ।

ਉਂਝ ਤਾਂ ਬਚਪਨ ਵਿਚ ਹੀ, ਸ਼ਾਇਦ ਲਗਭਗ ਪੰਜਾਹ ਕੁ ਵਰ੍ਹੇ ਹੋ ਗਏ ਹੋਣਗੇ, ਜਦੋਂ ਜ਼ਿਆਦਾ ਸਫਰ ਅਫਰੀਕਾ ਜਾਣ ਲਈ ਪਾਣੀ ਦੇ ਜਹਾਜ਼ ਰਾਹੀਂ ਕੀਤਾ ਜਾਂਦਾ ਸੀ। ਮੈਂ ਸ਼ਾਇਦ ਉਹਨਾਂ ਵਡਭਾਗੇ ਬੱਚਿਆਂ ਵਿਚੋਂ ਉਸ ਵਕਤ ਸਾਂ, ਕਿ ਨਾਸਤਿਕ ਪ੍ਰਵਿਰਤੀ ਹੁੰਦਿਆਂ ਹੋਇਆਂ ਵੀ, ਬੰਬਈ ਵਿਚ ਸੌਖੇ ਵਾਤਾਵਰਨ ਦੇ ਮਠਾੜੂ ਪਰਿਵਾਰ ਵਿਚ ਜਨਮ ਲਿਆ, ਅਤੇ ਖੁਸ਼-ਨਸੀਬੀ ਨਾਲ ਜ਼ਮਾਨੇ ਦੀ ਨਵੀਂ ਰੋਸ਼ਨੀ ਦਾ ਮਨ ਤੇ ਬੜਾ ਅਸਰ ਪਿਆ। ਇਹ ਉਹ ਸਮਾਂ ਸੀ ਜਦੋਂ ਨਾਮਧਾਰੀ ਗੁਰਮੁਖ, ਸਾਡੇ ਤਾਇਆ ਜੀ ਦੇ ਘਰ "ਸਤਿਗੁਰੂ" ਜੀ ਨਾਲ ਅਫਰੀਕਾ ਜਾਣ ਤੋਂ ਪਹਿਲਾਂ ਡੇਰਾ ਲਾਉਂਦੇ ਸਨ। ਲਾਜ਼ਮੀ ਸਾਰਾ ਪਰਿਵਾਰ ਇਕੱਠਾ ਹੋ ਕੇ, ਇਸ ਸੁਭਾਗ ਭਰੇ ਵਾਤਾਵਰਨ ਦਾ ਆਨੰਦ ਮਾਣਦਾ। ਇਹੋ ਹੀ ਉਹ ਸਮਾਂ ਜਾਪਦਾ ਹੈ, ਜਦੋਂ ਆਸਤਿਕਤਾ ਦਾ ਬੀਜ ਪਿਆ, ਜਿਸ ਨੂੰ ਉਕਰਨ ਲਈ, ਯਾਨੀ ਕਿ ੧੯੯੦ ਦਾ ਸਮਾਂ ਆਇਆ, ਤੇ ਫਲੀਭੂਤ ਹੋਣ ਲਈ ੧੯੯੨ ਦਾ ਸ਼ੁਭ ਸਾਲ ਚੜ੍ਹਿਆ, ਇਹ ਤਾਂ ਸਤਿਗੁਰਾਂ ਦੀ ਕ੍ਰਿਪਾ ਦਾ ਸਦਕਾ, ਕਿ 'ਮਾਲਿਕ' ਦੀ ਹਜ਼ੂਰੀ ਅਨੁਸਾਰ ਵਿਧਾਂ ਮਿਲਾਈਆਂ।

ਬਹੁਤ ਸਮੇਂ ਤੋਂ ਪੂਨੇ ਰਹਿਣ ਕਰਕੇ, ਇਥੋਂ ਦਾ ਮੌਸਮ ਜ਼ਿਆਦਾ ਬਦਲਾਵ "ਅੱਤ" ਤਕ ਨਹੀਂ ਹੁੰਦਾ, ਪਰ ਜਦੋਂ ਅਸੀਂ ਹਦਾਇਤ ਅਨੁਸਾਰ ਤਿਆਰੀ ਕੀਤੀ ਤਾਂ ਠੰਡ ਦਾ ਅਨੁਭਵ, ਜੋ ਬਚਪਨ ਵਿਚ ਕੀਤਾ ਸੀ, ਮਹਿਸੂਸ ਕੀਤਾ। ਪਰ ਧੁਰੋਂ ਮਹਾਰਾਜ ਦਾ ਹੁਕਮ ਹੋਵੇ ਤਾਂ ਆਪਣੇ ਆਪ ਅੰਦਰੋਂ ਇੱਛਾਵਾਂ ਜਾਗਦੀਆਂ ਹਨ, ਮਨ ਉਤਸ਼ਾਹ ਨਾਲ ਖਿੜ ਉਠਦਾ ਹੈ।

ਸੰਤ ਸੂਬਾ ਅਵਤਾਰ ਸਿੰਘ ਚਾਨਾ ਜੀ, ਬੀਰ ਪਿੰਡ ਵਾਲੇ ਜੋ ਕਿ ਸਾਡੀ ਸੁਪਤਨੀ ਦੇ ਸਗੇ ਬੜੇ ਫੁੱਫੜ ਜੀ ਲਗਦੇ ਸਨ, ਦੇ ਨਮਿੱਤ ਹੋਲਾ ਮਹੱਲਾ ਸਮੇਂ ਉਹਨਾਂ ਦੇ ਪਰਿਵਾਰ ਵਲੋਂ ਪੂਰੀ ਸੇਵਾ ਕੀਤਾ ਜਾ ਰਹੀ ਸੀ। ਵੱਡੇ ਸਪੁੱਤਰ ਸੰਤ ਹਰਜਿੰਦਰ ਸਿੰਘ "ਸਟੀਲ ਮੈਨ" ਤੇ ਸੰਤ ਰਘਬੀਰ ਸਿੰਘ ਜੀ ਦਾ ਯੋਗਦਾਨ ਵੀ ਬਹੁਤ ਉੱਘਾ ਸੀ। ਭਾਵੇਂ ਸਾਡਾ ਵਿਆਹ ਨਾਮਧਾਰੀ ਮਰਿਯਾਦਾ ਅਨੁਸਾਰ "ਬੇਦੀ" ਦੀ ਰਸਮ ਅਨੁਸਾਰ ਹੋਇਆ, ਪਤਨੀ ਦੀ ਮਾਨਤਾ ਪਹਿਲਾਂ ਤੋਂ ਹੀ ਨਾਮਧਾਰੀਆਂ ਵਿੱਚ ਬਹੁਤ ਸੀ, ਤੇ ਹੈ, ਪਰ ਸਾਡਾ ਪਰਿਵਾਰ, ਇਕ ਬਹੁਤ ਹੀ ਸਾਧਾਰਣ ਸਿੱਖ ਪਰਿਵਾਰ ਵਾਂਙ ਰਹਿਣੀ ਬਹਿਣੀ ਰੱਖਦਾ ਹੈ।

ਅਸੀਂ ਦੋਨੋਂ ਜੀਅ ਮਿਥੇ ਪ੍ਰੋਗਰਾਮ ਅਨੁਸਾਰ ਬੀਰ ਪਿੰਡ ਪਹੁੰਚ ਗਏ, ਜਿੱਥੇ ਕਿ ਪਰਿਵਾਰ ਨੇ ਇੱਕਠਾ ਹੋਣਾ ਸੀ। ਮੇਰੇ ਲਈ ਵੀ ਪਹਿਲਾ ਮੌਕਾ ਸੀ ਕਿ ਵਿਆਹ ਦੇ ਲਗਭਗ ਸਤਾਈਆਂ ਸਾਲਾਂ ਬਾਦ ਪਛਾਣ ਕਰਾਈ ਗਈ, ਕਿ ਅਸੀਂ ਪੂਨੇ ਤੋਂ ਹਾਂ, ਅਤੇ ਆਪਦੀ ਸਪੁਤਰੀ ਦੇ ਘਰੋਂ ਹਾਂ, ਬੜਾ ਅਜੀਬ ਜਾਪਿਆ, ਖੁਸ਼ੀ ਵੀ ਹੋਈ, ਕਿ ਇਸ ਤਰ੍ਹਾਂ ਦੀ ਪਛਾਣ ਵਿਚ, ਮੇਰੀ ਆਪਣੀ ਪਛਾਣ ਘਰ ਵਾਲੀ ਰਾਹੀਂ ਹੋਈ। ਬੀਰ ਪਿੰਡ ਦੇ ਘਰ ਬੜਾ ਪਰਵਾਰਿਕ ਮਾਹੌਲ ਮਿਲਿਆ, ਨਾਮਧਾਰੀ ਵਾਤਾਵਰਨ, ਵਿਦੇਸ਼ਾਂ ਵਿਚ ਰਹਿਣ ਦੇ ਬਾਵਜੂਦ ਪਰਿਵਾਰ ਵਿਚ ਸੁੱਚਮਤਾ ਦਾ ਸਿਖਰ, ਪ੍ਰੇਮ ਪਿਆਰ, ਛੋਟੇ ਬੱਚਿਆਂ ਤੋਂ ਲੈ ਕੇ ਬੜੇ ਬਜ਼ੁਰਗਾਂ ਤੱਕ।

ਸਤਿਗੁਰਾਂ ਗੱਡੀ ਭੇਜੀ ਹੈ, ਚਲੋ ਮਹਾਰਾਜ ਦੀ ਕਿਰਪਾ। ਨੌਜਵਾਨ ਨਾਮਧਾਰੀ ਗੱਡੀ ਚਲਾਉਣ ਵਾਲਾ, ਸਟੀਲਮੈਨ ਦੀ ਉਦੱਮਤਾ ਤੇ ਪਿਆਰ ਦਾ ਸਦਕਾ, ਇਕ ਆਨੰਦਮਈ ਅਹਿਸਾਸ ਤਾਂ ਇਥੋਂ ਤੁਰਨ ਵੇਲੇ ਹੀ ਹੋਣ ਲਗ ਪਿਆ, ਸਫਰ ਕਰਦਿਆਂ ਬੀਰ ਪਿੰਡ ਤੋਂ ਭੈਣੀ ਸਾਹਿਬ ਤੱਕ।

ਭੈਣੀ ਸਾਹਿਬ ਪਹੁੰਚਦਿਆਂ, ਇਕ ਛੋਟਾ ਜਿਹਾ ਪਿੰਡ, ਸੰਗਤਾਂ ਦਾ ਜਮਾਵ ਆਰੰਭ ਹੀ ਹੋਇਆ ਨੌਜਵਾਨ ਹੱਥ ਵਿੱਚ ਫੜੀ ਬੰਦੂਕਾਂ ਨਾਲ, ਅੰਦਰ ਵੜਦਿਆਂ ਨਜ਼ਰ ਆਏ। ਖਬੇ ਪਾਸੇ ਬਣੇ ਹੋਏ, ਅਤੇ ਉਸ ਵੇਲੇ ਬਣ ਰਹੇ ਮਕਾਨ ਵੱਲ ਤੁਰ ਪਏ। ਪਹਿਲੀ ਮੰਜ਼ਿਲ ਦੇ ਆਖੀਰ ਦੇ ਕਮਰੇ ਵਿਚ ਸਮਾਨ ਰੱਖਿਆ, ਤੇ ਆਲੇ ਦੁਆਲੇ ਕਮਰੇ ਤੇ ਝਾਤੀ ਮਾਰਨ ਤੇ ਇੱਕ "ਬੀਬੀ ਜੀ" ਦੀ ਤਸਵੀਰ ਬੜੇ ਤੇਜ ਵਾਲੀ ਦਿਖੀ, ਜਗਿਆਸਾ ਨਾਲ ਦੇਖਦਿਆਂ ਇਹ ਜਾਣਕਾਰੀ ਦਿੱਤੀ ਗਈ ਕਿ ਬੀਬਾ ਜੀ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਦੀ ਸਪੁਤਰੀ। ਇਹ ਤੁਹਾਡੇ ਸਭ



Namdhari Elibrary NamdhariElibrary@gmail.com

ਤੋਂ ਛੋਟੇ ਸਾਲੇ ਦੇ ਘਰੋਂ, ਦੋ ਵੀ ਮਿਤਰ। ਹੁੰਘਾਰਾ ਹੀ ਭਰਿਆ ਗਿਆ ਮੇਰੇ ਕੋਲੋਂ।

ਸਾਨੂੰ ਸਾਰਿਆਂ ਨੂੰ ਖਾਸ ਕਮਰਿਆਂ ਵਿਚ ਠਹਿਰਾਇਆ ਗਿਆ ਸੀ। ਇੱਥੇ ਸੁਰੱਖਿਆ ਦਾ ਬੜਾ ਕੜਾ ਇੰਤਜ਼ਾਮ ਸੀ, ਕਿ ਸਾਹਮਣੇ ਸਤਿਗੁਰਾਂ ਦਾ ਨਿਵਾਸ ਹੈ, ਅਤੇ ਪੰਜਾਬ ਦਾ ਵਾਤਾਵਰਣ ਅਜੇ ਸ਼ਾਂਤ ਨਹੀਂ ਸੀ ਪੂਰੀ ਤਰਾਂ।

ਸਤਿਗੁਰਾਂ ਦੇ ਦਰਸ਼ਨ ਦੀ ਅੰਦਰੋਂ ਭੱਖਦੀ ਅੱਗ ਜ਼ਾਹਰ ਵੀ ਤਾਂ ਨਹੀਂ ਸੀ ਕੀਤੀ ਜਾ ਸਕਦੀ। ਮੈਂ ਆਪਣੇ ਪਰਿਵਾਰ ਵਿਚ ਇੱਕਲਾ ਜੀਅ, ਬਾਕੀ ਸਭ ਇਕ ਪਰਿਵਾਰ ਵਾਂਗੂ, ਕਿਉਂਕਿ ਬਚਪਨ ਤੋਂ ਮਿਲਣਸਾਰ ਸਾਫ ਸੁਥਰਾ ਵਾਤਾਵਰਨ, ਆਪਣਾਪਣ ਦੇ ਸੰਸਕਾਰ, ਸਾਰਿਆਂ ਦੇ ਪੂਰੀ ਤਰ੍ਹਾਂ ਸਾਂਝੇ ਵਿਚਾਰ, ਮੇਰੇ ਮਨ ਦੀ ਬਹੁਤ ਹੀ ਗਹਿਰਾਈ ਤੱਕ ਅਸਰ ਪਾ ਰਹੇ ਸਨ, ਜਦੋਂ ਦੇ ਅਸੀਂ ਬੀਰ ਪਿੰਡ ਇੱਕਠੇ ਹੋਏ ਸਾਂ।

ਸਾਰੇ ਤਿਆਰ ਹੋ ਕੇ ਨਾਮਧਾਰੀ ਬਾਣਾ ਪਾ, ਸੱਜ ਧੱਜ ਕੇ, ਮੈਂ ਇੱਕਲਾ ਆਮ ਸਿੱਖੀ ਬਾਣਾ, ਇਹਨਾਂ ਖਾਸ ਮਹਿਮਾਨਾ ਵਿਚ। ਪੱਗ ਵੀ ਰੰਗੀਨ, ਹੁਣ ਕੀਤਾ ਤਾਂ ਵੀ ਕੁਝ ਨਹੀਂ ਸੀ ਜਾ ਸਕਦਾ। ਸਾਰੇ ਬੜੇ ਵੱਡੇ ਹਾਲ ਨੂੰ ਤੁਰ ਪਏ, ਕੋਲ ਪਹੁੰਚੇ ਤਾਂ ਦੂਰ ਤਕ ਗੁਰਮੁਖਾਂ ਦੀ ਬੜੀ ਲੰਬੀ ਕਤਾਰ ਨਜ਼ਰ ਆਈ। ਵਿਚਾਰ ਆ ਜਾ ਰਹੇ ਸਨ, ਕਿ ਕਤਾਰ ਵਿਚ ਖਲੋਤਿਆਂ, ਕਦੋਂ ਵਾਰੀ ਆਵੇਗੀ। "ਸਟੀਲਮੈਨ" ਦੀ ਆਵਾਜ਼ ਤੋਂ ਨਿੰਦ੍ਰਾ ਟੁੱਟੀ, ਤੇ ਉਹ ਹਾਲ ਦੀ ਪਹਿਲੀ ਕੰਧ ਵਾਲੇ ਪਾਸੇ ਲੈ ਤੁਰੇ, ਅਤੇ ਇਕ ਛੋਟੇ ਜਹੇ ਦਰਵਾਜ਼ੇ ਰਾਹੀਂ ਅੰਦਰ ਵੜਦਿਆਂ ਹੀ ਜਿਵੇਂ ਇਕ ਬਹੁਤ ਬੜੀ ਦੈਵੀ ਦੁਨੀਆ ਵਿਚ ਪਹੁੰਚ ਗਏ। ਇਤਨਾ ਵੱਡਾ ਹਾਲ ਬਗੈਰ ਕਿਸੇ ਖੰਬੇ ਤੋਂ ਟਿਕੀ ਛੱਤ, ਬੜਾ ਪੱਕਾ ਬਣਿਆ ਹੋਇਆ ਸਟੇਜ, ਇੱਕ ਪਾਸੇ ਬੀਬੀਆਂ ਤੇ ਦੂਜੇ ਪਾਸੇ ਸਿੰਘ ਸਜੇ ਹੋਏ, ਸਿੰਘਾਂ ਵਾਲੇ ਪਾਸੇ ਤਖਤੀਆਂ ਲੱਗੀਆਂ ਹੋਈਆਂ ਵਿਅਕਤੀਆਂ ਦੀ ਖਾਸ ਪਹਿਚਾਨ ਕਰਵਾਉਣ ਲਈ। ਹਾਲ ਦੇ ਗੱਭੇ ਗੁਰਮੁਖ ਸ਼ਰਧਾਲੂਆਂ ਦੀ ਬੜੀ ਜਿਹੀ ਕਤਾਰ ਜੋ ਆਖੀਰ ਦੇ ਦਰਵਾਜੇ ਤਾਈਂ ਜਾਂਦੀ ਸੀ। ਬੈਠੀਆਂ ਸੰਗਤਾਂ ਦਾ ਦੁੱਧ ਵਰਗੇ ਚਿੱਟੇ ਬਸਤਰਾਂ ਪਹਿਨੇ ਹੋਏ ਦਾ ਬੜਾ ਸਾਗਰ, ਕੁਝ ਸੈਕੰਡਾਂ ਲਈ ਮੈਨੂੰ ਸੁੰਨ ਕਰ ਗਿਆ, ਪਰ ਕੀਰਤਨ ਦੀ ਮਧੁਰ ਆਵਾਜ਼ ਤੇ ਸਾਜ਼ਾਂ ਦਾ ਸੁੰਦਰ ਦਿਲ ਖਿੱਚ ਸੰਗੀਤ ਨੇ ਧਿਆਨ ਨੂੰ ਆਪਣੀ ਥਾਂ ਲਿਆਂਦਾ। ਕਤਾਰ ਵਿਚ ਪਰਿਵਾਰ ਨਾਲ ਖੜਿਆਂ ਤੇ ਹੌਲੀ-ਹੌਲੀ ਤੁਰਦਿਆਂ ਕਦੋਂ ਸਤਿਗੁਰਾਂ ਸਾਹਮਣੇ ਜਾ ਖੜੋਤਾ, ਭਾਵ ਸੁਰਤ ਹੀ ਨਹੀਂ ਰਹੀ। ਉਪਰ ਝੁੱਲਦਾ ਛੱਤਰ, ਪੂਰਾ ਸਟੇਜ ਦੁੱਧ ਦੀ ਚਾਦਰ ਨਾਲ ਭਰਿਆ ਹੋਇਆ, ਜਿਹਨਾਂ ਵਿਚ ਸ਼ਾਂਤ, ਖੁਸ਼ ਤੇ ਨੂਰਾਨੀ ਕਹਿਰੇ ਬਦਨ ਦਾ ਨੂਰ ਝਲਕਦਾ ਦਿਖਦਾ ਰਿਹਾ। ਸ਼ਾਇਦ ਮੈਂ ਆਪਣਾ ਆਪ ਤੇ ਆਪਣੀ ਬਨਾਵਟੀ ਦਿਖਾਵੇ ਜਾਂ ਸਭਿਅਤਾ ਨੂੰ ਭੁਲ ਹੀ ਗਿਆ ਸੀ, ਕਿ ਮੱਥਾ ਟੇਕਣਾ ਚਾਹੀਦਾ ਹੈ। ਮੈਨੂੰ ਜਿਥੋਂ ਤਕ ਯਾਦ ਹੈ, ਮੈਂ ਇਹ ਪਰੰਪਰਾ ਵੀ ਨਿਭਾ ਨਹੀਂ ਸਕਿਆ, ਪਿਛੋਂ ਸ਼ਾਇਦ ਸੁਪਤਨੀ ਹਲੂਣਾ ਦਿਤਾ ਤਾਂ ਸੁਰਤ ਆਈ, ਪਰ ਦੇਰ ਜੋ ਹੋ ਚੁੱਕੀ ਸੀ। ਹੋਰ ਵੀ ਤਾਂ ਗੁਰਮੁਖ ਪਿਆਰੇ ਇਛੁੱਕ ਸਨ, ਮਨ ਵਿਚ ਸ਼ਰਧਾ ਪਿਆਰ ਦੀ ਭਾਵਨਾ ਲੈ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਆਉਂਦੇ ਹਨ। ਮੇਰੇ ਵਰਗੇ ਲਈ ਤਾਂ ਇਤਨੀ ਸੂਝ ਦਾ ਨਾ ਸਮਾਂ ਮਿਲਿਆ ਅਤੇ ਨਾ ਹੀ ਮੌਕਾ, ਉਸੇ ਤਰਾਂ ਬਾਕੀ ਨਾਲਦਿਆਂ ਨਾਲ ਸੰਗਤ ਵਿਚ ਬੈਠ ਗਿਆ।

ਸਾਡੀ ਆਪਣੀ ਵਿਸ਼ੇਸ਼ਤਾ ਇਹ ਹੈ ਕਿ ਅਸੀਂ ਪਰੰਪਰਾ ਵਾਦੀ ਬਣ ਜਾਂਦੇ ਹਾਂ ਜਾ ਬਣਾ ਦਿੱਤੇ ਹਾਂ। ਇਸਦਾ ਅਨੁਭਵ ਉਸ ਵੇਲੇ ਸ਼ਾਇਦ ਨਾ ਆਵੇ, ਪਰ ਕਦੀ ਨਾ ਕਦੀ ਇਸ ਦਾ ਬੋਧ ਜ਼ਰੂਰ ਹੁੰਦਾ ਹੈ। ਇਹੋ ਇਕ ਪਲ ਆਪ ਨੂੰ ਆਪਣੇ ਬਾਰੇ ਪੂਰੀ ਜਾਣਕਾਰੀ ਦਿੰਦਾ ਹੈ। ਇਸ ਨੂਰਾਨੀ ਰੂਪ, ਸੰਗੀਤ ਮਈ ਸਮਾਂ, ਗੁਰਸਿੱਖਾਂ ਦਾ ਬੜਾ ਸਮੂਹ, ਬਾਣੀ ਦਾ ਅਥਾਹ ਸਾਗਰ ਹੁੰਦਿਆਂ ਵੀ ਇਸ ਤੋਂ ਵਾਂਝੇ ਰਹਿ ਜਾਂਦੇ ਹਾਂ, ਇਸ ਤਰਾਂ ਦਾ ਮੌਕਾ ਹੁੰਦਿਆਂ ਹੋਇਆਂ ਵੀ।

ਅਜੇ ਕੁਝ ਆਰਾਮ ਕਰ ਰਹੇ ਸਾਂ ਕਿ ਸੰਗੀਤ ਸਾਜ਼ਾਂ ਦੀ ਆਵਾਜ਼ ਕੰਨੀਂ ਪਈ। ਖਿੱਚ ਆਵਾਜ਼ ਵਾਲੇ ਪਾਸੇ ਲੈ ਗਈ ਦਸਤਾਰ ਦੀ ਜਗ੍ਹਾ ਸਿਰ ਤੇ ਸਾਫਾ ਜਿਹਾ ਬੰਨ੍ਹ ਕੇ ਇਸ ਇਮਾਰਤ ਦੇ ਦੂਸਰੇ ਪਾਸੇ ਤੁਰ ਪਿਆ ਤਾਂ ਕਿ ਆਉਣ ਵਾਲੀ ਆਵਾਜ਼ ਪਾਸੇ ਪਹੁੰਚ ਸਕਾਂ। ਛੋਟਾ ਜਿਹਾ ਗਲਿਆਰਾ ਨਜ਼ਰ ਆਇਆ, ਖੱਬੇ ਪਾਸੇ ਇਕ ਕਮਰਾ ਜਿਸਦਾ ਦਰਵਾਜ਼ਾ ਖੁਲ੍ਹਿਆ ਹੋਇਆ ਸੀ। ਅੰਦਰ ਝਾਤੀ ਮਾਰੀ ਤਾਂ ਦਰਵਾਜ਼ੇ ਤੋਂ ਪੰਜ ਜਾਂ ਛੇ ਫੁਟ ਤੇ ਸਤਿਗੁਰੂ ਜੀ ਬੈਠੇ ਹੋਏ ਸਨ, ਸੱਜੇ ਪਾਸੇ ਕੰਧ ਨਾਲ ਟੇਕ ਲਾਕੇ। ਖੱਬੇ ਪਾਸੇ ਕੁਝ ਕੁ ਸੰਗਤ ਸੀ, ਸੰਗੀਤ ਦੇ ਜਾਣਕਾਰ ਸਾਜ਼ਾਂ ਨਾਲ ਬੈਠੇ ਸਨ। ਕਮਰਾ ਕੁਝ ਬੜਾ ਨਹੀਂ ਸੀ ਪਰ ਭਰਿਆ ਹੋਇਆ ਸੀ। ਦਰਵਾਜ਼ੇ ਅਤੇ ਸਤਿਗੁਰਾਂ ਵਿਚਕਾਰ ਦੋ ਜਾਂ ਤਿੰਨ ਸਿੰਘਾਂ ਦੇ ਬੈਠਣ ਦੀ ਜਗ੍ਹਾ ਸੀ ਪਰ ਮੈਂ ਝਿਜਕਿਆ, ਅਤੇ ਇਹ ਵੇਖ ਥੋੜ੍ਹਾ ਦਰਵਾਜੇ ਤੋਂ ਅਗ੍ਹਾਂਹ ਵਧ ਗਿਆ ਤਾਂ ਸਾਹਮਣੇ "ਸਟੀਲਮੈਨ" ਨਜ਼ਰ ਆਏ। ਕੁਝ ਸੋਚ ਵਿਚਾਰਾਂ ਵਿਚ ਲੱਗ ਰਹੇ ਸਨ। ਪਰ ਸਾਹਸ ਕਰਕੇ ਪੁੱਛ ਹੀ ਲਿਆ ਕਿ ਮੈਂ ਕਮਰੇ ਵਿਚ ਜਾ ਸਕਦਾ ਹਾਂ ਜਿੱਥੇ ਸੰਗੀਤ ਤੇ ਸਤਿਗੁਰਾਂ ਦਾ ਇਕ ਅਜੀਬ ਸੰਗਮ ਸੀ। ਹਾਮੀ ਭਰਨ ਤੇ ਸਤਿਗੁਰਾਂ ਤੋਂ ਦੋ ਗੁਰਮੁਖਾਂ ਦੀ ਜਗ੍ਹਾ ਛੱਡ ਕੇ ਪਰ ਦਰਵਾਜ਼ੇ ਦੇ ਅੰਦਰ ਸੱਜੇ ਪਾਸੇ ਮੈਂ ਬੈਠ ਗਿਆ। ਸਤਿਗੁਰਾਂ ਕੁਝ ਸਰਸਰੀ ਨਜ਼ਰ ਮਾਰੀ 'ਤੇ ਆਪਣੀ ਚਰਚਾ ਵਿਚ ਫੇਰ ਲੱਗ ਗਏ।

ਬਚਪਨ ਤੋਂ ਸੁਣਦੇ ਅਤੇ ਦੇਖਦੇ ਵੀ ਆਏ ਸੀ, ਕਿ ਮਹਾਂਪੁਰਸ਼ਾਂ ਦੇ ਦਰਸ਼ਨ ਤਾਂ ਬੜੀ ਹੀ ਭਾਗਾਂ ਵਾਲੀ ਘਟਨਾ ਹੈ, ਪਰ ਜੇ ਉਹਨਾ ਦੀ ਛਾਂਵ ਵੀ ਮਿਲ ਜਾਏ, ਤਾਂ ਜੀਵਨ



Namdhari Elibrary NamdhariElibrary@gmail.com

ਸਫਲ ਹੋ ਜਾਂਦਾ ਹੈ। ਮੈਂ ਅੱਜ ਇਸ ਮੌਕੇ, ਥੋੜੇ ਹੀ ਦਿਨ ਹੋਏ ਸਨ ਕਿ ਪੰਜਾਹ ਸਾਲ ਦੀ ਉਮਰ ਪਾਰ ਕੀਤੀ ਸੀ, ਜਦੋਂ ਮੌਜੂਦਾ ਸਤਿਗੁਰਾਂ ਦੇ ਦਰਸ਼ਨ ਹੋਏ। ਪਰ ਸਤਿਗੁਰਾਂ ਦੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਬਾਲ ਅਵਸਥਾ ਵਿਚ, ਤਾਇਆ ਜੀ ਘਰ ਅਤੇ ਦੂਸਰੀ ਵਾਰੀ ਪਿੰਡ ਨਗਰ ਦੇ ਲਾਗੇ, ਤਹਿਸੀਲ ਫਿਲੌਰ, ਸਤਲੁਜ ਦੇ ਕਿਨਾਰੇ ਸਜੇ ਦੀਵਾਨ ਵਿਚ ਹੋਏ। ਕਿਉਂਕਿ ਉਸ ਵੇਲੇ ਅਸੀਂ ਪਿੰਡ ਰਸੂਲਪੁਰ ਗਏ ਸੀ ਸਾਡਾ ਆਪਣਾ ਪਿੰਡ, ਨਗਰ ਦੇ ਬਿਲਕੁਲ ਲਾਗੇ ਹੀ ਹੈ, ਇਸ ਦਾ ਜ਼ਿਕਰ ਬਚਪਨ ਦੀਆਂ ਯਾਦਾਂ ਨੂੰ ਇਕਠਾ ਕਰ ਕੇ ਲਿਖਾਂਗਾ। ਮੈਂ ਸਿਮਟ ਕੇ ਬੈਠ ਗਿਆ, ਚਰਚਾ ਸੁਨਣ ਦਾ ਬੜਾ ਆਨੰਦ ਆ ਰਿਹਾ ਸੀ। ਉਪਦੇਸ਼ ਤਾਂ ਸਮਝੋ ਇਸ ਦੁਨੀਆ ਵਿਚੋਂ ਕਿਸੇ ਅਲੌਕਿਕ ਦੁਨੀਆਂ ਵਿਚ ਲੈ ਜਾ ਰਹੇ ਸਨ, ਸਮਝਣ ਵਿਚ ਕਠਿਨਾਈ ਜਾਪਦੀ ਸੀ, ਕਿਉਂਕਿ ਇਸ ਕਰਿਸ਼ਮੇ ਨਾਲ ਅੱਧ ਬੇਹੋਸ਼ੀ ਦੀ ਅਵਸਥਾ ਜੋ ਹੋ ਗਈ ਸੀ ਮੇਰੀ।

ਸਤਿਗੁਰਾਂ ਸਾਹਮਣੇ, ਕਹਿਰੇ ਬਦਨ ਦੇ ਉੱਚੇ ਲੰਮੇ ਗੁਰਮੁਖ ਬੈਠੇ ਸਨ। ਗੱਲਾਂਬਾਤਾਂ ਹੋ ਰਹੀਆਂ ਸਨ, ਤਾਂ ਸਤਿਗੁਰਾਂ ਆਖਿਆ—ਭਾਈ ਕੁਝ ਸੁਣਾ ਬਜਾ ਕੇ, ਹੱਥ ਸਾਫ ਹੈ ਨਾ। ਸਤਿਗੁਰਾਂ ਦੀ ਅਪਾਰ ਕਿਰਪਾ ਹੈ, ਉੱਤਰ ਦੇ ਕੇ ਗੁਰਮੁਖ ਸਾਵਧਾਨ ਹੋ ਗਏ। "ਪਖਾਵਜ ਦਾ ਰੰਗ ਬੱਝਣਾ ਹੈ, ਸ਼ੁਰੂ ਕਰੋ।" ਸਤਿਗੁਰਾਂ ਦੇ ਹੁਕਮ ਲਈ ਤਾਂ ਗੁਰਮੁਖ ਤਤਪਰ ਰਹਿੰਦੇ ਹਨ, ਹੁਕਮ ਲਿਆ, ਗੁਰਮੁਖ ਦਸਤਾਰ ਲਾਹੀ, ਕੇਸਾਂ ਵਿਚ ਉਂਗਲੀਆਂ ਫੇਰ, ਸਵਾਰਿਆ ਤੇ ਨਾਮਧਾਰੀ ਦਸਤਾਰ ਕੱਸ ਕੇ ਬੰਨ੍ਹ ਲਈ, ਚੌਕੜੀ ਮਾਰੀ, ਪਖਾਵਜ ਸਜਾਈ ਹੱਥ ਜੋੜ ਨਮਸ਼ਕਾਰ ਕੀਤੀ। ਇਸ਼ਾਰਾ ਹੋਇਆ, ਪਖਾਵਜ ਤੇ ਦੋਨੋਂ ਹੱਥ ਟਿਕਾਏ ਸ਼ੁਰੂ ਹੋ ਗਏ। ਇਕ ਐਸਾ ਸਮਾਂ ਬੱਝਿਆ, ਮੈਂ ਤਾਂ ਆਪਣੇ ਆਪ ਵਿਚ, ਪਖਾਵਜ ਦੀ ਆਵਾਜ਼ ਗੁਰਮੁਖ ਦੇ ਹੱਥ ਦੀਆਂ ਉਂਗਲੀਆਂ ਦੀ ਥਾਪ, ਇਕ ਦਮ ਸਹੀ ਜਗ੍ਹਾ ਤੇ ਪੈਣੀ ਉਸਤੋਂ ਆਵਾਜ਼ ਨਿਕਲਣੀ, ਸਾਰੀਆਂ ਬੈਠੀਆਂ ਸੰਗਤਾਂ ਅੱਖਾਂ ਮੀਟੀਆਂ, ਕੁਝ ਝੂਮ ਰਹੇ ਸਨ ਤਾਲ ਤੇ, ਮੈਂ ਤਾਂ ਬਿਨ ਅੱਖ ਝਪਕੀ ਦੇਖਦਾ ਰਿਹਾ, ਪਤਾ ਉਦੋਂ ਲਗਿਆਂ ਤੇ ਸੁਰਤ ਆਈ ਜਦੋਂ ਆਖਰੀ ਥਾਪ ਮਾਰ, ਸਤਿਗੁਰਾਂ ਅੱਗੇ ਹੱਥ ਜੋੜ ਦੇਖਣਾ, ਸਤਿਗੁਰਾਂ ਦਾਦ ਦੇਣੀ।

ਸਤਿਗੁਰਾਂ ਆਪ ਬੀਤੀ ਦੱਸੀ, ਮੱਛਰਦਾਨੀ ਲਾਉਣ ਤੇ ਉਸ ਵਿਚ ਵੀ ਮੱਛਰ ਸੀ ਬੇਚਾਰਾ ਨੱਠ ਭੱਜ ਕਰ ਰਿਹਾ ਸੀ, ਮੱਛਰਦਾਨੀ ਦੇ ਅੰਦਰ ਹੀ ਸਤਿਗੁਰਾਂ ਦਾ ਬਿਆਨ ਕਰਨਾ ਇਤਨਾ ਪਰਭਾਵਿਤ ਸੀ ਕਿ ਮੈਂ ਅੱਗੋ ਸੁਣ ਹੀ ਨਹੀਂ ਸਕਿਆ, ਨੂਰ ਨੂੰ ਹੀ ਦੇਖਦਾ ਰਿਹਾ। ਅਚਾਨਕ ਸਤਿਗੁਰਾਂ ਰੂਮ ਵਿਚ (ਅਰਥਾਤ ਕਮਰੇ ਵਿਚ) ਘੱਟ ਜਗ੍ਹਾ ਬਾਰੇ ਗੱਲ ਕੀਤੀ, ਕਿਉਂਕਿ ਕਮਰਾ ਚੰਗੀ ਤਰਾਂ ਭਰ ਚੁਕਿਆ ਸੀ, ਮੈਨੂੰ ਇਵੇਂ ਲੱਗਾ, ਕਿ ਮੈਂ ਹੀ ਸ਼ਾਇਦ ਅਜਨਬੀ ਹਾਂ, ਮੇਰੇ ਲਈ ਬਸ ਇਤਨਾ ਹੀ ਬਹੁਤ ਹੈ, ਮੈਂ ਉਥੋਂ ਉਠ ਕੇ ਕਮਰੇ ਤੋਂ ਬਾਹਰ ਆ ਗਿਆ, ਸਿਰਫ ਇਕੱਲਾ ਹੀ ਬਾਕੀ ਉਸੇ ਤਰ੍ਹਾਂ ਹੀ ਬੈਠੇ ਰਹੇ। ਵਾਪਸ ਕਮਰੇ ਵਿਚ ਆ ਕੇ ਜੋ ਆਨੰਦ ਮਾਣਿਆ ਉਸ ਦਾ ਅਹਿਸਾਸ ਅੱਜ ਵੀ ਹੁੰਦਾ ਹੈ।

ਮੌਕਾ ਫਿਰ ਮਿਲਦਾ ਹੈ, ਦੂਸਰੇ ਦਿਨ ਚਾਨਾ ਪਰਿਵਾਰ ਵਲੋਂ ਸਟੀਲ ਦੇ ਥਾਲ਼, ਮਾਵਿਆਂ ਨਾਲ ਭਰੇ ਹੋਏ 'ਤੇ ਰੁਮਾਲੇ ਨਾਲ ਢਕੇ ਹੋਏ ਇਕ-ਇਕ ਥਾਲ ਸਾਰਿਆਂ ਹੱਥ ਫੜਾ ਕਤਾਰ ਵਿਚ ਖੜਕੇ ਗੁਰੂ ਜੀ ਅੱਗੇ ਮੱਥਾ ਟੇਕਣ ਦਾ ਆਗ੍ਰਹ ਕੀਤਾ ਗਿਆ ਥਾਲ ਵਿਚ ਮਾਇਆ ਆਪਣੀ ਹਸਤੀ ਅਨੁਸਾਰ ਰੱਖਣੀ ਸੀ। ਉਸ ਦਿਨ ਸਾਰਿਆਂ ਦੁੱਧ ਵਰਗੇ ਚਿੱਟੇ ਕਪੜੇ, ਪਰ ਮੈਂ ਰੰਗ ਬਰੰਗਾ, ਪੈਂਟ ਕਮੀਜ਼, ਤੇ ਰੰਗਦਾਰ ਦਸਤਾਰ, ਦੂਰੋਂ ਹੀ ਵਖਰਾ ਨਜ਼ਰ ਆ ਰਿਹਾ ਸਾਂ ਕਤਾਰ ਵਿਚ।

ਸਮਾਂ ਆਪਣੀ ਰਫਤਾਰ ਨਹੀਂ ਬਦਲਦਾ, ਏਸ ਤਰ੍ਹਾਂ ਦੇ ਸਮੇਂ ਦੇਖਣ ਤੇ ਵੀ ਦਿਲ ਨਹੀਂ ਭਰਦਾ, ਕੋਲ ਪੁਜਦਿਆਂ, ਸਤਿਗੁਰਾਂ ਦੇਖਿਆ ਕਲ੍ਹ ਵਾਲਾ ਵਾਕਿਆ ਦੋਹਰਾਇਆ ਗਿਆ, ਸ਼ਾਇਦ ਕੁਦਰਤ ਨੂੰ ਇਹੋ ਹੀ ਮਨਜ਼ੂਰ ਇਹ ਦਰਬਾਰ ਸ਼ਾਮਿਆਨੇ ਨਾਲ ਖੁਲੇ ਮੈਦਾਨ ਵਿਚ ਸੀ।

ਲੰਗਰ ਦਾ ਵੇਲਾ ਹੋ ਚੁੱਕਿਆ ਸੀ, ਸੰਗਤ ਉਸ ਵੇਲੇ ਪੰਗੱਤ ਵਿੱਚ ਖੁਲੇ ਮੈਦਾਨ ਵਿਚ ਬੈਠੀ ਹੋਈ ਸੀ। ਨਾਮਧਾਰੀਆਂ ਦੀ ਲੰਗਰ ਨੂੰ ਵਰਤਾਉਣ ਦੀ ਆਪਣੀ ਖਾਸੀਅਤ, ਮੈਂ ਤੁਰ ਪਿਆ ਉਸ ਪਾਸੇ ਤਾਂ ਆਵਾਜ਼ ਆਈ ਕਿ ਅਸੀਂ ਲੰਗਰ ਦੂਸਰੀ ਜਗ੍ਹਾ ਛਕਣਾ ਹੈ। ਅੱਛਾ ਜੀ ਕਹਿ ਅਸੀਂ ਇਕ ਪੱਕੇ ਮਕਾਨ ਵਾਲੇ ਪਾਸੇ ਤੁਰ ਪਏ ਜੋ ਸਾਡੀ ਰਹਾਇਸ਼ ਦੇ ਬਿਲਕੁਲ ਸਾਹਮਣੇ ਹੀ ਸੀ। ਛੋਟੇ ਜਹੇ ਦਰਵਾਜ਼ੇ ਅੱਗੇ ਜਾ ਖੜੋਤਾ, ਸੇਵਾਦਾਰ ਮੌਜੂਦ ਸੀ, ਦੇਸੀ ਬੰਦਿਆਂ ਦੀ ਪਛਾਣ ਬਾਣੇ ਤੋਂ ਲੱਗ ਹੀ ਜਾਂਦੀ ਹੈ, ਰੋਕ ਲਿਆ। ਕਾਰਣ ਬੋਲਣਾ ਵੀ ਦੇਸੀ ਢੰਗ ਦਾ ਸੀ, ਬਾਕੀ ਸਾਡੇ ਸਾਰੇ ਵਿਦੇਸ਼ਾਂ ਵਿਚ ਰਹਿੰਦੇ ਹਨ। ਭਾਵੇਂ ਮੈਂ ਬੰਬਈ ਵਿਚ ਜੰਮਿਆ, ਪਲਿਆ, ਅਤੇ ਪੜ੍ਹਿਆ ਬੋਲਣ ਵਿਚ ਕੁਝ ਸ਼ਿਸ਼ਟਾਚਾਰ ਤਾਂ ਸਨ ਪਰ ਦੇਸੀ-ਦੇਸੀ ਹੀ ਹੁੰਦਾ ਹੈ। ਬਾਕੀ ਸੱਭ ਅੰਦਰ ਜਾ ਚੁੱਕੇ ਸਨ।

ਸ਼ਾਇਦ 'ਸਟੀਲਮੇਨ' ਨੂੰ ਭਣਕ ਲੱਗ ਗਈ ਕਿ ਪੂਨੇ ਵਾਲੇ ਬਾਹਰ ਹੀ ਰਹਿ ਗਏ। ਆਏ ਸੇਵਾਦਾਰ ਨੂੰ ਆਖਿਆ ਕਿ ਸਾਡੇ ਨਾਲ ਹੀ ਹਨ। ਅਸੀਂ ਅੰਦਰ ਬਹੁਤ ਛੋਟੇ ਜੇਹੇ ਹਾਲ ਵਿਚ, ਤੰਗ ਜਗ੍ਹਾ ਅੰਦਰ ਵੜੇ, ਲੰਗਰ ਛਕਿਆ, ਬੜਾ ਸ਼ਿਸ਼ਟਾਚਾਰ ਵੇਖਿਆ, ਵਰਤਾਉਣ ਦਾ, ਬੜਾ ਹੀ ਸਲੀਕੇ ਅਨੁਸਾਰ, ਪੰਗਤ ਵਿਚ ਬੈਠਣ ਤੋਂ ਲੰਗਰ ਛੱਕਣ ਤਕ, ਬਹੁਤ ਅੱਛਾ ਮਹਿਸੂਸ ਹੋਇਆ। ਇਕ ਅਜੀਬ ਤ੍ਰਿਪਤੀ ਦਾ ਅਹਿਸਾਸ ਹੋਇਆ।

ਬਾਕੀ ਸਮਾਂ ਭੈਣੀ ਸਾਹਿਬ ਪਿੰਡ, ਦੁਕਾਨਾਂ, ਮੇਲਾ ਵੇਖਣ



Namdhari Elibrary NamdhariElibrary@gmail.com

ਵਿਚ ਬੀਤਿਆ। ਸ਼ਾਮ ਨੂੰ ਗਊਸ਼ਾਲਾ, ਜਿਸ ਲਈ ਨਾਮਧਾਰੀ ਭਾਰਤ ਦੇ ਇਤਿਹਾਸ ਵਿਚ ਇਕ ਖਾਸ ਮੁਕਾਮ ਰੱਖਦੇ ਹਨ, ਦੇਖਿਆ। ਬੜਾ ਮਨ ਭਾਵੁਕ ਹੋਇਆ, ਕਲਪਨਾ ਦੀ ਦੁਨੀਆ ਵਿਚ ਪਹੁੰਚ ਗਿਆ, ਕਿਸ ਤ੍ਰਰਾਂ ਸੇਵਾ ਭਾਵ, ਦੁੱਧ ਮੱਖਣ ਸਫਾਈ, ਮੇਹਨਤ, ਕਸਰਤ ਦਾ ਵਾਤਾਵਰਨ ਸ਼ੁੱਧ ਮਨ ਵਾਲੇ ਗੁਰਮੁਖ ਦਾ ਹੋਵੇਗਾ, ਪ੍ਰਤੱਖ ਵੇਖਿਆ। ਜਿਸ ਬਾਰੇ ਬਾਦ ਵਿਚ 'ਜੱਸ ਜੀਵਨ' ਦੇ ਦੂਸਰੇ ਤੀਸਰੇ ਅਤੇ ਚੋਥੇ ਅੰਕ ਵਿਚ ਪੜ੍ਹਿਆ, ਪਤਾ ਲੱਗਾ ਨਾਮਧਾਰੀ ਜੀਵਨ ਦੀ ਸ਼ੁੱਧਤਾ ਬਾਰੇ (ਪਹਿਲਾ ਭਾਗ) ਉਸ ਵੇਲੇ ਮਿਲ ਨਹੀਂ ਸਕਿਆ, ਬਾਕੀ ਭਾਗ ਸ਼ਾਇਦ ਉਸ ਵੇਲੇ ਛਪੇ ਨਹੀਂ ਸਨ, ਜਿਸ ਬਾਰੇ ਕਾਫੀ ਬਾਦ ਵਿਚ ਜਾਣਕਾਰੀ ਮਿਲੀ। ਉਸ ਤਵੀ ਦੇ ਵੀ ਦਰਸ਼ਨ ਕੀਤੇ ਜਿਸ ਤੇ ਕਈ ਸਾਲਾਂ ਤੋਂ ਪਰਸ਼ਾਦੇ ਗਾੜ੍ਹੇ ਜਾਂਦੇ ਰਹੇ ਹਨ।

ਰਾਤ ਦਾ ਦੀਵਾਨ ਸਜਿਆ, ਕਿਤੇ ਵੀ ਜਗ੍ਹਾ ਨਹੀਂ ਸੀ ਸਲੀਪਰਾਂ ਦਾ ਸਟੇਜ ਬਣਾਇਆ ਗਿਆ ਸੀ, ਦੂਰ ਤੱਕ ਸੰਗਤਾਂ ਬੈਠੀਆਂ ਸਨ, ਖੁੱਲੇ ਮੈਦਾਨ (ਖੇਤ ਵਿਚ ਹੀ) ਰੋਸ਼ਨੀ ਦਾ ਇੰਤਜ਼ਾਮ ਬਹੁਤ ਹੀ ਅੱਛਾ ਸੀ, ਸਟੇਜ ਦੇ ਪਿਛਲੇ ਪਾਸੇ ਭੀੜ ਨਹੀਂ ਸੀ ਅਸੀਂ ਉੱਥੇ ਪਹੁੰਚੇ, ਪਰ ਪਿੱਠਾਂ ਤੋਂ ਸਿਵਾਇ ਕੁਝ ਨਜ਼ਰ ਨਹੀਂ ਸੀ ਆਉਂਦਾ। ਠੰਡ ਵੀ ਲੱਗ ਰਹੀ ਸੀ। ਆਖਿਰ ਸਟੇਜ ਦੇ ਖੱਬੇ ਪਾਸੇ ਥੋੜ੍ਹੀ ਦੂਰੀ ਤੇ ਛੋਟੀ ਜਿਹੀ ਟੇਕਰੀ ਸੀ ਤੇ ਜਗ੍ਹਾ ਖਾਲੀ ਸੀ, ਅਸੀਂ ਉੱਥੇ ਟਿਕ ਗਏ, ਭਾਵੇਂ ਟੇਕੜੀ ਤੇ ਬੈਠਣਾ ਤਕਲੀਫ ਦਾਇਕ ਸੀ, ਪਰ ਆਨੰਦ ਆਉਣ ਲੱਗਾ।

ਅਚਾਨਕ ਸਟੇਜ ਤੇ ਜੁਆਨ ਗੁਰਮੁੱਖ, ਜੋ ਬੜੇ ਉਤਸ਼ਾਹ ਨਾਲ ਅਦਾਕਾਰੀ ਦਿਖਾ ਰਿਹਾ ਸੀ, ਦਸਤਾਰ ਲਾਹ ਦਿੱਤੀ, ਪੂਰੇ ਕੇਸ ਖਿਲਰ ਗਏ, ਤੇ ਮਸਤੀ ਵਿਚ ਆ ਗਿਆ, ਕੁਝ ਹੱਸ ਰਹੇ ਸਨ ਕੁਝ ਬੜੀ ਸੰਜੀਦਗੀ ਨਾਲ ਆਨੰਦ ਮਾਣ ਰਹੇ ਸਨ, ਅਚਾਨਕ ਆਸਾ ਦੀ ਵਾਰ ਦੀ ਸਤਰ "ਵੇਖੋ ਲੋਕ ਹਸੈ ਘਰਿ ਜਾਇ॥" ਯਾਦ ਆਈ। ਸਮਾਂ ਕਾਫੀ ਹੋ ਚੁੱਕਿਆ ਸੀ, ਲਗਭਗ ਅੱਧੀ ਰਾਤ ਹੋਣ ਵਾਲੀ ਜਾਪਦੀ ਸੀ, ਪਰ ਪਤਾ ਨਹੀਂ ਲਗਿਆ ਸੰਗਤ ਦਾ ਉਤਸਾਹ ਵੇਖ ਕੇ।

ਸਵੇਰੇ ਸਾਰ ਉਠੇ, ਨਵੇਂ ਬਣਦੇ ਤਾਲ ਨੂੰ ਵੀ ਵੇਖਿਆ, ਸਤਿਗੁਰਾਂ ਦੇ ਪ੍ਰਵਚਨ ਸੁਣੇ, ਇਹ ਕਹਿ ਸੰਗਤਾਂ ਨੂੰ ਵਿਦਾ ਕੀਤਾ ਕਿ

"ਸਮਾਂ ਠੀਕ ਨਹੀਂ ਚਲ ਰਿਹਾ, ਸਾਰੇ ਸੰਭਾਲ ਕੇ ਜਾਣਾ"

ਇਸ ਬਾਦ ਅਸੀਂ ਦਿੱਲੀ ਆ ਗਏ, ਵਾਪਸ ਪੂਨੇ ਦੀ ਤਿਆਰੀ ਕਰ ਰਹੇ ਸਾਂ ਕਿ ਅਚਾਨਕ ਸਨੇਹਾ ਆ ਗਿਆ ਕਿ ਸਤਿਗੁਰ ਜੀ ਦਿੱਲੀ ਆ ਰਹੇ ਹਨ। ਮੈਂ ਤਾਂ ਫੇਰ ਹੋਰ ਵੀ ਭਾਗਵਾਨ ਹੋ ਗਿਆ। ਕਿਉਂਕਿ ਹੁਣ ਫੇਰ ਦਰਸ਼ਨ ਕਰਨ ਦਾ ਉਪਰਾਲਾ ਜ਼ਰੂਰ ਹੋਵੇਗਾ। ਆਖਿਰ ਇੰਤਜ਼ਾਮ ਹੋ ਗਿਆ। ਸੰਤ ਹੰਸਪਾਲ ਦੀ ਕੋਠੀ ਵਿਚ ਸਾਨੂੰ ਲੈ ਜਾਇਆ ਗਿਆ। ਬੰਦੋਬਸਤ ਬਹੁਤ ਤਕੜਾ ਸੀ, ਜਾਣ-ਪਛਾਣ ਵਾਲਿਆਂ ਲਈ ਆਮ ਸੀ ਪਰ ਸਾਡੇ ਲਈ ਤਾਂ ਕੁਝ ਹੋਣਾ ਹੀ ਸੀ। ਪਰ ਪੂਰਾ ਪਰਿਵਾਰ ਇਕੱਠਾ ਹੋਣ ਕਰਕੇ ਕੁਝ ਅੜਚਣ ਨਹੀਂ ਆਈ। ਸਾਡੇ ਉਸ ਕੋਠੀ ਤੇ ਪਹੁੰਚਣ ਬਾਦ ਸਤਿਗੁਰ ਆਏ ਇਕ ਝਲਕ ਦਰਸ਼ਨ ਹੋਏ ਤੇ ਕਮਰੇ ਵਿਚ ਚਲੇ ਗਏ। ਸੰਗਤਾਂ ਦਾ ਉਪਰਾਲਾ ਤਾਂ ਬਹੁਤ ਸੀ ਪਰ ਸਫਰ ਤੇ ਥਕਾਵਟ ਕਰਕੇ ਆਰਾਮ ਕਰਨਾ ਜ਼ਰੂਰੀ ਹੀ ਸੀ, ਸੇਵਾਦਾਰ ਸਭ ਨੂੰ ਸਮਝਾ ਰਹੇ ਸਨ।

ਅਸੀਂ ਹਾਲ ਵਿਚ ਬੈਠੇ ਸਾਂ ਤਾਂ ਇਕ ਸੰਤ ਗੁਰਮੁਖ ਕੋਲ ਆ ਬੈਠੇ, ਬੜੀਆਂ ਪਿਆਰ ਭਰੀਆਂ ਗੱਲਾਂ ਕੀਤੀਆਂ। ਸ਼ਾਇਦ ਇਥੇ ਵੀ ਬਾਣੇ ਨੇ ਕੁਝ ਉਤਸੁਕਤਾ ਉਹਨਾਂ ਦੇ ਮਨ ਵਿਚ ਜਗਾਈ ਹੋਵੇ ਕੋਲ ਬੈਠ ਗਏ, ਚਰਚਾ ਕਰਨ ਲੱਗੇ ਨਾਮਧਾਰੀ ਇਤਿਹਾਸ, ਪਰੰਪਰਾ ਤੇ ਹੋਰ ਗੱਲਾਂ ਬਾਤਾਂ। ਉਹ ਜੋ ਕੁਝ ਪੁੱਛਦੇ ਗਏ ਮੈਂ ਉੱਤਰ ਦਿੰਦਾ ਰਿਹਾ। ਬੜੇ ਖੁਸ਼ ਹੋਏ, ਇਤਨੀ ਜਾਣਕਾਰੀ ਤੁਸੀਂ ਨਾਮਧਾਰੀਆਂ ਬਾਰੇ ਰਖਦੇ ਹੋ! ਤੁਸੀ ਕਿਥੋਂ ਦੇ ਰਹਿਣ ਵਾਲੇ ਹੋ ? ਅਚਾਨਕ ਮਨ ਦੇ ਦਰਵਾਜ਼ੇ ਖੁਲ੍ਹ ਗਏ ਗੁਰਮੁਖ ਕੁਝ ਪਛਾਣ ਚਾਹੁੰਦੇ ਹਨ। ਮੈਂ ਉੱਤਰ ਦਿੱਤਾ ਕਿ ਸ. ਰਤਨ ਸਿੰਘ ਘਟਾਉੜੇ ਚੀਮਾ ਕਲਾਂ ਨੂਰਮਹਿਲ ਦੇ ਕੋਲ, ਦਾ ਪੂਨੇ ਵਾਲਾ ਜਵਾਈ ਹਾਂ ਤੇ ਮਹਿੰਦਰ ਸਿੰਘ ਮਠਾਰੂ ਨਾਂ ਹੈ। ਮੈਂ ਸਭ ਸਮਝ ਗਿਆ, ਬੜੇ ਪਿਆਰ ਨਾਲ ਥਾਪੀ ਦਿੱਤੀ, ਥੋੜਾ ਜਾਣਦੇ ਹੋਇਆਂ ਵੀ ਉਹਨਾਂ ਨੂੰ ਪੁਛਿਆ ਕਿ ਤੁਸੀਂ ਆਪਣੇ ਬਾਰੇ ਵੀ ਕੁਝ ਦੱਸੋ। ਮੇਰਾ ਨਾਂਵ ਪ੍ਰੀਤਮ ਸਿੰਘ ਹੈ, ਪਰ ਸੰਗਤ ਮੈਨੂੰ ਪ੍ਰੀਤਮ ਸਿੰਘ ਕਵੀ ਨਾਲ ਜਾਣਦੀ ਹੈ। ਮੈਂ ਚੁੱਪ ਰਿਹਾ, ਕਿਸ ਤਰ੍ਹਾਂ ਦੱਸਦਾ ਕਿ ਨਾਮ ਤਾਂ ਬਚਪਨ ਵਿਚ ਸਤਿਗੁਰ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ, ਨਗਰ ਵਾਲੇ ਵੱਡੇ "ਪ੍ਰਤਾਪੀ, ਨਾਮਧਾਰੀ ਇਤਿਹਾਸ ਦੇ ਜਾਣਕਾਰ, ਧੜੱਲੇ ਦਾ ਦੀਵਾਨ ਲਗਾਉਣ ਵਾਲੇ, ਹਰ ਸੂਰਤ ਵਿਚ ਰੱਬ ਨਾਲ ਜੋੜਨ ਵਾਲੇ ਮੇਰੇ "ਗੁਰੂ" ਜਿਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਕੰਨਾਂ ਵਿਚ 'ਨਾਮ ਦਾਨ' ਬਖਸ਼ਿਆ ਉਸ ਵੇਲੇ ਬਚਪਨਾ ਸੀ, ਬਹੁਤ ਸਾਲਾਂ ਬਾਦ 'ਨਾਮ' ਕੰਨਾਂ ਵਿਚ ਗੂੰਜੇ, ਮੋੜ ਪਿਆ, ਇਹ ਮੌਕਾ ਆਇਆ ਕਿ ਆਪਣੀ ਕਲਮ ਨਾਲ ਦਿਲ ਵਿਚ ਅਟਕੇ ਜੁਆਲਾਮੁਖੀ ਨੂੰ ਸੰਗਤਾਂ ਸਾਹਮਣੇ ਰੱਖਾਂ, ਤਾਂ ਜੋ ਹੋਰ ਵੀ ਸ਼ਾਇਦ ਸਤਿਗੁਰਾਂ ਨਾਲ ਜੁੜ ਸਕੇ। ਇਹ ਅਹਿਸਾਸ ਅੱਜ ਵੀ ਦਿਲ ਨੂੰ ਭਾਂਦਾ ਹੈ।

*—ਬੀ.੦੩ ਕਾਟੇ ਰੈਜ਼ੀਡੈਂਸੀ*
*ਵੀਰ ਭਗਤ ਸਿੰਘ ਮਾਰਗ*
*ਕਾਪੋੜੀ, ਪੂਨਾ ੪੧੧੦੧੨*



Namdhari Elibrary NamdhariElibrary@gmail.com

ਮੇਰਾ ਭਾਰਤ ਮਹਾਨ

# ਖੁਲ੍ਹੀ ਨਿਲਾਮੀ ਰਾਹੀਂ ਇਸਤਰੀਆਂ ਦੀ ਵਿਕਰੀ

*—ਦਿਲਬਾਗ ਸਿੰਘ ਬਾਗਾ*

*(ਮਨ ਨੂੰ ਹਿਲਾ ਕੇ ਰੱਖ ਦੇਣ ਵਾਲੀਆਂ ਅਣਹੋਣੀਆਂ ਘਟਨਾਵਾਂ ਬੇਅਰਥ ਨਹੀਂ ਜਾਂਦੀਆਂ ਉਹ ਮਨ ਨੂੰ ਟੁੰਬਦੀਆਂ ਹਨ, ਆਤਮਾਂ ਨੂੰ ਝੰਜੋੜੀਆਂ ਹਨ ਅਤੇ ਪਾਠਕਾਂ ਨੂੰ ਕਾਰਵਾਈ ਕਰਨ ਲਈ ਪ੍ਰੇਰਦੀਆਂ ਹਨ। ਇਹ ਘਟਨਾ ਪਿਛਲੇ ਸਾਲ ਮੱਧ ਪ੍ਰਦੇਸ਼ ਦੇ ਖੰਡਵਾ ਜਿਲ੍ਹੇ ਦੇ ਇਕ ਪਿੰਡ ਵਿਚ ਵਾਪਰੀ। ਭਾਜਪਾ ਵਿਧਾਇਕ ਵਿਜੇ ਸ਼ਾਹ ਨੇ ਇਹ ਮਾਮਲਾ ਵਿਧਾਨ ਸਭਾ 'ਚ ਉਠਾਇਆ। ਬਰਤਾਨੀਆਂ ਦੀਆਂ ਕੁਝ ਸਮਾਜ ਸੇਵਕਾਵਾਂ ਆਪਣੀ ਹਮਾਇਤ ਪ੍ਰਗਟ ਕਰਨ ਲਈ ਖੰਡਵਾ ਆਈਆਂ। ਨਿਰਦੇਸ਼ਕ ਏ ਸੀਤਲ ਜੀ ਬਸੰਤਾ ਦੀ ਜ਼ਿੰਦਗੀ ਤੇ ਅਧਾਰਿਤ ਇਕ ਫਿਲਮ ਬਣਾ ਰਿਹਾ ਹੈ।)*

ਆਖਰ ਵਿੱਚ ਇਕ ਅਵਾਜ਼ ਨੇ ਸਭਿਅਕ ਸਮਾਜ ਦਾ ਭਰਮ ਤੋੜ ਸੁਟਿਆ ਜਦੋਂ ਮਧ ਪ੍ਰਦੇਸ਼ ਜੰਗਲਾਤ ਵਿਭਾਗ ਦੇ ਡਿਪਟੀ ਰੇਂਜਰ ਗੁਲਾਬ ਬਾਮਮੀਯਾਂ ਨੇ ਖੰਡਵਾ ਜ਼ਿਲ੍ਹਾ ਮਜਿਸਟਰੇਟ ਮਨੂੰ ਸ੍ਰੀਵਾਸਤਵਾ ਨੂੰ ਸ਼ਕਾਇਤ ਕੀਤੀ ਕਿ ਉਸ ਦੀ ੩੦ ਸਾਲਾ ਪਤਨੀ ਦੇਵਕੀ ਬਾਈ ਨੂੰ ਕਬਾਇਲੀ ਪੰਚਾਇਤ ਨੇ ੫ ਹਜ਼ਾਰ ਰੁਪਏ ਵਿੱਚ ਵੇਚ ਦਿੱਤਾ ਹੈ ਤਾਂ ਕਿਸੇ ਨੇ ਵਿਸ਼ਵਾਸ਼ ਨਾ ਕੀਤਾ। ਪਰ ਜਦੋਂ ਖੁਦ ਦੇਵਕੀ ਨੇ ਅਡੀਸ਼ਨਲ ਕੁਲੈਕਟਰ ਅਤੇ ਅਖਬਾਰਾਂ ਅਤੇ ਰੇਡੀਓ ਟੀ.ਵੀ. ਸਾਹਮਣੇ ਸਨਸਨੀ ਖੇਜ਼ ਪ੍ਰਗਟਾਵੇ ਕੀਤੇ ਤਦ ਮਧ ਪ੍ਰਦੇਸ਼ ਦੇ ਗੋਵਾਰੀ ਪਿੰਡ ਭੀਲ ਕਬੀਲੇ ਵਿੱਚ ਮਧਕਾਲੀ ਅਤੇ ਜਾਬਰ ਰਸਮ ਦਾ ਖੁਲਾਸਾ ਹੋਇਆ। ਇਥੇ ਪੰਚਗੰਗਾ (ਭਾਈਚਾਰੇ ਝਗੜਿਆਂ ਦੇ ਮਾਮਲਿਆਂ ਨੂੰ ਸੁਣਨ ਲਈ ਕੀਤੀ ਜਾਂਦੀ ਪੰਚਾਇਤ.) ਦੌਰਾਨ ਹਜ਼ਾਰਾਂ ਲੋਕਾਂ ਦੇ ਸਾਹਮਣੇ ਔਰਤਾਂ ਨੀਲਾਮ ਕੀਤੀਆਂ ਜਾਂਦੀਆਂ ਹਨ।

ਆਪਣੇ ਭਾਈਚਾਰੇ ਵਲੋਂ ਸਜ਼ਾ ਤੇ ਤੌਰ ਤੇ ਔਰਤਾਂ ਨੂੰ ਸਿਰ ਤੋਂ ਪਲੂ ਲਾਹ ਕੇ ਪੱਥਰ ਸਿਰ ਤੇ ਰੱਖ ਕੇ ਖੜੇ ਹੋਣ ਲਈ ਕਿਹਾ ਗਿਆ। ਕੁਝ ਆਦਮੀਆਂ ਦੇ ਸਿਰ ਸਫਾਚਟ ਕੀਤੇ ਗਏ ਅਤੇ ਛਿੱਤਰ ਮਾਰੇ ਗਏ।

੩ ਜਨਵਰੀ ੨੦੦੩ ਨੂੰ ਅਰੂਦ ਪਿੰਡ ਦੇ ੨੭ ਸਾਲਾ ਸਰਪੰਚ ਵਿਕਰਮ ਮੰਗਤਿਆਂ ਮੋਰੇ, ੨੮ ਸਾਲਾ ਅਧਿਆਪਕ ਨਵਲ ਸਿੰਘ ਅਤੇ ੩੮ ਸਾਲਾ ਪਿੰਡ ਦੇ ਕੋਟਵਰ (ਲੰਬੜਦਾਰ) ਲਖਨ ਨੇ ਗੋਵਾਰੀ ਇੱਕ ਪੰਚਾਇਤ ਸੱਦੀ ਜਿਸ ਨੂੰ ਭੀਲ ਸਮਾਜ ਸੁਧਾਰ ਸਮਿਤੀ ਕਿਹਾ ਗਿਆ। ਘਟਨਾ ਘਟਣ ਤੋਂ ਬਾਦ ਵਿਧਾਨ ਸਭਾ ਵਿਰੋਧੀ ਧਿਰ ਦੇ ਆਗੂ ਵਲੋਂ ਭੇਜੀ ਗਈ ਪੜਤਾਲੀਆ ਕਮੇਟੀ ਦੇ ਮੁੱਖੀ ਅਤੇ ਖੰਡਵਾ ਜ਼ਿਲੇ ਦੇ ਹਰਸੂਟ ਹਲਕੇ ਤੋਂ ਕਬਾਇਲੀ ਵਿਧਾਇਕ ਵਿਜੇ ਸ਼ਾਹ ਨੇ ਕਿਹਾ "ਐਲਾਨੀਆਂ ਮੰਤਵ ਵਿਦਿਆ ਰਾਹੀ ਭਾਈਚਾਰੇ ਅੰਦਰ ਨਵੇਂ ਵਿਚਾਰ ਪੈਦਾ ਕਰਕੇ ਸਦੀਆਂ ਪੁਰਾਣੀਆਂ ਰਸਮਾਂ ਤੋਂ ਛੁਟਕਾਰਾ ਪਾਉਣਾ ਸੀ। ਪਰ ਅੰਦਰ ਖਾਤੇ ਇਹ ਯੋਜਨਾ ਬਣਾਈ ਗਈ ਕਿ ਦੂਜੀਆਂ ਜਾਤਾਂ ਵਿਚ ਵਿਆਹ ਕਰਾ ਚੁੱਕੀਆਂ ਕੁੜੀਆਂ ਨੂੰ ਵਾਪਸ ਲਿਆ ਕੇ ਆਪਣੇ ਭਾਈਚਾਰੇ ਨੂੰ ਸ਼ੁਧ ਕੀਤਾ ਜਾਵੇ।"

ਪੰਚ ਗੰਗਾ ਵੱਡੇ ਧੂਮ ਧੜਕੇ ਨਾਲ ਸ਼ੁਰੂ ਹੋਈ ਮੰਤਰੀ ਹੀਰਾ ਲਾਲ ਸਿਲਾਵਤ ਨੂੰ ਇੱਕਠ ਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਗਿਆ। ਉਨ੍ਹਾਂ ਨੇ ਭਾਈਚਾਰੇ ਲਈ ਇੱਕ ਧਰਮਸ਼ਾਲਾ ਦੀ ਉਸਾਰੀ ਲਈ ਦੋ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਅਤੇ ਪੰਧਾਨਾ ਦੇ ਤਹਿਸੀਲਦਾਰ ਨੂੰ ਹਦਾਇਤ ਕਰ ਦਿੱਤੀ ਕਿ ਉਹ ਲੋੜੀਂਦੀ ਜ਼ਮੀਨ ਅਲਾਟ ਕਰ ਦੇਵੇ। ਜਦੋਂ ਮੰਤਰੀ ਇੱਕਠ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਵੀਹ ਸਾਲਾ ਬਸੰਤਾ ਅਤੇ ਦੇਵਕੀ ਰੋ ਰਹੀਆਂ ਸਨ ਅਤੇ ਮੰਤਰੀ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੀਆਂ ਸਨ ਪਰ ਉਨ੍ਹਾਂ ਦੀਆਂ ਅਵਾਜ਼ਾਂ ਪੰਚਗੰਗਾ ਦੇ ਰੌਲੇ ਰੱਪੇ ਵਿਚ ਦਬ ਕੇ ਰਹਿ ਗਈਆਂ।

ਨੌਜੁਆਨ ਬਸੰਤਾ ਜੇਹੜੀ ਅੱਠ ਹਜ਼ਾਰ ਰੁਪਏ ਵਿਚ ਪਾਅਬੇ ਪਿੰਡ ਦੇ ਖਰਬਾਹਰ ਨੂੰ ਵੇਚ ਦਿੱਤੀ ਗਈ ਸੀ ਨੇ ਦੱਸਿਆ ਜਦੋਂ ਮੰਤਰੀ ਖਾਣਾ ਖਾ ਰਿਹਾ ਸੀ ਤਾਂ ਮੈਂ ਭੁਖ ਨਾਲ ਤੜੱਫ ਰਹੀ ਸੀ ਕਿਉਂਕਿ ਪੰਚਾਇਤ ਨੇ ਮੈਨੂੰ ਹੁਕਮਅਦੂਲੀ ਕਰਨ ਲਈ ੪੮ ਘੰਟੇ ਤੱਕ ਭੁੱਖੀ ਰੱਖਿਆ।

ਦੇਵਕੀ ਅਤੇ ਬਸੰਤਾ ਵੀ ਉਨ੍ਹਾਂ ਭੀਲ ਇਸਤਰੀਆਂ ਵਿਚੋਂ ਸਨ ਜਿਨ੍ਹਾਂ ਨੂੰ ਜ਼ਬਰਦਸਤੀ ਪੰਚਗੰਗਾ 'ਚ ਲਿਆਂਦਾ ਗਿਆ। ਦੇਵਕੀ ਨੇ ੧੦ ਸਾਲ ਪਹਿਲਾਂ ਜਦੋਂ ਉਸ ਦਾ ਪਹਿਲਾ ਪਤੀ ਉਸ ਨੂੰ ਛੱਡ ਕੇ ਚਲਾ ਗਿਆ ਸੀ, ਬਰੇਲਾ ਕਬੀਲੇ ਦੇ ਇੱਕ ਵਿਅਕਤੀ ਬਾਮਨੀਯਾ ਨਾਲ ਵਿਆਹ ਕਰਾ ਲਿਆ। ਉਨ੍ਹਾਂ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਹੜਾ ਖੰਡਵਾਂ ਤੋਂ ੨੦ ਕਿਲੋਮੀਟਰ ਦੂਰ ਪੰਧਨਾ ਦੇ ਮਿਸ਼ਨ ਸਕੂਲ ਵਿਚ ਪੜ੍ਹਦਾ ਹੈ। ਪੰਚਗੰਗਾ ਅਨੁਸਾਰ ਦੇਵਕੀ ਦਾ ਕਸੂਰ ਸੀ ਦੇਵਕੀ ਨੇ ਕਬੀਲੇ ਤੋਂ ਬਾਹਰ ਜਾ ਕੇ ਮੁੜ ਵਿਆਹ ਕਰਾਇਆ।

ਭੀਲ ਭਾਈਚਾਰੇ ਦੀ ਗਿਣਤੀ ਦਸ ਲੱਖ ਦੇ ਕਰੀਬ ਹੈ ਅਤੇ ਇਸ ਅੰਦਰ ਕਬੀਲੇ ਅੰਦਰ ਵਿਆਹ ਕਰਨ ਦਾ ਰਿਵਾਜ ਹੈ। ਇਹ ਬਹੁਤਾ ਕਰਕੇ ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਚ ਰਹਿੰਦੇ ਹਨ। ਪੰਧਾਨਾ ਦੇ ਇੱਕ ਵਕੀਲ ਰਗਵੇਂਦਰਾ ਅਨੁਸਾਰ ਭੀਲ ਇਸਤਰੀਆਂ ਦੀ ਸੁੰਦਰਤਾ ਅਕਸਰ ਦੂਜੀਆਂ ਜਾਤਾਂ ਦੇ ਆਦਮੀਆਂ ਨੂੰ ਆਪਣੇ ਵਲ ਖਿੱਚ ਲੈਂਦੀ ਹੈ।

੫੨ ਪਿੰਡਾਂ ਦੇ ਭੀਲ ਕਬੀਲੇ ਪੰਚਗੰਗਾ ਲਈ ਇੱਕਠੇ



Namdhari Elibrary NamdhariElibrary@gmail.com

ਹੋਏ ਅਤੇ ਜਿਹੜੇ ਪਰਿਵਾਰ ਆਉਣ ਤੋਂ ਝਿਜਕਦੇ ਸਨ ਉਨ੍ਹਾਂ ਲਈ ਵਾਰੰਟਾਂ ਵਰਗੇ ਹੁਕਮ ਜਾਰੀ ਕੀਤੇ ਗਏ ਅਤੇ ਕੁਝ ਪੰਚਾਇਤ ਮੈਂਬਰਾਂ ਨੂੰ ਕੁਝ ਇਸਤਰੀਆਂ ਨੂੰ ਜਬਰਦਸਤੀ ਚੁੱਕ ਕੇ ਲਿਆਉਣ ਲਈ ਭੇਜਿਆ ਗਿਆ। ਇਸਤਰੀਆਂ ਨੂੰ ਪੰਚਾਇਤ ਚ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਝਗੜੇ ਹਲ ਕਰ ਦਿੱਤੇ ਗਏ। ਪਰ ਪੰਜ ਸਭ ਤੋਂ ਬਦਕਿਸਮਤ ਇਸਤਰੀਆਂ- ਸੱਵਿਤਰੀ, ਲਕਸ਼ਮੀ, ਸੁਸ਼ੀਲਾ, ਦੇਵਕੀ, ਅਤੇ ਬਸੰਤਾ ਨੂੰ ਭੀੜ ਅੱਗੇ ਪੇਸ਼ ਕੀਤਾ ਗਿਆ ਜਿੱਥੇ ਬੋਲੀ ਦੇ ਕੇ ਉਨ੍ਹਾਂ ਨੂੰ ਖਰੀਦਿਆ ਗਿਆ।

ਸਵਿੱਤਰੀ ਅਤੇ ਲਕਸ਼ਮੀ ਨੂੰ ਆਪਣੀ ਜਾਤ ਤੋਂ ਬਾਹਰ ਵਿਆਹ ਕਰਾਉਣ ਲਈ ਸਜ਼ਾ ਸੁਣਾਈ ਗਈ। ਪਰ ਕਿਸੇ ਨੇ ਉਨ੍ਹਾਂ ਨੂੰ ਖਰੀਦਣ ਲਈ ਬੋਲੀ ਨਹੀਂ ਦਿੱਤੀ, ਇਸ ਲਈ ਉਨ੍ਹਾਂ ਨੂੰ ਜੁਰਮਾਨਾ ਕੀਤਾ ਗਿਆ ਅਤੇ ਸਿਰ ਉੱਤੇ ਇੱਕ ਭਾਰੀ ਪੱਥਰ ਰੱਖ ਕੇ ਛੇ ਘੰਟੇ ਲਈ ਖੜ੍ਹੇ ਰੱਖਿਆ ਗਿਆ।

ਸੁਸ਼ੀਲਾ ਦਾ ਪਤੀ ਰਗੁਨਾਥ ਪੰਜ ਸਾਲ ਪਹਿਲਾਂ ਉਸ ਨੂੰ ਛੱਡ ਕੇ ਚਲੇ ਗਿਆ ਸੀ ਅਤੇ ਉਸ ਨੂੰ ਨਿਹਾਲਵਾੜੀ ਪਿੰਡ ਦੇ ਰਾਜੂ ਭੀਲ ਕੋਲ ਸਤ ਹਜ਼ਾਰ ਰੁਪਏ ਵਿਚ ਵੇਚ ਦਿੱਤਾ ਗਿਆ। ਸੁਸ਼ੀਲਾ ਨੂੰ ਕੋਈ ਸ਼ਿਕਾਇਤ ਨਹੀਂ ਸੀ, ਕਿਉਂਕਿ ਉਸ ਨੂੰ ਜ਼ਿੰਦਗੀ ਮਿਲ ਗਈ।

ਪਰ ਬਸੰਤਾ ਨੂੰ ਸਭ ਤੋਂ ਵੱਧ ਦੁੱਖ ਝਲਣਾ ਪਿਆ। ਉਸ ਦਾ ਗੁਨਾਹ ਬਸ ਇਹੋ ਸੀ: ਉਹ ਅਪਣੇ ਪਤੀ ਚੰਪਾ ਲਾਲ ਭੀਲ, ਜਿਸ ਨਾਲ ਉਸ ਦਾ ਵਿਆਹ ੧੧ ਮਹੀਨੇ ਪਹਿਲਾਂ ਹੋਇਆ ਸੀ, ਨਾਲ ਵਾਪਸ ਨਹੀਂ ਸੀ ਜਾਣਾ ਚਾਹੁੰਦੀ। ਉਸ ਦੇ ਮਾਮਲੇ ਨੂੰ ਸੁਨਣ ਤੋਂ ਬਾਅਦ (ਉਸੇ ਸਵੇਰ ਜਿਸ ਸਮੇਂ ਮੰਤਰੀ ਸਿਲਾਵਟ ਇੱਕਠ ਚ ਸ਼ਾਮਲ ਸੀ) ਪੰਚਗੰਗਾ ਮੈਂਬਰਾਂ ਨੇ ਉਸ ਦੇ ਪਿਤਾ ਭਗਵਾਨ ਭੀਲ ਨੂੰ ਆਪਣੀ ਧੀ ਉਸ ਦੇ ਪਤੀ ਕੋਲ ਵਾਪਸ ਨਾ ਭੇਜਣ ਲਈ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ। ਗਰੀਬ ਭਗਵਾਨ ਨੂੰ ਜੁਰਮਾਨੇ ਦੀ ਰਕਮ ਇਕੱਠੀ ਕਰਨ ਲਈ ਦੋ ਏਕੜ ਜ਼ਮੀਨ ਗਹਿਣੇ ਕਰਨੀ ਪਈ। ਇਸ ਤੋਂ ਬਾਦ ਉਸ ਨੂੰ ਉਸ ਥਾਂ ਤੋਂ ਚਲੇ ਜਾਣ ਲਈ ਕਿਹਾ ਗਿਆ। ਪਿਓ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਬਸੰਤਾ ਦੀ ਨਿਲਾਮੀ ਕਰ ਦਿੱਤੀ ਗਈ।

ਉਹ ਭੀੜ ਵਿਚ ਸ਼ਰਮਸਾਰ ਹੋ ਕੇ ਖੜ੍ਹੀ ਸੀ ਅਤੇ ਅਪਣੇ ਆਪ ਨੂੰ ਆਦਮੀਆਂ ਦੀਆਂ ਹਵਸੀ ਅੱਖਾਂ ਅਤੇ ਅਸ਼ਲੀਲ ਮੁਸਕੁਰਾਹਟਾਂ ਤੋਂ ਬਚਾ ਕੇ ਰੱਖਣ ਦਾ ਯਤਨ ਕਰ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦਾ ਸਿਰ ਨੰਗਾ ਕਰ ਦਿੱਤਾ ਅਤੇ ਪੰਚਗੰਗਾ ਮੈਂਬਰਾਂ ਨੇ ਉਸ ਦੀ ਸਾੜ੍ਹੀ ਖੋਲ ਦਿੱਤੀ। ਉਸ ਨੇ ਕਿਹਾ ਮੈਨੂੰ ਦਰੋਪਤੀ ਬਣਾਇਆ ਗਿਆ। ਪਰ ਇਸ ਦਰੋਪਤੀ ਨੂੰ ਇੱਕ ਭਾਰੀ ਪੱਥਰ ਅਪਣੇ ਸਿਰ ਉਪਰ ਰੱਖ ਕੇ ਇੱਕ ਤਿੱਖੇ ਪੱਥਰ ਤੇ ਖੜ੍ਹੇ ਹੋਣ ਲਈ ਕਿਹਾ ਗਿਆ ਬਸੰਤਾ ਨੇ ਕਿਹਾ ਕਿ ਜਦੋਂ ਉਹ ਨੀਲਾਮ ਕੀਤੀ ਜਾ ਰਹੀ ਸੀ ਤਾਂ ਪੁਲਸ ਉੱਥੇ ਹਾਜ਼ਰ ਸੀ।

ਨੇੜੇ ਰਹਿੰਦੇ ਬਾਹੜ ਲਾਲ ਬਰੇਲਾ ਨੇ ਯਾਦ ਕਰਦਿਆਂ ਕਿਹਾ ਅਸੀਂ ਲਾਉਡ ਸਪੀਕਰਾਂ ਰਾਹੀ ਬੋਲੀ ਸੁਣੀ। ਬੋਲੀ ਕਰਨ ਵਾਲੇ ਜ਼ੋਰ-ਜ਼ੋਰ ਨਾਲ ਚੀਕ ਰਹੇ ਸਨ, ਪੰਜ ਹਜ਼ਾਰ-ਪੰਜ ਹਜ਼ਾਰ-ਪੰਜ ਹਜ਼ਾਰ ਇੱਕ- ਬਾਹੜ ਲਾਲ ਕਿਉਂਕਿ ਬਰੇਲਾ ਕਬੀਲੇ ਨਾਲ ਸਬੰਧਤ ਸੀ ਇਸ ਲਈ ਉਸ ਨੂੰ ਪੰਚ ਗੰਗਾ ਖੇਤਰ ਚ ਆਉਣ ਨਾ ਦਿੱਤਾ ਗਿਆ।

ਬਸੰਤਾ ਨੂੰ ਅੱਠ ਹਜ਼ਾਰ ਵਿਚ ਵੇਚ ਦਿੱਤਾ ਗਿਆ ਅਤੇ ਜਦੋਂ ਉਸ ਨੇ ਇਤਰਾਜ਼ ਕੀਤਾ ਤਾ ਉਸ ਨੂੰ ਹੱਥ ਉਪਰ ਚੁੱਕ ਕੇ ਇੱਕ ਲੱਤ ਤੇ ਖੜ੍ਹੀ ਹੋਣ ਲਈ ਮਜਬੂਰ ਕੀਤਾ ਗਿਆ। ਉਸ ਨੂੰ ਭੁੱਖੀ ਮਰਨ ਦਿੱਤਾ ਗਿਆ ਜਦੋਂ ਕਿ ਦੂਜਿਆਂ ਦੇ ਦਾਅਵਤ ਦਾ ਆਨੰਦ ਮਾਣਿਆ। ਉਸ ਨੂੰ ਆਪਣੇ ਖਰੀਦਾਰ ਦੇ ਮੋਢਿਆਂ ਤੇ ਬਾਹਾਂ ਰੱਖਣ ਲਈ ਅਤੇ ਇਸ ਤਰ੍ਹਾਂ ਘੰਟਿਆਂ ਬੱਧੀ ਰਹਿਣ ਲਈ ਮਜਬੂਰ ਕੀਤਾ ਗਿਆ।

ਤਹਿਸੀਲਦਾਰ ਜਯੰਤ ਜੋਸ਼ੀ ਨੇ ਕਿਹਾ- ਜੁਰਮਾਨੇ ਅਤੇ ਔਰਤਾਂ ਦੀ ਵਿਕਰੀ ਤੋਂ ਹੋਈ ਆਮਦਨ ਦਾਅਵਤ ਅਤੇ ਪੰਚਗੰਗਾ ਦੇ ਹੋਰ ਖਰਚਿਆਂ ਤੇ ਖਰਚ ਕੀਤੀ ਗਈ।

ਜ਼ਿਲ੍ਹਾ ਕੁਲੈਕਟਰ ਸ੍ਰੀਵਾਸਤਵਾ ਨੇ ਕਿਹਾ ਕਿ ਇਸਤਰੀਆਂ ਨੂੰ ਵੇਚਿਆ ਜਾਂ ਨਿਲਾਮ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਬੀਲਿਆਂ ਚ ਲਾੜੀ ਦਾ ਮੁਲ ਮੋੜਣ (ਡੋਪਾ) ਦੀ ਰਸਮ ਹੈ, ਪਰ ਇਸ ਘਟਨਾ ਬਾਰੇ ਪੜਤਾਲੀਆ ਕਮੇਟੀ ਦੇ ਮੁਖੀ ਕਬਾਇਲੀ ਵਿਧਾਇਕ ਵਿਜੇ ਸ਼ਾਹ ਨੇ ਕਿਹਾ ਲਾੜੀ ਦਾ ਮੁਲ ਮੋੜਣਾ ਵਖਰੀ ਗਲ ਹੈ, ਇਹ ਇਸਤਰੀਅਤ ਦੀ ਬੇਇੱਜ਼ਤੀ ਸੀ। ਉਨ੍ਹਾਂ ਵਿਕਰੀ ਲਈ ਰਖੀਆਂ ਵਸਤਾਂ ਵਾਂਗ ਪੇਸ਼ ਕੀਤਾ ਗਿਆ। ਸ਼ਾਹ ਨੇ ਕਿਹਾ ਕਿ ਮੰਤਰੀ ਦੀ ਮੌਜੂਦਗੀ ਦਾ ਅਰਥ ਸੀ ਇਸ ਜ਼ਾਲਮਾਨਾ ਕਾਰਵਾਈ ਨੂੰ ਚੁਪ ਚਪੀਤੇ ਪ੍ਰਵਾਨਗੀ ਦੇਣਾ।

ਪੁਲਸ ਨੇ ਬਾਅਦ ਵਿਚ ਦੇਵਕੀ ਨੂੰ ਬਰਾਮਦ ਕਰ ਲਿਆ ਬਸੰਤਾ ਨੂੰ ਵੀ ਉਸ ਦੇ ਖਰੀਦਾਰ ਦੇ ਘਰੋਂ ਬਰਾਮਦ ਕਰ ਲਿਆ ਗਿਆ, ਖੰਡਵਾ ਦੇ ਐਸ. ਪੀ. ਜੀ. ਅਖੇਤੇ ਸੋਮਾਂ ਅਨੁਸਾਰ ੨੨ ਵਿਅਕਤੀਆਂ ਨੂੰ ਭਾਰਤੀ ਸਜ਼ਾ ਜਾਬਤੇ ਦੀ ਧਾਰਾ ੩੬੬,੩੬੮,੧੪੯,੫੦੬,੩੪੨ ਅਤੇ ੪੯੮ ਤਹਿਤ ਤਿੰਨ ਵੱਖ-ਵੱਖ ਮਾਮਲਿਆਂ ਵਿਚ ਗ੍ਰਿਫਤਾਰ ਕੀਤਾ ਗਿਆ।

ਬਾਮਨੀਯਾ ਦੀ ਸਮੇਂ ਸਿਰ ਕੀਤੀ ਸ਼ਕਾਇਤ ਨੇ ਪਿੰਡ ਪੰਧਾਨਾ 'ਚ ਇੱਕ ਅਜਿਹੀ ਹੋਰ ਘਟਨਾ ਵਾਪਰਨ ਤੋਂ ਰੋਕ ਲਿਆ, ਉਥੇ ਤੀਹ ਭੀਲ ਕੁੜੀਆਂ ਨੇ ਮੁਸਲਮਾਨਾਂ ਨਾਲ, ਚਾਰ ਨੇ ਅਨੁਸੂਚਿਤ ਜਾਤਾਂ ਦੇ ਮੁੰਡਿਆਂ ਨਾਲ ਅਤੇ ਦੋ ਨੇ ਨਾਹਚੀ ਪਟੇਲਾਂ ਦੇ ਮੁੰਡਿਆਂ ਨਾਲ ਵਿਆਹ ਕਰਾ ਲਿਆ ਸੀ। ਉਸ ਲੋਕ ਇਨ੍ਹਾਂ ਭੀਲ ਕੁੜੀਆਂ ਨੂੰ ਨੀਲਾਮੀ ਰਾਹੀ ਮੁੜ ਭੀਲ ਕਬੀਲੇ ਵਿਚ ਲਿਆਉਣਾਂ ਚਾਹੁੰਦੇ ਸਨ।

*ਪਿੰਡ ਭੈਣਪੁਰ*
*ਡਾਕ. ਪਥਵਾਂ-੧੪੪੦੩੪*



Namdhari Elibrary NamdhariElibrary@gmail.com

## ਮਿੰਨੀ ਕਹਾਣੀਆਂ

### ਸੋਚ

*—ਮਲਕੀਤ ਮੀਤ*

ਕੱਲ੍ਹ ਮੈਂ ਆਪਣੇ ਦੋਸਤ ਹਰਪ੍ਰੀਤ ਨੂੰ ਮਿਲਣ ਗਿਆ, ਮੈਨੂੰ ਦਰਵਾਜ਼ੇ 'ਚ ਵੜ੍ਹਦਿਆਂ ਦੇਖਕੇ ਉਹ ਕਹਿਣ ਲੱਗਿਆ, "ਓ ਬਈ ਗੁਰਮੇਲ ਸਿਆਂ, ਲੰਘਿਆ-ਲੰਘਿਆ!" ਉਹ ਬੜਾ ਖੁਸ਼ ਨਜ਼ਰ ਆ ਰਿਹਾ ਸੀ।

"ਆਹ ਲੈ ਬਈ ਮੂੰਹ ਮਿੱਠਾ ਕਰ, ਲੱਡੂ ਖਾ।"

"ਲੱਡੂ ? ਬਈ ਕਿਸ ਖੁਸ਼ੀ 'ਚ ?" ਮੈਂ ਪੁਛਿਆ।

"ਓ ਯਾਰ ਖੁਸ਼ੀ ਕੀ ਪੁਛਦੈਂ ? ਇਕ ਤੇ ਆਹ ਆਪਣਾ ਲਾਲੀ ਸਰਕਾਰੀ ਸਕੂਲ 'ਚ ਪੜ੍ਹਦਾ ਸੀ ਕਿਉਂਕਿ ਪਿਛਲੀ ਵਾਰ ਇਹ ਕਾਨਵੈਂਟ ਸਕੂਲ ਦਾ ਟੈਸਟ ਕਲੀਅਰ ਨਹੀਂ ਕਰ ਸਕਿਆ ਸੀ। ਇਸ ਵਾਰ ਇਸਨੇ ਟੈਸਟ ਕਲੀਅਰ ਕਰ ਲਿਆ ....ਤੇ ਇਹਨੂੰ ਪ੍ਰਾਈਵੇਟ ਸਕੂਲ 'ਚ ਦਾਖਲਾ ਮਿਲ ਗਿਆ ਹੈ। ਤੇ ਦੂਜਾ ਤੇਰੀ ਭਰਜਾਈ ਦਾ ਇਸੇ ਕਾਨਵੈਂਟ ਸਕੂਲ 'ਚੋਂ ਖਹਿੜਾ ਛੁੱਟ ਗਿਆ, ਇਹ ਨੂੰ ਸਰਕਾਰੀ ਸਕੂਲ 'ਚ ਨੌਕਰੀ ਮਿਲ ਗਈ ਏ।"

"ਇਹਦਾ ਮਤਲਬ ਹੋਇਆ ਕਿ ਭਰਜਾਈ ਪ੍ਰਾਈਵੇਟ ਸਕੂਲ ਛੱਡ ਕੇ ਸਰਕਾਰੀ 'ਚ ਚਲੀ ਗਈ ਤੇ ਲਾਲੀ ਸਰਕਾਰੀ ਸਕੂਲ ਛੱਡ ਕੇ ਪ੍ਰਾਈਵੇਟ 'ਚ ਚਲਾ ਗਿਆ ?"

"ਜੀ ਹਾਂ।"

"ਅਜਿਹਾ ਤੁਸੀ ਕਿਉਂ ਕਰਿਆ ?"

"ਓ ਯਾਰ ਤੂੰ ਓਹੀ ਪਾਗ਼ਲ ਦਾ ਪਾਗ਼ਲ ਹੀ ਰਿਹਾ, ਹੁਣ ਤੈਨੂੰ ਨਹੀਂ ਪਤਾ ਕਿ ਪ੍ਰਾਈਵੇਟ ਸਕੂਲਾਂ 'ਚ ਅੱਜ ਕਲ੍ਹ ਪੜ੍ਹਾਈ ਚੰਗੀ ਕਰਵਾਉਂਦੇ ਨੇ ? ਸਰਕਾਰੀ ਸਕੂਲ 'ਚ ਪੜ੍ਹਾ ਕੇ ਬੱਚੇ ਦਾ ਫਿਊਚਰ ਖ਼ਰਾਬ ਕਰਨੈ ?"

"....ਤੇ ਫਿਰ ਤੁਸੀਂ ਭਰਜਾਈ ਨੂੰ...ਸਰਕਾਰੀ ਸਕੂਲ...ਚ....?"

"ਓ ਯਾਰ ਤੂੰ ਸਮਝਦਾ ਕਿਉਂ ਨਹੀਂ, ਇਹ ਪ੍ਰਾਈਵੇਟ ਸਕੂਲਾਂ ਵਾਲੇ ਗੁਲਾਮਾਂ ਵਾਂਗ ਕੰਮ ਲੈਂਦੇ ਆ ਟੀਚਰਾਂ ਤੋਂ, ਸਾਰਾ ਦਿਨ ਸਿਰ ਖਪਾਉਣਾ ਪੈਂਦੇ ਉਥੇ ਸਰਕਾਰੀ ਸਕੂਲ 'ਚ ਕਰਨਾ ਹੀ ਕੁਝ ਨਹੀਂ ਹੁੰਦਾ, ਮੈਡਮਾਂ ਬੈਠੀਆਂ ਸਵੈਟਰਾਂ ਬੁਣਦੀਆਂ ਨੇ ਮੌਜ ਨਾਲ, ਤਨਖਾਹ ਵੀ ਦੁੱਗਣੀ ਤੇ ਹਫ਼ਤੇ 'ਚ ਇਕ ਦਿਨ ਤਾਂ ਫਰਲੋ ਵੀ ਵੱਜ ਜਾਂਦੀ ਏ। ....ਕੁਝ ਆਇਆ ਸਮਝ 'ਚ ?"

ਲੱਡੂ ਅਜੇ ਮੇਰੇ ਹੱਥ 'ਚ ਹੀ ਸੀ ਤੇ ਮੈਂ ਆਪਣੇ ਦੋਸਤ ਦੇ ਮੂੰਹ ਵੱਲ ਬਿੱਟ ਬਿੱਟ ਤੱਕਦਾ ਉਸਦੀ ਸੋਚ ਤੇ ਹੈਰਾਨ ਹੋ ਰਿਹਾ ਸਾਂ।

### ਆਪਣੇ ਕਿ ਬੇਗਾਨੇ

*—ਕਰਮ ਸਿੰਘ ਵਕੀਲ*

ਹਰਦੀਪ ਅਪਣੀਆਂ ਸਹੇਲੀਆਂ ਨਾਲ ਸੱਸ ਨੂੰ ਆਪਣੇ ਹੱਥਾਂ ਤੇ ਨਚਾਉਣ ਦੀਆਂ ਫੜਾਂ ਮਾਰ ਰਹੀ ਸੀ। ਉਸ ਦੀਆਂ ਸਹੇਲੀਆਂ ਲਗਾਤਾਰ ਪਿਛਲੇ ਘੰਟੇ ਕੁ ਤੋਂ ਆਪਣੀਆਂ ਆਪਣੀਆਂ ਸੱਸਾਂ, ਜਠਾਣੀਆਂ, ਨਣਦਾਂ ਤੇ ਪਤੀਆਂ ਦੀਆਂ ਚੁਗਲੀਆਂ ਕਰ ਰਹੀਆਂ ਸਨ। ਪਰ ਸਤਨਾਮ ਗਹਿਰ ਗੰਭੀਰ ਹੋਈ ਚੁੱਪ ਬੈਠੀ ਸੀ। ਨਾ ਉਨ੍ਹਾਂ ਵਾਂਗ ਖੁੱਲ ਕੇ ਹੱਸਦੀ, ਨਾ ਕੋਈ ਗੱਲ ਕਰਦੀ, ਨਾ ਕਿਸੇ ਦੀ ਗੱਲ 'ਚ ਹਾਂ ਦਾ ਹੁੰਘਾਰਾ ਭਰਦੀ। ਆਖਿਰ ਇਨਾਂ ਔਰਤਾਂ ਦੀ ਬੈਠਕ ਖਤਮ ਹੋਈ ਤੇ ਸਾਰੀਆਂ ਕੱਲ ਫੇਰ ਜੁੜਨ ਦਾ ਵਾਅਦਾ ਕਰਕੇ ਚਲੇ ਗਈਆਂ। ਹਰਦੀਪ ਨੇ ਸਤਨਾਮ ਨੂੰ ਕੋਲ ਬੁਲਾਇਆ ਤੇ ਹੱਸ ਕੇ ਕਿਹਾ, "ਸੱਤੋ..... ਸਿੱਖ ਲੈ ਹੁਣੇ ਤੋਂ ਇਹ ਗੱਲਾਂ.... ਸਮਝੀ ਸੌਹਰੇ ਘਰ ਬਹੁਤ ਕੰਮ ਆਉਣਗੀਆਂ"।

ਪਰ ਸਤਨਾਮ ਦਾ ਰੋਣ ਨਿਕਲ ਗਿਆ। ਭਰੇ ਮਨ ਨਾਲ ਉਸ ਨੇ ਵੱਡੀ ਭੈਣ ਨੂੰ ਗਲਵਕੜੀ ਪਾ ਕੇ ਕਿਹਾ, "ਭੈਣ ਮੈਂ ਨਹੀਂ ਇਹ ਸਭ ਕੁਝ ਸਿਖਣਾ"।

"ਕਿਉ" ? ਹਰਦੀਪ ਨੇ ਪੁੱਛਿਆ।

ਜਰਾਂ ਸੰਭਲ ਕੇ ਸਤਨਾਮ ਬੋਲੀ– "ਸੁਣ ਭੈਣ! ਸੱਸ ਵੀ ਮਾਂ ਬਰੋਬਰ ਹੁੰਦੀ ਐ... ਜਠਾਣੀ ਵੱਡੀ ਭੈਣ ਤੇ ਨਣਦ ਛੋਟੀ ਭੈਣ ਹੁੰਦੀ ਐ। ਇਹੋ ਗੱਲ ਤੈਨੂੰ ਬੇਬੇ ਨੇ ਸਿਖਾਈ ਸੀ ਨਾ... ਫਿਰ ਤੂੰ ਅਜਿਹਾ ਕਿਉ ਕਰਦੀ ਏਂ ? ਇਕ ਗੱਲ ਹੋਰ ਦੱਸ ਭੈਣ... ਨਾਲੇ ਜੇ ਇਹੋ ਗੁੜਤੀ ਲੈ ਕੇ ਅਵਤਾਰ ਦੀ ਵਹੁਟੀ ਸਾਡੇ ਘਰ ਆਈ ਤਾਂ ਕੀ ਹੋਵੇਗਾ ?.... ਜੇ ਉਹ ਸਾਡੀ ਮਾਂ ਨੂੰ, ਮੇਰੇ ਤੇ ਤੇਰੇ ਬਾਰੇ ਇਸੇ ਤਰ੍ਹਾਂ ਦੀਆਂ ਗੱਲਾਂ ਕਰੇ ਤਾਂ ਕੀ ਤੂੰ ਬਰਦਾਸ਼ਤ ਕਰ ਸਕੇਗੀ ?...ਕੀ ਉਸ ਨੂੰ ਵੀ ਅਜਿਹੀਆਂ ਚੱਟਪਟੀਆਂ ਗੱਲਾਂ ਕਰਨ ਦਾ ਤੇ ਆਪਣੇ ਕੰਮ ਸਾਡੀ ਬਿਰਧ ਮਾਂ ਤੋਂ ਕਰਾਉਣ ਦੀ ਛੋਟ ਹੋਵੇਗੀ ? ਦੱਸ ਨਾ ਮੈਨੂੰ... ਕੀ ਉਹ ਫਿਰ ਸਾਡੀ ਆਪਣੀ ਹੋਵੇਗੀ ਕਿ ਬੈਗਾਨੀ..." ?

ਸਤਨਾਮ ਦੇ ਮੂੰਹ ਤੇ ਹੱਥ ਰੱਖ ਕੇ ਹਰਦੀਪ ਨੇ ਉਸ ਨੂੰ ਹੋਰ ਕੁਝ ਕਹਿਣ ਤੋਂ ਰੋਕ ਦਿੱਤਾ ਤੇ ਉਸ ਦੀਆਂ ਅੱਖਾਂ ਚੋਂ ਵਗਦੇ ਹੰਝੂਆਂ ਨੇ ਉਸ ਦੇ ਮਨ ਦੀ ਸਾਰੀ ਮੈਲ ਧੋਅ ਦਿੱਤੀ। ਉਸ ਨੂੰ ਆਪਣੇ ਕਿ ਬੇਗਾਨੇ ਦੀ ਸਮਝ ਆ ਚੁੱਕੀ ਸੀ।

*੪੦੯੩ ਮਲੋਆ ਕਲੋਨੀ, ਚੰਡੀਗੜ੍ਹ*



Namdhari Elibrary NamdhariElibrary@gmail.com

## ਕੂਕਾ ਲਹਿਰ ਤੇ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਨੂੰ ਆਜ਼ਾਦੀ ਘੁਲਾਟੀਏ ਕਰਾਰ ਦਿੱਤਾ ਜਾਵੇ—ਸ. ਤਰਲੋਚਨ ਸਿੰਘ

**ਨਵੀਂ ਦਿੱਲੀ ੨੬ ਮਾਰਚ**—ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤਰਲੋਚਨ ਸਿੰਘ ਨੇ ਭਾਰਤ ਦੇ ਉਪ-ਪ੍ਰਧਾਨ ਮੰਤਰੀ ਸ੍ਰੀ ਲਾਲ ਕਿਸ਼ਨ ਅਡਵਾਨੀ ਨੂੰ ਇਕ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਹ ਗ੍ਰਹਿ ਮੰਤਰਾਲੇ ਨੂੰ ਹਦਾਇਤ ਦੇਣ ਕਿ ਕੂਕਾ ਲਹਿਰ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਅਤੇ ਦੇਸ਼ ਭਗਤਾਂ ਨੂੰ ਆਜ਼ਾਦੀ ਦੀ ਘੁਲਾਟੀਏ ਵਜੋਂ ਮਾਨਤਾ ਦੇਣ। ਉਹਨਾਂ ਇਸ ਗੱਲ ਉੱਤੇ ਅਫਸੋਸ ਪ੍ਰਗਟ ਕੀਤਾ ਕਿ ਗ੍ਰਹਿ ਮੰਤਰਾਲੇ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੇ ਗਏ ਹਲਫਨਾਮੇ ਵਿਚ ਕੂਕਾ ਲਹਿਰ ਅਤੇ ਕਾਮਾਗਾਟਾ ਮਾਰੂ ਸਾਕੇ ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮੀਏ ਨਹੀਂ ਕਰਾਰ ਦਿੱਤਾ ਗਿਆ।

ਸ. ਤਰਲੋਚਨ ਸਿੰਘ ਨੇ ਸ੍ਰੀ ਅਡਵਾਨੀ ਜੀ ਨੂੰ ਚੇਤੇ ਕਰਾਇਆ ਕਿ ਉਹਨਾਂ ਨੇ ਆਪ ੨੦੦੨ ਵਿਚ ਲੁਧਿਆਣਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦਾ ਨੀਂਹ ਪੱਥਰ ਰਖਿਆ ਸੀ ਅਤੇ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਏ ਨਾਮਧਾਰੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਸਨ। ਉਹਨਾਂ ਦਸਿਆ ਕਿ ਇਤਿਹਾਸ ਗੁਆਹ ਹੈ ਕਿ ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਪਹਿਲੇ ਅਜਿਹੇ ਆਗੂ ਹੋਏ ਹਨ ਜਿਨ੍ਹਾਂ ਨੇ ੧੮੭੦ ਵਿਚ ਅੰਗਰੇਜ਼ ਹਕੂਮਤ ਵਿਰੁੱਧ ਸ਼ਾਂਤ-ਮਈ ਅੰਦੋਲਨ ਚਲਾਇਆ ਸੀ। ਮਲੇਰਕੋਟਲੇ ਵਿਖੇ ਕਈ ਨਾਮਧਾਰੀ ਸਿੰਘਾਂ ਨੂੰ ਤੋਪਾਂ ਦੇ ਗੋਲਿਆਂ ਨਾਲ ਉਡਾ ਦਿੱਤਾ ਗਿਆ ਸੀ ਅਤੇ ਕਈਆਂ ਨੂੰ ਫਾਂਸੀ ਲਗਾ ਦਿੱਤੀ ਗਈ ਸੀ। ਉਹਨਾਂ ਚੇਤੇ ਕਰਾਇਆ ਕਿ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਵੀ ਮਲੇਰਕੋਟਲੇ, ਉਸ ਥਾਂ ਉੱਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗਏ ਸਨ।

ਸ. ਤਰਲੋਚਨ ਸਿੰਘ ਨੇ ਇਸ ਗੱਲ ਉੱਤੇ ਵੀ ਅਫਸੋਸ ਪ੍ਰਗਟ ਕੀਤਾ ਕਿ ਕੇਂਦਰ ਸਰਕਾਰ ਵਿਚ ਆਈਆਂ ਵੱਖ-ਵੱਖ ਸਰਕਾਰਾਂ ਨੇ ਇਹਨਾਂ ਲਹਿਰਾਂ ਨੂੰ ਕੌਮੀ ਲਹਿਰਾਂ ਕਰਾਰ ਨਹੀਂ ਦਿੱਤਾ। ਉਹਨਾਂ ਕਿਹਾ ਕਿ ਇਹ ਸਿੱਧ ਕਰਦਾ ਹੈ ਕਿ ਇਸ ਗੱਲ ਵਿਚ ਵੀ ਇਕ ਘੱਟ ਗਿਣਤੀ ਫਿਰਕੇ ਦੇ ਲੋਕਾਂ ਨਾਲ ਵਿਤਕਰਾ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਨੂੰ ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਇਕ ਲਾਲ ਅੱਖਰਾਂ ਨਾਲ ਲਿਖਿਆ ਯਾਦਗਾਰੀ ਦਿਨ ਮੰਨਿਆ ਜਾਂਦਾ ਹੈ। ਜਦੋਂ ਅੰਗਰੇਜ਼ਾਂ ਨੇ ਕਲਕੱਤੇ ਦੇ ਬਜਬਜ ਘਾਟ ਵਿਖੇ ਜਹਾਜ਼ ਦੇ ਮੁਸਾਫਰਾਂ ਉੱਤੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ ਸੀ ਅਤੇ ਉਹਨਾਂ ਦੇ ਉਥੇ ਆਉਣ ਨੂੰ ਹੀ ਇਕ ਦੇਸ਼ ਵਿਰੋਧੀ ਕਾਰਵਾਈ ਕਰਾਰ ਦਿੱਤਾ ਸੀ। ਜਹਾਜ਼ ਦੇ ਆਗੂ ਬਾਬਾ ਗੁਰਦਿੱਤ ਸਿੰਘ ਨੂੰ ਕਈ ਵਰ੍ਹੇ ਜੇਲ੍ਹ ਵਿਚ ਰਹਿਣਾ ਪਿਆ। ਉਹਨਾਂ ਦੱਸਿਆ ਕਿ ਇਸ ਸਾਕੇ ਦੀ ਯਾਦ ਵਿਚ ਹਰ ਸਾਲ ਕਲਕੱਤੇ ਵਿਚ ਇਕ ਵੱਡਾ ਸਮਾਰੋਹ ਕੀਤਾ ਜਾਂਦਾ ਹੈ। ਫਿਰ ਵੀ ਗ੍ਰਹਿ ਵਿਭਾਗ ਦੇ ਬਾਬੂ ਉਹਨਾਂ ਨੂੰ ਆਜ਼ਾਦੀ ਸੰਗਰਾਮੀਏ ਮੰਨਣ ਤੋਂ ਮੁਨੱਕਰ ਹਨ।

ਸ. ਤਰਲੋਚਨ ਸਿੰਘ ਨੇ ਸ੍ਰੀ ਅਡਵਾਨੀ ਜੀ ਨੂੰ ਬੇਨਤੀ ਕੀਤੀ ਹੈ ਕਿ ਉਹ ਗ੍ਰਹਿ ਵਿਭਾਗ ਦੇ ਆਜ਼ਾਦੀ ਸੰਗਰਾਮ ਵਿਭਾਗ ਨੂੰ ਹਦਾਇਤਾਂ ਜਾਰੀ ਕਰਨ ਕਿ ਉਹ ਇਹਨਾਂ ਕੇਸਾਂ ਦੀ ਨਜ਼ਰ-ਸਾਨੀ ਕਰਨ ਤਾਂ ਜੋ ਇਤਿਹਾਸਕ ਤੱਥਾਂ ਨੂੰ ਦਰੁਸਤ ਕੀਤਾ ਜਾ ਸਕੇ ਅਤੇ ਸ਼ਹੀਦਾਂ ਦੇ ਰੋਲ ਨੂੰ ਮਾਨਤਾ ਦਿੱਤੀ ਜਾ ਸਕੇ ਅਤੇ ਉਹਨਾਂ ਦਾ ਸਨਮਾਨ ਕੀਤਾ ਜਾ ਸਕੇ।

## ਪਿੰਡ ਜੋਗਾ (ਮਾਨਸਾ) ਦੇ ਚਾਰ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਛੇਵਾਂ ਮੇਲਾ ਦੇਸ਼ ਭਗਤਾਂ ਦਾ

ਮਿਤੀ ੪-੩-੦੪ ਨੂੰ ਪਿੰਡ ਜੋਗਾ ਵਿਖੇ ਕਾਮਰੇਡ ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਵਲੋਂ ਇਸੇ ਪਿੰਡ ਦੇ ਮਲੇਰ ਕੋਟਲਾ ਦੇ ਰੱਕੜ ਵਿਖੇ ਜਨਵਰੀ ੧੭-੧੮, ੧੮੭੨ ਈ. ਨੂੰ ਅੰਗਰੇਜ਼ਾਂ ਵਲੋਂ ਤੋਪਾਂ ਨਾਲ ਸ਼ਹੀਦ ਕੀਤੇ ਚਾਰ ਯੋਧਿਆਂ ਦੀ ਯਾਦ ਵਿਚ ਮੇਲਾ ਕਰਵਾਇਆ ਗਿਆ। ਇਸ ਮੇਲੇ ਦੀ ਪ੍ਰਧਾਨਗੀ ਸ੍ਰੀ ਸੁਖਰਾਜ ਸਿੰਘ ਨੱਤ ਨੇ ਕੀਤੀ। ਮੇਲੇ ਦੇ ਮੁਖ ਮਹਿਮਾਨ ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਸਨ। ਮੇਲਾ ਹਰ ਵਾਰ ਦੀ ਤਰ੍ਹਾਂ ਪਿੰਡ ਦੇ ਸਹਿਯੋਗ ਨਾਲ ਲਗਾਇਆ ਗਿਆ। ਮੇਲੇ ਵਿਚ ਨਾਮਧਾਰੀ ਦਰਬਾਰ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਭਾਰਤੀ ਕਮਿਊਨਿਸਟ ਪਾਰਟੀ ਤੇ ਕਾਂਗਰਸ ਪਾਰਟੀ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਚੇਚਾ ਅਸ਼ੀਰਵਾਦ ਲੈ ਕੇ ਸੂਬਾ ਸੁਰਿੰਦਰ ਕੌਰ ਖਰਲ ਦੀ ਅਗਵਾਈ ਹੇਠ ਜਥਾ ਪਹੁੰਚਿਆ। ਨਗਰ ਪੰਚਾਇਤ ਜੋਗਾ ਤੇ ਟਰੱਸਟ ਦੇ ਮੈਂਬਰਾਂ ਨੇ ਸ੍ਰੀ ਹੰਸਪਾਲ ਜੀ ਦਾ ਹਾਰਾਂ ਤੇ ਇਕ ਸ਼ਾਲ ਭੇਟ ਕਰਕੇ ਸਵਾਗਤ ਕੀਤਾ। ਕਾ. ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਵਲੋਂ ਪਿੰਡ ਜੋਗਾ ਦੇ ਚਾਰ ਅਜ਼ਾਦ ਹਿੰਦ ਫੌਜੀਆਂ ਦੇ ਪਰਿਵਾਰਾਂ



Namdhari Elibrary NamdhariElibrary@gmail.com

ਦਾ ਸਨਮਾਨ ਕੀਤਾ ਗਿਆ। ਇਸ ਪਿੰਡ ਦੇ ਪ੍ਰੀਤਮ ਸਿੰਘ, ਗੁਰਦਿਆਲ ਸਿੰਘ, ਸਰਦਾਰਾ ਸਿੰਘ ਤੇ ਜੰਗੀਰ ਸਿੰਘ ਨੇ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਕੇ ਨਾਮਣਾ ਖੱਟਿਆ ਸੀ। ਲੋਕ ਕਲਾ ਮੰਚ ਮਾਨਸਾ ਵਲੋਂ ਪ੍ਰੋ. ਅਜਮੇਰ ਔਲਖ ਦੀ ਅਗਵਾਈ ਹੇਠ ਦੋ ਡਰਾਮੇ "ਜਦੋਂ ਬੋਹਲ ਰੋਂਦੇ ਹਨ" ਤੇ "ਕਾਲੀ ਧੁੱਪ" ਖੇਡੇ ਗਏ। ਭਾਰੀ ਗਿਣਤੀ ਵਿਚ ਲੋਕਾਂ ਨੇ ਇਸ ਮੇਲੇ ਦਾ ਅਨੰਦ ਮਾਣਿਆ। ਸ੍ਰੀ ਸਵਰਨ ਸਿੰਘ ਜੀ ਵਿਰਕ ਜੋ ਸਿਰਸਾ ਤੋਂ ਆਏ ਸਨ ਨੇ ਨਾਮਧਾਰੀ ਇਤਿਹਾਸ ਬਾਰੇ ਲੋਕਾਂ ਨਾਲ ਆਪਣੀ ਜਾਣਕਾਰੀ ਸਾਂਝੀ ਕੀਤੀ। ਸ੍ਰੀ ਅਜੀਤ ਇੰਦਰ ਸਿੰਘ ਮੋਫਰ ਸਾਬਕਾ ਐਮ.ਐਲ.ਏ., ਸ੍ਰੀ ਬੂਟਾ ਸਿੰਘ ਜੀ ਸਾਬਕਾ ਐਮ.ਐਲ.ਏ. ਨੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸ੍ਰੀ ਹੰਸਪਾਲ ਦੇ ਆਪਣੇ ਜਾਣਕਾਰੀ ਭਰਪੂਰ ਭਾਸ਼ਣ ਦੌਰਾਨ ਸਿੱਖਾਂ ਦੇ ਇਸ ਪੰਥ ਨਾਮਧਾਰੀ ਦੀ ਗੱਲ ਕੀਤੀ। ਉਹਨਾਂ ਵਲੋਂ ਅੰਗਰੇਜ਼ਾਂ ਵਲੋਂ ਸਿੱਖਾਂ ਨੂੰ ਵੱਖ-ਵੱਖ ਸੰਪਰਦਾਵਾਂ ਵਿਚ ਵੀ ਵੰਡਣ ਦੀ ਚਰਚਾ ਕੀਤੀ। ਉਹਨਾਂ ਵਲੋਂ ਪਿੰਡ ਵਾਸੀਆਂ ਵਲੋਂ ਕੀਤੇ ਇਸ ਉੱਦਮ ਦੀ ਸ਼ਲਾਘਾ ਕੀਤੀ ਤੇ ਅੱਗੇ ਵਾਸਤੇ ਵੀ ਇਸ ਮੇਲੇ ਵਿਚ ਹਾਜ਼ਰੀ ਲਵਾਉਣ ਦਾ ਵਾਅਦਾ ਕੀਤਾ। ਮਨਜੀਤ ਸਿੰਘ ਸਾਬਕਾ ਸਰਪੰਚ ਵਲੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਡਾ. ਗੁਰਦਰਸ਼ਨ ਸਿੰਘ ਜੋਗਾ ਜੋ ਕਿ ਇਸ ਮੇਲੇ ਦੇ ਆਪਣੇ ਪਰਿਵਾਰ ਸਮੇਤ ਮੁੱਖ ਸੇਵਾਦਾਰ ਸਨ ਨੇ ਸਟੇਜ ਸਕੱਤਰ ਦਾ ਫਰਜ਼ ਨਿਭਾਇਆ। ਆਏ ਸਾਰੇ ਮਹਿਮਾਨਾਂ ਦੀ ਖਾਤਿਰਦਾਰੀ ਦੀ ਸੇਵਾ ਡਾ. ਹਰਿਮੰਦਰਜੀਤ ਕੌਰ ਜੋਗਾ ਜੋ ਕਿ ਕਾਮਰੇਡ ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਹਨ, ਵਲੋਂ ਨਿਭਾਈ ਗਈ।

## ਰਾਣੀਆਂ ਵਿਚ ਚੌਥੇ ਸ਼ਹੀਦ ਯਾਦਗਾਰੀ ਸਭਿਆਚਾਰਕ ਮੇਲੇ ਵਿਚ ੨੩ ਮਾਰਚ ਦੇ ਸ਼ਹੀਦਾਂ ਦੇ ਨਾਲ ਨਾਲ ਕੂਕਾ ਸ਼ਹੀਦਾਂ ਨੂੰ ਵੀ ਯਾਦ ਕੀਤਾ

ਸਿਰਸਾ ੨੩ ਮਾਰਚ ੦੪—ਇਥੋਂ ੨੦ ਕਿਲੋਮੀਟਰ ਦੂਰ ਕਸਬਾ ਰਾਣੀਆਂ ਦੀ ਅਨਾਜ ਮੰਡੀ ਵਿਚ ਰੋਜ਼ਗਾਰ ਪ੍ਰਾਪਤੀ ਚੇਤਨਾ ਅਭਿਆਨ ਦੇ ਬੈਨਰ ਹੇਠ ਸਰਬ ਭਾਰਤ ਨੌਜੁਆਨ ਸਭਾ ਜ਼ਿਲ੍ਹਾ ਸਿਰਸਾ ਵਲੋਂ ਚੌਥਾ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਸਭਿਆਚਾਰਕ ਮੇਲਾ ਧੂਮਧਾਮ ਨਾਲ ਮਨਾਇਆ ਗਿਆ। ਇਸ ਵਿਚ ਹਰਿਆਣਾ, ਰਾਜਸਥਾਨ ਅਤੇ ਪੰਜਾਬ ਤੋਂ ਆਏ ਰੰਗ ਕਰਮੀਆਂ ਨੇ ਸ਼ਹੀਦਾਂ ਦੇ ਜੀਵਨ ਤੇ ਅਧਾਰਿਤ ਨਾਟਕਾਂ ਕੋਰਿਓਗ੍ਰਾਫੀ, ਗੀਤ ਨਾਟਾਂ ਦਾ ਮੰਚਨ ਕਰਕੇ ਦਰਸ਼ਕਾਂ ਵਿਚ ਦੇਸ਼ ਭਗਤੀ ਦੀ ਭਾਵਨਾ ਜਾਗ੍ਰਿਤ ਕੀਤੀ।

ਹਜ਼ਾਰਾਂ ਦੀ ਗਿਣਤੀ ਵਿਚ ਜ਼ਿਲ੍ਹੇ ਭਰ ਤੋਂ ਆਏ ਲੋਕਾਂ ਨੂੰ ਸੰਬੋਧਨ ਕਰਦਿਆਂ ਨੌਜੁਆਨ ਸਭਾ ਦੇ ਕੌਮੀ ਸਲਾਹਕਾਰ ਸਾਥੀ ਜਗਰੂਪ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ ਤਕ ਹਰ ਨੌਜੁਆਨ ਉਹਨਾਂ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਭ੍ਰਿਸ਼ਟ ਸਰਕਾਰ ਤੇ ਲੱਚਰ ਪ੍ਰਬੰਧ ਨੂੰ ਬਦਲਣ ਲਈ ਕਮਰ ਕੱਸ ਲਵੇਗਾ। ਉਹਨਾਂ ਦੱਸਿਆ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਐਤਕੀਂ ਪਾਕਿਸਤਾਨ ਵਿਚ ਵੀ ੨੩ ਮਾਰਚ ਦੇ ਸ਼ਹੀਦਾਂ ਦਾ ਦਿਨ ਪਹਿਲੀ ਵੇਰ ਵੱਡੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਮਸਨੂਈ ਕੰਧਾਂ ਢਾਹੁਣ ਲਈ ਇਹਨਾਂ ਕੌਮੀ ਸ਼ਹੀਦਾਂ ਨੂੰ ੫੭ ਸਾਲ ਲੱਗੇ ਹਨ। ਉਹਨਾਂ ਕਿਹਾ ਕਿ ਸਾਡੇ ਦੇਸ਼ ਦਾ ਨੌਜੁਆਨ ਲੜਕਾ ਲੜਕੀ ਕਿਸੇ ਵੀ ਬਾਹਰਲੇ ਦੇਸ਼ ਦੇ ਆਪਣੇ ਹਾਣੀਆਂ ਤੋਂ ਘਟ ਨਹੀਂ ਪਰ ਮੌਜੂਦਾ ਲੋਟੂ ਪ੍ਰਬੰਧ ਹੀ ਉਹਨੂੰ ਪੰਥ ਭ੍ਰਿਸ਼ਟ ਕਰ ਰਿਹਾ ਹੈ। ਉਹਨਾਂ ਕਿਹਾ ਕਿ ਜਿਸ ਦਿਨ ਅਸੀਂ ਕੰਮ ਹਾਸਿਲ ਕਰਨ ਜਾਂ ਉਦੋਂ ਤੱਕ ਕੰਮ ਇੰਤਜਾਰ ਭੱਤਾ, ਘੱਟੋ ਘੱਟ ਉਜਰਤ ਦੇ ਹਿਸਾਬ ਵਾਲੀ ਮੰਗ ਜਿਤ ਲਵਾਂਗੇ ਉਦੋਂ ਹੀ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣ ਜਾਏਗਾ।

ਹਿਸਾਰ ਤੋਂ ਆਏ ਇਤਿਹਾਸਕਾਰ ਪ੍ਰੋ. ਐਮ.ਐਮ. ਜੁਨੇਜਾ ਨੇ ਸ਼ਹੀਦਾਂ ਦੇ ਜੀਵਨ ਅਤੇ ਵਿਚਾਰਾਂ ਤੇ ਬੜੀ ਰੋਚਕ ਸ਼ੈਲੀ ਵਿਚ ਚਾਨਣਾ ਪਾਇਆ। ਉਹਨਾਂ ਨੇ ਕਿਹਾ ਕਿ ਬਾਵਜੂਦ ਇਸਦੇ ਕਿ ਭਗਤ ਸਿੰਘ ਦੇ ਵਿਚਾਰ ਲਾਲਾ ਲਾਜਪਤ ਰਾਏ ਨਾਲ ਨਹੀਂ ਮਿਲਦੇ ਸਨ, ਸਾਂਡਰਸ ਕਤਲ ਦੁਆਰਾ ਉਹਨਾਂ ਕੌਮੀ ਅਪਮਾਨ ਦਾ ਬਦਲਾ ਲਿਆ ਸੀ। ਉਹਨਾਂ ਕਿਹਾ ਕਿ ਨੌਜੁਆਨਾਂ ਪਾਸ ਭਗਤ ਸਿੰਘ ਤੋਂ ਸਿਖਣ ਲਈ ਬਹੁਤ ਕੁਝ ਹੈ। ਉਹ ਆਪਣਾ ਇਕ ਮਿੰਟ ਵੀ ਅਜਾਈਂ ਨਹੀਂ ਗੁਆਉਂਦਾ ਸੀ ਅਤੇ ਜਿਹਲ ਦੀ ਕਾਲ ਕੋਠੜੀ ਵਿਚ ੩੦੦ ਦੇ ਕਰੀਬ ਕਿਤਾਬਾਂ ਉਸ ਪੜ੍ਹ ਲਈਆਂ ਸਨ। ਉਸਦਾ ਮਾਟੋ ਸੀ ਆਪਣੇ ਵਿਰੋਧੀ ਦੀਆਂ ਦਲੀਲਾਂ ਦਾ ਜੁਆਬ ਦੇਣ ਲਈ ਪੜ੍ਹੋ ਤੇ ਹੋਰ ਪੜ੍ਹੋ। ਉਹ ਨਾ ਕੇਵਲ ਸ਼ਕਲ ਸੂਰਤ ਵਿਚ ਸੁੰਦਰ ਸੀ ਆਪਣੀ ਕਾਰਵਾਈ ਵਿਚ ਵੀ ਸੁੰਦਰ ਸੀ।

ਮੇਲੇ ਦਾ ਉਦਘਾਟਨ ਕਰਦਿਆਂ ਸਿਰਸਾ ਖਿਤੇ ਦੇ ਪ੍ਰਮੁੱਖ ਬੁੱਧੀਜੀਵੀ ਸ੍ਰੀ ਪੂਰਨ ਮੁਦਗਲ ਨੇ ਦੱਸਿਆ ਕਿ ਉਹ ਮਾਰਕਸ ਲੈਨਿਨ ਦੇ ਵਿਚਾਰਾਂ ਤੋਂ ਪ੍ਰਭਾਵਿਤ ਸੀ ਅਤੇ ਸਮਾਜਵਾਦ ਦਾ ਪ੍ਰਚਾਰਕ ਬਣ ਚੁੱਕਾ ਸੀ। ਆਪਣੇ ਮਿਸ਼ਨ ਵਿਚ ਭਰਪੂਰ ਨਿਸ਼ਚੇ ਕਾਰਨ ਹੀ ਉਹ ਕਿਹਾ ਕਰਦਾ ਸੀ "ਹਵਾ ਮੇਂ ਰਹੇਗੀ ਮੇਰੇ ਖਿਆਲ ਕੀ ਬਿਜਲੀ, ਯੇਹ ਮੁਸ਼ਤਿ ਖ਼ਾਕ ਫਾਨੀ ਹੈ ਰਹੇ ਨਾ ਰਹੇ"।



Namdhari Elibrary NamdhariElibrary@gmail.com

ਸੀ.ਪੀ.ਆਈ. ਹਰਿਆਣਾ ਕਾਰਜਕਾਰਨੀ ਦੇ ਮੈਂਬਰ ਸ. ਸੁਵਰਨ ਸਿੰਘ ਵਿਰਕ ਨੇ ਇਸ ਮੌਕੇ ਤੇ ਦੇਸ਼ ਭਰ ਵਿਚ ਬਸਤੀਵਾਦੀ ਹਾਕਮਾਂ ਵਿਰੁੱਧ ਪਹਿਲੇ ਅਸਹਿਯੋਗ ਅੰਦੋਲਨ ਦੇ ਜਨਕ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਮਹਾਨ ਪੈਰੋਕਾਰਾਂ ਦੀ ਦੇਸ਼ ਆਜ਼ਾਦੀ ਲਈ ਕੀਤੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਕਿਹਾ ਕਰਦਾ ਸੀ ਕਿ ਅਸੀਂ ਉਸ ਮਹਾਨ ਸ਼ਖਸੀਅਤ ਨੂੰ ਸਿਰਫ ਇਸ ਲਈ ਭੁਲ ਜਾਈਏ ਕਿ ਉਹ ਨਾਮਧਾਰੀਆਂ ਦਾ ਗੁਰੂ ਸੀ ਤਾਂ ਸਾਡੇ ਤੋਂ ਵੱਡਾ ਅਕ੍ਰਿਤਘਣ ਕੌਣ ਹੋਵੇਗਾ। ਪੰਜਾਬ ਵਿਚ ਚੱਲੀਆਂ ਲਹਿਰਾਂ ਵਿਚੋਂ ਇਹ ਪਹਿਲੀ ਲੋਕ ਲਹਿਰ ਸੀ। ਜਿਸਦਾ ਅਸਰ ਗਦਰ ਪਾਰਟੀ, ਅਕਾਲੀ ਅਤੇ ਬੱਬਰ ਅਕਾਲੀ ਅੰਦੋਲਨ ਤੇ ਕਿਰਤੀ ਕਿਸਾਨ ਅੰਦੋਲਨ ਤੋਂ ਹੁੰਦਾ ਹੋਇਆ ਭਗਤ ਸਿੰਘ ਅਤੇ ਕਮਿਊਨਿਸਟ ਅੰਦੋਲਨ ਤੱਕ ਪੁੱਜਦਾ ਹੈ। ਕਾਮਰੇਡ ਵਿਰਕ ਨੇ ਨੌਜਵਾਨਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਵਿਚ ਰੰਗ ਭਰਨ ਲਈ ਇਕ ਸਮਤਾਵਾਦੀ ਧਰਮ ਨਿਰਪੱਖ ਅਤੇ ਜਮਹੂਰੀ ਭਾਰਤ ਦੇ ਨਿਰਮਾਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਬਾਲ ਕਲਾਕਾਰਾਂ ਦਾ ਪ੍ਰੋਗਰਾਮ ਕੂਕਾ ਲਹਿਰ ਦੇ ਬਾਲ ਸ਼ਹੀਦ ਬਿਸ਼ਨ ਸਿੰਘ ਨੂੰ ਸਮਰਪਿਤ ਸੀ ਅਤੇ ਗੋਸ਼ਟੀ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਸੀ। ਕਾਮਰੇਡ ਬਲਦੇਵ ਬਖਸ਼ੀ ਦੁਆਰਾ ਤਿਆਰ ਕੀਤੀ ਕੌਮੀ ਪ੍ਰਵਾਨਿਆਂ ਦੀ ਚਿੱਤਰ ਪ੍ਰਦਰਸ਼ਨੀ ਦਾ ਉਦਘਾਟਨ ਸ੍ਰੀ ਬਲੀ ਸਿੰਘ ਵਹਿਮੀ ਨੇ ਕੀਤਾ। ਅਹਿਸਾਸ ਕ੍ਰੀਏਟਿਵ ਗਰੁੱਪ ਇਪਟਾ ਸ੍ਰੀ ਗੰਗਾ ਨਗਰ ਤੇ ਸ੍ਰੀ ਸਰਦੂਲ ਸਿੰਘ ਦੇ ਨਿਰਦੇਸ਼ਨ ਹੇਠ ਸ਼ਾਨਦਾਰ ਕੋਰੀਓਗ੍ਰਾਫੀ ਤੇ ਰੋਜ਼ਗਾਰ ਮੁਹਿਮ ਨਾਲ ਸੰਬੰਧਤ ਨਾਟਕਾਂ ਦਾ ਮੰਚਨ ਵੀ ਕੀਤਾ ਗਿਆ। ਮੰਗਾ ਗਿੱਲ, ਲਖਬੀਰ ਲੱਖ, ਦੇਵ ਭੁਨੀਰ, ਕਿਰਨਜੀਤ ਕਸ਼ਮੀਰ ਵਿਰਕ ਆਦਿ ਲੋਕ ਗਾਇਕਾਂ ਨੇ ਆਪਣੀ ਗਾਇਕੀ ਦਾ ਲੋਹਾ ਵੀ ਮਨਵਾਇਆ। ਨਿਰਦੇਸ਼ਕ ਇੰਦਰਜੀਤ ਦਿਉਲ ਨੇ ਬਲਵਿੰਦਰਬੀਰ ਅਤੇ ਗੁਰਵਿੰਦਰ ਵਿਰਕ ਦੇ ਸਾਥ ਨਾਲ ਰਾਣੀਆ ਦੀ ਮਸ਼ਹੂਰ ਭੰਗੜਾ ਟੀਮ ਦੀ ਪੇਸ਼ਕਾਰੀ ਤੋਂ ਦਰਸ਼ਕਾਂ ਨੂੰ ਇਸ ਪ੍ਰਸਿੱਧ ਲੋਕਨਾਚ ਦੇ ਰੰਗ ਵਿਚ ਰੰਗ ਦਿੱਤਾ। ਮੰਚ ਸੰਚਾਲਨ ਬਲਰਾਜ ਸਿੰਘ ਬਣੀ ਨੇ ਕੀਤਾ।

ਸਾਰਾ ਦਿਨ ਚੱਲਣ ਵਾਲੇ ਮੇਲੇ ਦੇ ਸਹਿਯੋਗੀਆਂ ਦੇ ਰੂਪ ਵਿਚ ਹਾਜ਼ਰੀ ਵਿਚ ਸ਼ਾਮਿਲ ਸਨ—ਕਿਸਾਨ ਨੇਤਾ ਜਸਵੰਤ ਸਿੰਘ ਜੋਸ਼, ਜੈ ਚੰਦ ਸਹਾਰਵੀ, ਲਛਮਣ ਸਿੰਘ ਸ਼ਖਾਵਤ, ਮਾ. ਸੰਪੂਰਨ ਸਿੰਘ, ਮੁਖਤਿਆਰ ਸਿੰਘ ਲੰਬੜਦਾਰ, ਪੰਜਾਬੀ ਕਵੀ ਹਰਭਜਨ ਸਿੰਘ ਰੈਣੂ, ਵਰਿਆਮ ਪਿਆਸਾ, ਸ. ਗੁਰਦਿਆਲ ਸਿੰਘ ਪ੍ਰੀਤ, ਡਾ. ਕਸ਼ਮੀਰ ਸਿੰਘ, ਸਵਰਨ ਸਿੰਘ ਚੀਮਾ, ਮੰਗਲ ਸਿੰਘ ਫਾਜਲ ਵਕੀਲ, ਲੇਖ ਰਾਜ ਘੋਟ, ਮੁਲਖ ਰਾਜ ਵਕੀਲ, ਗੁਰਤੇਜ ਬਰਾੜ ਅਤੇ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਦੇਵ ਜੋਸ਼, ਸਕੱਤਰ ਕਰਨ ਸ਼ਖਾਵਤ, ਹਰਜਿੰਦਰ ਭੰਗੂ, ਰਤਨ ਰੰਧਾਵਾ, ਬਲਰਾਜ ਪੂਣੀਆ, ਬਲਜੀਤ ਬਰਾੜ, ਗੁਰਮੀਤ ਘੁਮਣ, ਮੋਹਣ ਸਿੰਘ ਫੌਜੀ, ਮੋਹਣ ਸਿੰਘ ਪਟਿਆਲਾ, ਜਗਜੀਤ ਵਿਰਕ, ਬਾਵਾ ਸਿੰਘ, ਮੰਟੂ ਗਿੱਲ, ਰਾਣਾ ਚੀਮਾ ਗੁਰਸੇਵਕ, ਮਨਦੀਪ ਗੋਲਡੀ, ਹਰਜਿੰਦਰ ਰਾਣੀਆ, ਦਵਿੰਦਰ ਸਿੰਘ, ਜੱਸਾ ਚੀਮਾ, ਬਿੱਟੂ, ਨਿਸ਼ਾਨ ਚੰਦੀ, ਸਾਹਿਲ ਚੱਕਰਵਤੀ, ਬੱਬੂ ਪੋਪਲੀ, ਰਾਜਾ ਬਰਾੜ, ਸ਼ੇਰਾ ਕਾਹਲੋਂ, ਬਲਬੀਰ ਜੰਡੂ, ਗਮ ਦੂਰ ਸਿੰਘ, ਨਿਰਮਲ ਸਿੰਘ, ਸਰਦਾਰ ਗਿਰੀ ਆਦਿ।

## 'ਵਿਰਸਾ ਪੰਜਾਬ ਦਾ' ਰੀਲੀਜ਼

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ, ਡਾ. ਕ੍ਰਿਪਾਲ ਸਿੰਘ ਔਲਖ ਨੇ ਪੀ.ਏ.ਯੂ. ਸਾਹਿਤ ਸਭਾ ਵਲੋਂ ਪ੍ਰਸਿੱਧ ਵਿਦਵਾਨ ਅਤੇ ਸੱਭਿਆਚਾਰ ਖੋਜੀ, ਡਾ. ਗੁਰਚਰਨ ਸਿੰਘ ਮੋਹੇ ਦੀ ਪੁਸਤਕ 'ਵਿਰਸਾ ਪੰਜਾਬ ਦਾ' ਬਾਰੇ ਕਰਵਾਏ ਗਏ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮੀਰ ਪੰਜਾਬੀ ਵਿਰਸੇ ਦੀਆਂ ਪੈੜਾਂ ਸਿਰਫ ਪੰਜ ਦਰਿਆਵਾਂ ਦੀ ਧਰਤੀ ਤੋਂ ਹੀ ਪਛਾਨਣ ਦੀ ਲੋੜ ਨਹੀਂ ਸਗੋਂ ਇਹ ਪੰਜਾਬੀ ਕਿਸ ਕਿਸ ਧਰਤੀ ਤੋਂ ਕਿਹੜੀ ਕਿਹੜੀ ਖੂਬਸੂਰਤ ਜੀਵਨ ਜਾਚ, ਦਲੇਰੀ, ਦਰਿਆਦਿਲੀ, ਸੰਕਟ ਦੀ ਘੜੀ ਆਤਮ-ਵਿਸ਼ਵਾਸ ਨਾਲ ਡਟਣ ਦੀ ਜੁਰੱਤ ਅਤੇ ਕਿਸੇ ਦੇ ਕੰਮ ਆ ਸਕਣ ਦੀ ਜਾਚ ਲੈ ਕੇ ਆਏ, ਇਹ ਵੀ ਵਿਦਵਾਨਾਂ ਨੇ ਹੀ ਆਮ ਲੋਕਾਂ ਨੂੰ ਦੱਸਣਾ ਹੈ। ਉਹਨਾਂ ਨੇ ਕਿਹਾ ਕਿ ਭਾਵੇਂ ਇਹ ਵਿਸ਼ਾ ਭਾਸ਼ਾ ਗਿਆਨ ਨਾਲ ਸਿੱਧਾ ਸਬੰਧ ਰੱਖਦਾ ਹੈ, ਪਰ ਸਭਿਆਚਾਰ ਦੇ ਵਿਕਾਸ ਵਿਚ ਮਨੁੱਖ ਹੀ ਮੁੱਖ ਵਿਸ਼ਾ ਹੁੰਦਾ ਹੈ ਅਤੇ ਇਸ ਮਨੁੱਖ ਦੀ ਵਿਕਾਸਰੇਖਾ ਦੇ ਅਧਾਰ ਤੇ ਹੀ ਅਸੀਂ ਕਿਸੇ ਖਿੱਤੇ ਦੀ ਮਹਾਨਤਾ ਬਾਰੇ ਜਾਣ ਸਕਦੇ ਹਾਂ। ਉਹਨਾਂ ਡਾ. ਮੋਹੇ ਦੀ ਪ੍ਰਸੰਸਾ ਕਰਦਿਆਂ ਕਿਹਾ, ਕਿ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿਚੋਂ ਉੱਚ ਪਦ ਤੋਂ ਸੇਵਾ ਮੁਕਤ ਹੋ ਕੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਿਰਫ ਪੰਜਾਬ ਦੇ ਖੇਤੀ ਵਿਕਾਸ ਨੂੰ ਹੀ ਉਤਸ਼ਾਹਿਤ ਨਹੀਂ ਕੀਤਾ, ਸਗੋਂ ਉਸ ਨੇ ਸਾਹਿਤਿਕ ਅਤੇ ਭਾਸ਼ਾ ਵਿਕਾਸ ਵਿਚ ਭੀ ਗਿਣੇ ਜਾਣ ਯੋਗ ਹਿੱਸਾ ਪਾਇਆ ਹੈ। ਡਾ. ਔਲਖ ਨੇ ਕਿਹਾ ਕਿ ਸਰਲ ਅਤੇ ਸਪੱਸ਼ਟ ਭਾਸ਼ਾ ਵਿਚ ਲਿਖਣ ਵਾਲੇ ਲੇਖਕ ਹੀ ਪਾਠਕਾਂ ਨਾਲ ਪਾਏਦਾਰ ਰਿਸ਼ਤਾ ਕਾਇਮ ਕਰ ਸਕਦੇ ਹਨ


Namdhari Elibrary NamdhariElibrary@gmail.com

ਅਤੇ ਇਸ ਪੁਸਤਕ ਦੀ ਭਾਸ਼ਾ ਸਰਲ ਅਤੇ ਭਾਵਪੂਰਤ ਹੋਣ ਕਰਕੇ ਇਹ ਨਵੀਂ ਪੀੜ੍ਹੀ ਲਈ ਪਥ-ਪਰਦਰਸ਼ਕ ਹੋਵੇਗੀ।

ਇਸ ਪੁਸਤਕ ਅਤੇ ਲੇਖਕ ਡਾ. ਗੁਰਚਰਨ ਸਿੰਘ ਮੋਹੇ ਬਾਰੇ ਜਾਣਕਾਰੀ ਪੰਜਾਬੀ ਸਾਹਿਤ ਅਕੈਡਮੀ ਦੇ ਮੀਤ ਪ੍ਰਧਾਨ ਗੁਰਭਜਨ ਗਿੱਲ ਨੇ ਦਿੱਤੀ। ਪੀ.ਏ.ਯੂ. ਸਾਹਿਤ ਸਭਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ 'ਵਿਰਸਾ ਪੰਜਾਬ ਦਾ' ਪੁਸਤਕ ਦੀ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਇਸ ਪੁਸਤਕ ਦੀ ਭਾਸ਼ਾ, ਸ਼ੈਲੀ ਅਤੇ ਨਿੱਕੇ ਨਿੱਕੇ ਵਾਕਾਂ ਦੀ ਖ਼ੂਬਸੂਰਤੀ ਸ਼ਲਾਘਾਯੋਗ ਹੈ। ਹੋਮ ਸਾਇੰਸ ਕਾਲਜ ਦੀ ਡੀਨ ਡਾ. ਮਨਜੀਤ ਕੌਰ ਢਿੱਲੋਂ ਨੇ ਇਸ ਪੁਸਤਕ ਦੀਆਂ ਪੰਜ ਕਾਪੀਆਂ ਮੌਕੇ ਤੇ ਲਾਇਬਰੇਰੀ ਲਈ ਖਰੀਦ ਲਈਆਂ।

ਇਸ ਮੌਕੇ ਤੇ ਕੇਂਦਰੀ ਲੇਖਕ ਸਭਾ ਦੇ ਜਨਰਲ ਸਕੱਤਰ ਸ੍ਰੀ ਮਹਿੰਦਰਦੀਪ ਗਰੇਵਾਲ, ਸਿਰਜਨਧਾਰਾ ਦੇ ਪ੍ਰਧਾਨ ਸ੍ਰੀ ਕਰਮਜੀਤ ਸਿੰਘ ਔਜਲਾ, ਕੁਲਵੰਤ ਜਗਰਾਉਂ, ਗੁਰਸ਼ਰਨ ਸਿੰਘ ਨਰੂਲਾ, ਡਾ. ਰਸ਼ਪਾਲ ਸਿੰਘ ਬਾਠ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਕ ਬੀਜ ਡਾ. ਜਸਬੀਰ ਸਿੰਘ ਸਮਰਾ, ਪੰਜਾਬੀ ਕਵੀ ਸੁਰਜੀਤ ਜੱਜ, ਡਾ. ਜਗਤਾਰ ਧੀਮਾਨ, ਸੁਖਦੇਵ ਸਿੰਘ, ਕਹਾਣੀਕਾਰ ਗੁਰਚਰਨ ਕੌਰ ਥਿੰਦ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਅਮਰਜੀਤ ਕੌਰ ਖੋਖਰ, ਡਾ. ਜਸਵਿੰਦਰ ਕੌਰ ਸੰਘਾ, ਡਾ. ਸੁਰਜੀਤ ਭਦੌੜ, ਡਾ. ਹਰਵਿੰਦਰ ਸਿੰਘ ਰੰਧਾਵਾ, ਹਰਭਜਨ ਸਿੰਘ ਫੱਲੇਵਾਲਵੀ ਸਮੇਤ ਕਈ ਸਿਰਕੱਢ ਲੇਖਕ ਹਾਜ਼ਰ ਸਨ।

ਪੁਸਤਕ ਦੇ ਲੇਖਕ ਡਾ. ਗੁਰਚਰਨ ਸਿੰਘ ਮੋਹੇ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਮਾਣਮੱਤੀ ਵਿਰਾਸਤ ਦੀ ਪੁਣਛਾਣ ਅਤੇ ਵਿਆਖਿਆ ਦੀ ਇਸ ਕਰਕੇ ਅੱਜ ਵਧੇਰੇ ਲੋੜ ਹੈ ਕਿਉਂਕਿ ਨਵੀਂ ਪੀੜ੍ਹੀ ਨਾਲ ਇਸ ਦੀ ਸਾਂਝ ਵਧਾਉਣ ਲਈ ਇਹ ਬੇਹੱਦ ਜ਼ਰੂਰੀ ਹੈ। ਪੰਜਾਬੀ ਦੇ ਨਾਮਵਰ ਕਵੀ ਕੁਲਵੰਤ ਜਗਰਾਉਂ ਨੇ ਧੰਨਵਾਦ ਦੇ ਸ਼ਬਦ ਕਹੇ।

## ਲਿਖਾਰੀ ਸਭਾ ਜਗਤਪੁਰ ਰਜਿ: ਵਲੋਂ ਕਵੀ ਦਰਬਾਰ ਤੇ ਸਨਮਾਨ ਸਮਾਰੋਹ

ਲਿਖਾਰੀ ਸਭਾ ਜਗਤਪੁਰ (ਰਜਿ.) ਵਲੋਂ ਬੀਤੇ ਦਿਨੀਂ ਫੁੱਲਾਂ, ਬੂਟਿਆਂ ਫਸਲਾਂ ਤੇ ਵਾਤਾਵਰਨ ਨੂੰ ਸਮਰਪਿਤ ਇਕ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਚੌਧਰੀ ਸੰਤੋਖ ਸਿੰਘ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਪੰਜਾਬ ਮੁੱਖ ਮਹਿਮਾਨ ਦੀ ਹੈਸੀਅਤ ਵਿਚ ਸ਼ਾਮਿਲ ਹੋਏ ਤੇ ਸਮਾਗਮ ਦੀ ਪ੍ਰਧਾਨਗੀ ਕੀਤੀ। ਡਾ. ਕਿਰਪਾਲ ਸਿੰਘ ਔਲਖ, ਉਪ-ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਜਦ ਕਿ ਡਾ. ਅਮਰੀਕ ਸਿੰਘ ਸੰਧੂ ਡਾਇਰੈਕਟਰ ਪਸਾਰ ਸਿੱਖਿਆ ਵਿਭਾਗ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਏਸ ਸ਼ਾਨਾਮਤੇ ਸਮਾਗਮ ਅੰਦਰ ਵਿਸ਼ੇਸ਼ ਮਹਿਮਾਨ ਦੀ ਹੈਸੀਅਤ ਵਿਚ ਸ਼ਾਮਿਲ ਹੋਏ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਪਿੰਡ ਜਗਤਪੁਰ 'ਚ ਸਥਿਤ ਦੋਸਾਂਝ ਖੇਤੀਬਾੜੀ ਫਾਰਮ ਵਿਚ ਉਸ ਸਥਾਨ ਤੇ ਕੀਤਾ ਗਿਆ, ਜਿਥੇ ਆਲੇ-ਦੁਆਲੇ ਦੂਰ-ਦੂਰ ਤੱਕ ਕਿਤੇ ਫਸਲਾਂ ਦੇ ਸਿਰਾਂ ਤੇ ਸਿੱਟਿਆਂ ਦੇ ਖ਼ੂਬਸੂਰਤ ਮੁਕਟ ਸਜੇ ਹੋਏ ਸਨ ਤੇ ਕਿਤੇ ਸਰ੍ਹੋਂ ਦੇ ਸੁਨਹਿਰੀ ਫੁੱਲਾਂ ਦਾ ਅਨੂਪਮ ਸੋਨਾ ਖਿਲਾਰਿਆ ਹੋਇਆ ਸੀ, ਗੇਂਦੇ, ਗਲੈਡੀਉਟਿਲਿਸ ਤੇ ਹੋਰ ਅਣਗਿਣਤ ਫੁੱਲਾਂ ਦੇ ਵੰਨ ਸੁਵੰਨੇ ਤੇ ਖ਼ੂਬਸੂਰਤ ਰੰਗਾਂ ਦੇ ਸਾਗਰ ਤੇ ਅਨੇਕਾਂ ਭੌਰਿਆਂ ਤਿਤਲੀਆਂ ਤੇ ਮਧੂਮੱਖੀਆਂ ਦੇ ਸੰਜਰੇ ਚੁੰਮਣ ਤੈਰ ਰਹੇ ਸਨ ਤੇ ਮਾਹੌਲ ਵਿਚ ਅਨੂਪਮ ਖੰਭਾਂ ਵਾਲੇ ਪੰਛੀਆਂ ਦੀਆਂ ਆਵਾਜ਼ਾਂ ਦਾ ਮਧੁਰ ਸੰਗੀਤ ਥਿਰਕ ਰਿਹਾ ਸੀ।

ਸਭ ਤੋਂ ਪਹਿਲਾਂ ਪੰਜਾਬੀ ਲੇਖਕ, ਕਿਸਾਨ ਤੇ ਸਭਾ ਦੇ ਪ੍ਰਧਾਨ ਮਹਿੰਦਰ ਸਿੰਘ ਦੋਸਾਂਝ ਨੇ ਸਮਾਗਮ ਵਿਚ ਆਏ ਸਾਰੇ ਲੋਕਾਂ ਨੂੰ ਜੀ ਆਇਆਂ ਆਖਿਆ ਤੇ ਚੌਧਰੀ ਸੰਤੋਖ ਸਿੰਘ, ਡਾ. ਕਿਰਪਾਲ ਸਿੰਘ ਔਲਖ ਤੇ ਡਾ. ਅਮਰੀਕ ਸਿੰਘ ਸੰਧੂ ਦੀ ਸੰਖੇਪ ਜਾਣ ਪਛਾਣ ਕਰਵਾਈ ਤੇ ਲਿਖਾਰੀ ਸਭਾ ਜਗਤਪੁਰ (ਰਜਿ.) ਦਾ ਪਿਛਕੋੜ ਦੱਸ ਕੇ ਵਰਤਮਾਨ ਵਿਚ ਸਭਾ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਦੋਸਾਂਝ ਨੇ ਆਪਣੇ ਭਾਸ਼ਨ ਵਿਚ ਏਸੇ ਸਦੀ ਦੇ ਪਹਿਲੇ ਅੱਧ ਵਿਚ ਵਿਨਾਸ਼ਕਾਰੀ ਭੌਤਕ ਪ੍ਰਵਿਰਤੀਆਂ ਵਲ ਸੰਕੇਤ ਕਰਦਿਆਂ ਦੱਸਿਆ ਕਿ ਗਰੀਨ ਹਾਊਸ ਪ੍ਰਭਾਵ ਦੀ ਪਰਤ ਹੇਠ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਰਾਹੀਂ ਤੇਜ਼ੀ ਨਾਲ ਭੰਡਾਰ ਹੋ ਰਹੀ ਮਾਰੂ ਗਰਮੀ ਨਾਲ ਤੇ ਓਜ਼ੋਨ ਲੇਅਰ ਦੇ ਪਤਲੇ ਪੈਣ ਨਾਲ ਧਰਤੀ ਤੇ ਜੋ ਭਿਆਨਕ ਨਤੀਜੇ ਨਿਕਲਣਗੇ ਉਨ੍ਹਾਂ ਨਾਲ ਨਜਿੱਠਣ ਲਈ ਪੰਜਾਬੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ, ਤੇ ਧਰਤੀ ਨੂੰ ਫੁੱਲਾਂ ਬੂਟਿਆਂ ਨਾਲ ਹਰਿਆ ਭਰਿਆ ਰੱਖਣ ਲਈ ਲੋਕਾਂ ਦੇ ਮਨਾਂ 'ਚ ਉਤਸ਼ਾਹ ਤੇ ਪ੍ਰੇਰਨਾ ਉਤਪੰਨ ਕਰਨੀ ਚਾਹੀਦੀ ਹੈ।

ਸਮਾਗਮ ਦੇ ਮੁੱਖ ਮਹਿਮਾਨ ਚੌਧਰੀ ਸੰਤੋਖ ਸਿੰਘ ਨੇ ਪੰਜਾਬੀ ਲੇਖਕਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਭਰੂਣ ਹੱਤਿਆ, ਅਨੈਤਿਕਤਾ ਅਤੇ ਹੋਰ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਆਪਣੀਆਂ ਕਲਮਾਂ ਦੀ ਵਰਤੋਂ ਕਰਨ। ਉਨ੍ਹਾਂ ਨੇ ਲਿਖਾਰੀ ਸਭਾ ਜਗਤਪੁਰ (ਰਜਿ.) ਵਲੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਸੇਵਾ ਲਈ ਪੇਂਡੂ ਖੇਤਰਾਂ 'ਚ ਨਿਰੰਤਰ ਕੀਤੀ ਚਾਲੀ ਸਾਲਾਂ ਤੋਂ ਵੀ ਵੱਧ ਲੰਮੀ ਸ਼ਾਨਦਾਰ ਯਾਤਰਾ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਏਸ ਲਈ ਮਾਣ ਮਹਿਸੂਸ ਕੀਤਾ ਕਿ ਸਭਾ ਦੇ ਪ੍ਰਧਾਨ ਮਹਿੰਦਰ ਸਿੰਘ ਦੋਸਾਂਝ ਨੇ ਖੇਤੀ



Namdhari Elibrary NamdhariElibrary@gmail.com

ਉਤਪਾਦਨ ਤੇ ਸਾਹਿਤ-ਸਿਰਜਣਾ ਦੇ ਸੁਮੇਲ ਰਾਹੀਂ ਪੰਜਾਬ ਦਾ ਵਿਸ਼ਵ ਭਰ ਵਿਚ ਨਾਮ ਉੱਚਾ ਕੀਤਾ ਹੈ ਤੇ ਕਿਹਾ ਕਿ ਵਿਲੱਖਣ ਫਲਾਂ, ਫੁੱਲਾਂ, ਬੂਟਿਆਂ ਤੇ ਫਸਲਾਂ ਦੀ ਹਰਿਆਵਲ ਨਾਲ ਭਰੇ ਏਸ ਖੂਬਸੂਰਤ ਵਾਤਾਵਰਨ ਵਿਚ ਤੇ ਏਸ ਵਿਲੱਖਣ ਤੇ ਸ਼ਾਨਦਾਰ ਸਮਾਗਮ ਵਿਚ ਸ਼ਾਮਿਲ ਹੋ ਕੇ ਮੈਨੂੰ ਪ੍ਰਸੰਨਤਾ ਹੋਈ ਹੈ।

ਏਸ ਸਮਾਗਮ ਵਿਚ ਡਾ. ਰਣਜੀਤ ਸਿੰਘ ਨੂੰ ਵਧੀਆ ਗਲਪ ਲਈ, ਸ੍ਰੀ ਗੁਰਭਜਨ ਗਿੱਲ ਨੂੰ ਖੂਬਸੂਰਤ ਕਾਵਿ: ਸਿਰਜਣ ਲਈ ਤੇ ਸ੍ਰੀ ਪਰਦੁਮਨ ਸਿੰਘ ਬੇਦੀ ਨੂੰ ਉੱਚਤਮ ਪ੍ਰਕਾਸ਼ਨ ਤੇ ਸੰਪਾਦਨ ਲਈ ਵਾਰਸ਼ਿਕ ਪੁਰਸਕਾਰ ਪ੍ਰਦਾਨ ਕੀਤੇ ਗਏ। ਇਹ ਪੁਰਸਕਾਰ ਸ. ਗੁਰਚੈਨ ਸਿੰਘ ਢੀਂਡਸਾ ਨੇ ਆਪਣੀ ਮਾਤਾ ਗੁਰਮੀਤ ਕੌਰ, ਸ. ਅਮਰੀਕ ਸਿੰਘ ਢੀਂਡਸਾ ਨੇ ਆਪਣੇ ਬਾਪ ਸ. ਚੰਨਣ ਸਿੰਘ ਤੇ ਸ. ਕਰਮਪਾਲ ਸਿੰਘ ਸਹੋਤਾ ਨੇ ਆਪਣੇ ਬਜ਼ੁਰਗਾਂ ਦੀਆਂ ਸਿਮਰਤੀਆਂ ਲਈ ਸਪਾਂਸਰ ਕੀਤੇ ਹਨ। ਇਨਾ ਪੁਰਸਕਾਰਾਂ ਵਿਚ ਇਕੱਤੀ ਇਕੱਤੀ ਸੌ ਰੁਪਏ ਦੀ ਨਕਦ ਰਾਸ਼ੀ, ਸ਼ਾਲ ਤੇ ਸਾਈਟੇਸ਼ਨਾਂ ਸ਼ਾਮਿਲ ਸਨ। ਸਾਈਟੇਸ਼ਨਾਂ ਪੜ੍ਹਨ ਦਾ ਕੰਮ ਸ. ਸੀਤਲ ਸਿੰਘ ਬੜਿੰਗ, ਸ੍ਰੀ ਹਰਬੰਸ ਹੀਉਂ ਤੇ ਸ. ਬਲਦੇਵ ਸਿੰਘ ਢੀਂਡਸਾ ਨੇ ਕੀਤਾ।

ਏਸ ਸਮੇਂ ਫਲਾਂ, ਫੁੱਲਾਂ, ਫਸਲਾਂ ਤੇ ਵਾਤਾਵਰਣ ਨੂੰ ਸਮਰਪਿਤ ਇਕ ਖੂਬਸੂਰਤ ਕਵੀ ਦਰਬਾਰ ਵੀ ਹੋਇਆ, ਜਿਸ ਵਿਚ ਸ੍ਰੀ ਗੁਰਭਜਨ ਗਿੱਲ, ਸ. ਕੁਲਵੰਤ ਜਗਰਾਉਂ, ਪ੍ਰੋ. ਰਾਵਿੰਦਰ ਭੱਠਲ, ਗੁਰਚਰਨ ਬੱਧਣ, ਰਾਮ ਸਰਨ ਜੋਸ਼ੀਲਾ, ਹਰਬੰਸ ਕੈਂਥ ਤੇ ਮਹਿੰਦਰ ਸਿੰਘ ਦੋਸਾਂਝ ਨੇ ਆਪੋ-ਆਪਣੀਆਂ ਸ਼ਾਨਦਾਰ ਤੇ ਅਰਥ ਪੂਰਨ ਕਵਿਤਾਵਾਂ ਸੁਣਾ ਕੇ ਸਰੋਤਿਆਂ ਦੇ ਜਜ਼ਬਾਤਾਂ ਨੂੰ ਜਿਵੇਂ ਹਲੂਣ ਕੇ ਰੱਖ ਦਿੱਤਾ।

ਏਸ ਸਮੇਂ ਚੌਧਰੀ ਸੰਤੋਖ ਸਿੰਘ ਨੇ ਜਿਥੇ ਇਲਾਕੇ ਦੇ ੧੫ ਪਿੰਡਾਂ ਦੇ ਸਕੂਲਾਂ ਲਈ ਸੱਤ ਸੱਤ ਹਜ਼ਾਰ ਰੁਪਏ ਦੇ ਚੈੱਕ ਡਾ. ਕਿਰਪਾਲ ਸਿੰਘ ਔਲਖ ਉਪ-ਕੁਲਪਤੀ ਪੀ.ਏ.ਯੂ. ਦੇ ਹੱਥੀਂ ਪ੍ਰਦਾਨ ਕਰਵਾਏ, ਉਥੇ ਲਿਖਾਰੀ ਸਭਾ ਜਗਤਪੁਰ ਦੀਆਂ ਸ਼ਾਨਦਾਰ ਸਾਹਿਤਕ ਸਰਗਰਮੀਆਂ ਤੋਂ ਖੁਸ਼ ਹੋ ਕੇ ਸਭਾ ਨੂੰ ਆਪਣੇ ਅਖਤਿਆਰੀ ਫੰਡ ਚੋਂ ੫੧ ਹਜ਼ਾਰ ਰੁਪਏ ਦੇਣ ਦਾ ਹੈਰਾਨੀਜਨਕ ਐਲਾਨ ਵੀ ਕੀਤਾ।

ਏਸ ਸਮਾਗਮ ਅੰਦਰ ਮੁਖ ਮਹਿਮਾਨ ਦੀ ਹੈਸੀਅਤ ਵਿਚ ਆਏ ਉੱਘੇ ਫਲ ਵਿਗਿਆਨੀ ਡਾ. ਅਮਰੀਕ ਸਿੰਘ ਡਾਇਰੈਕਟਰ ਪਸਾਰ ਸਿਖਿਆ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਕਿਹਾ ਕਿ ਅਸੀਂ ਹੁਣ ਤੱਕ ਖੇਤੀ ਵਿਗਿਆਨ ਨਾਲ ਹੀ ਜੁੜੇ ਰਹੇ ਹਾਂ ਪਰ ਅੱਜ ਦੇ ਏਸ ਖੂਬਸੂਰਤ ਸਮਾਗਮ ਵਿਚ ਸ਼ਾਮਿਲ ਹੋ ਕੇ ਮੇਰੇ ਮਨ 'ਚ ਆਪ ਮੁਹਾਰੇ ਇਹ ਇੱਛਾ ਉਤਪੰਨ ਹੋਈ ਹੈ ਕਿ "ਕਾਸ਼ ਮੈਂ ਕਿਤੇ ਇਕ ਕਵੀ ਹੁੰਦਾ।" ਉਹਨਾਂ ਨੇ ਪਹਿਲੀ ਵਾਰ ਏਥੇ ਆਏ ਲੇਖਕਾਂ ਤੇ ਸਰੋਤਿਆਂ ਨੂੰ ਕਿਹਾ ਕਿ ਤੁਸੀਂ ਦੋਸਾਂਝ ਦੇ ਏਸ ਫਾਰਮ ਹਾਊਸ ਦੇ ਪਰਲੇ ਪਾਸੇ ਉਨ੍ਹਾਂ ਵਲੋਂ ਲਾਇਆ ਫਲਾਂ, ਫੁੱਲਾਂ ਤੇ ਨਵੀਆਂ ਫਸਲਾਂ ਦਾ ਇਕ ਬਹੁਤ ਖੂਬਸੂਰਤ ਗਾਰਡਨ ਵੇਖੋਗੇ ਤਾਂ ਤੁਹਾਡੇ ਮਨਾਂ 'ਚ ਮੱਲੋਮੱਲੀ ਕੁਝ ਕਹਿਣ ਲਈ ਜਾਂ ਲਿਖਣ ਲਈ ਨਵੇਂ ਵਿਚਾਰ ਉਤਪੰਨ ਹੋਣਗੇ।"

ਸਮਾਗਮ ਦੇ ਪ੍ਰਧਾਨ ਡਾ. ਕਿਰਪਾਲ ਸਿੰਘ ਔਲਖ ਜੋ ਠਰੰਮੇ ਤੇ ਵਿਸ਼ਾਲ ਹਿਰਦੇ ਨਾਲ ਸਾਰੇ ਸਮਾਗਮ ਵਿਚ ਰੱਚੇ ਰਹੇ, ਨੇ ਅਜਿਹਾ ਵਿਲੱਖਣ ਤੇ ਖੂਬਸੂਰਤ ਸਾਹਿਤਕ ਮੇਲਾ ਜੋੜਨ ਲਈ ਲਿਖਾਰੀ ਸਭਾ ਜਗਤਪੁਰ (ਰਜਿ.) ਦੀ ਸ਼ਲਾਘਾ ਕੀਤੀ ਅਤੇ ਲੇਖਕਾਂ ਨੂੰ ਸਮਾਜਿਕ ਕੁਰੀਤੀਆਂ, ਨਸ਼ਿਆਂ ਤੇ ਭਰੂਣ ਹੱਤਿਆ ਵਿਰੁੱਧ ਕਲਮਾਂ ਚੁੱਕਣ ਲਈ ਪ੍ਰੇਰਨਾ ਦਿੱਤੀ, ਤੇ ਪੰਜਾਬ 'ਚ ਲੜਕੀਆਂ ਦੀ ਜਨਮ ਦਰ ਤੇਜ਼ੀ ਨਾਲ ਘਟਣ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਜਿਥੇ ਪੰਜਾਬ ਅੰਦਰ ਕਿਸਾਨਾਂ ਵਲੋਂ ਹੱਥੀਂ ਕੰਮ ਕਰਨ ਦੀ ਆਦਤ ਤਿਆਗਣ ਤੇ ਦੁੱਖ ਪ੍ਰਗਟ ਕੀਤਾ ਉਥੇ ਲੇਖਕਾਂ ਨੂੰ ਜ਼ੋਰ ਦੇ ਕੇ ਆਖਿਆ ਕਿ ਏਸੇ ਵੇਲੇ ਪੰਜਾਬ 'ਚ ਫੋਕੇ ਵਿਖਾਵਿਆਂ ਦੇ ਤੇਜ਼ੀ ਨਾਲ ਵਧ ਰਹੇ ਰੁਝਾਨ ਨੂੰ ਨੱਥ ਪਾਉਣ ਵਾਸਤੇ ਵੀ ਲਿਖਣ ਲਈ ਅੱਗੇ ਆਓ।

ਡਾ. ਔਲਖ ਨੇ ਇਕ ਖੂਬਸੂਰਤ ਤੇ ਖੁਸ਼ਹਾਲ ਪੰਜਾਬ ਦੀ ਸਿਰਜਣਾ ਲਈ ਪੰਜਾਬੀਆਂ ਨੂੰ ਸਰੀਰਕ ਤੇ ਮਾਨਸਿਕ, ਦੋਵਾਂ ਪੱਖਾਂ ਤੋਂ ਆਪਣੀਆਂ ਲਿਖਤਾਂ ਰਾਹੀਂ ਤਿਆਰ ਬਰ ਤਿਆਰ ਕਰਨ ਲਈ ਜ਼ਿੰਮੇਵਾਰੀ ਦਾ ਅਹਿਸਾਸ ਵੀ ਲੇਖਕਾਂ ਨੂੰ ਕਰਵਾਇਆ। ਏਸ ਸਮੇਂ ਸਭਾ ਵਲੋਂ ਚੌਧਰੀ ਸੰਤੋਖ ਸਿੰਘ, ਡਾ. ਕਿਰਪਾਲ ਸਿੰਘ ਔਲਖ ਡਾ. ਅਮਰੀਕ ਸਿੰਘ ਸੰਧੂ, ਸ੍ਰੀ ਰਾਹੁਲ ਵਿਕਰਮ ਜ਼ਿਲ੍ਹਾ ਸਿੱਖਿਆ ਅਫਸਰ ਨਵਾਂਸ਼ਹਿਰ ਤੇ ਪੁਰਸਕਾਰ ਸਪਾਂਸਰ ਕਰਨ ਵਾਲੇ ਸੱਜਣਾਂ ਦਾ ਵਿਸ਼ੇਸ਼ ਅਭਿਨੰਦਨ ਵੀ ਕੀਤਾ ਗਿਆ।

ਅੰਤ ਵਿਚ ਸਭਾ ਦੇ ਮੁੱਖ ਸਕੱਤਰ ਸ. ਬਲਦੇਵ ਸਿੰਘ ਢੀਂਡਸਾ ਨੇ ਏਸ ਸਮਾਗਮ ਬਾਰੇ ਸਭਾ ਦੀ ਭਾਵਨਾ ਤੋਂ ਸਾਰਿਆਂ ਨੂੰ ਜਾਣੂੰ ਕਰਵਾਇਆ ਤੇ ਪੁਰਸਕਾਰ ਸਪਾਂਸਰ ਕਰਨ ਵਾਲੇ ਸੱਜਣਾਂ ਦੀ ਜਾਣ ਪਛਾਣ ਕਰਵਾਈ। ਮਾ. ਬਖਤਾਵਰ ਸਿੰਘ ਗਿੱਲ ਨੇ ਪਿੰਡ ਜਗਤਪੁਰ ਤੇ ਦੋਸਾਂਝ ਫਾਰਮ ਦੀਆਂ ਗੌਰਵਮਈ ਰਵਾਇਤਾਂ ਦਾ ਜ਼ਿਕਰ ਕਰਕੇ ਸਮਾਗਮ ਵਿਚ ਆਏ ਤੇ ਸਮਾਗਮ ਲਈ ਸਹਿਯੋਗ ਦੇਣ ਵਾਲੇ ਸਾਰੇ ਸੱਜਣਾਂ ਦਾ ਬਹੁਤ ਹੀ ਭਾਵ ਪੂਰਤ ਸ਼ਬਦਾਂ ਰਾਹੀਂ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਕਾਰਵਾਈ ਸਭਾ ਦੇ ਸਕੱਤਰ ਅਮਰੀਕ ਸਿੰਘ ਢੀਂਡਸਾ ਨੇ ਸਲੀਕੇ ਨਾਲ ਨਿਭਾਈ।



Namdhari Elibrary NamdhariElibrary@gmail.com

## ਪਾਕਿਸਤਾਨੀ ਸ਼ਾਇਰ ਅਸ਼ਰਫ਼ ਗਿੱਲ ਨਾਲ ਰੂਬਰੂ ਤੇ ਮੁਸ਼ਾਇਰਾ

ਕਵਿਤਾ ਕੇਂਦਰ (ਰਜਿ:) ਚੰਡੀਗੜ੍ਹ ਦਾ ਮਾਸਿਕ ਇਕੱਤਰਤਾ ਰੈਡਕਰਾਸ ਭਵਨ ਸੈਕਟਰ ੧੬ ਵਿਖੇ ਸ੍ਰੀ ਮਨਮੋਹਨ ਦੋਸਤ ਦੀ ਪ੍ਰਧਾਨਗੀ ਵਿੱਚ ਹੋਈ ਸਭਾ ਵਿੱਚ ਪਾਕਿਸਤਾਨ ਦੇ ਮਸ਼ਹੂਰ ਗ਼ਜ਼ਲਗੋ ਜਨਾਬ ਅਸ਼ਰਫ਼ ਗਿੱਲ ਨੇ ਵੀ ਸ਼ਮੂਲੀਅਤ ਕੀਤੀ। ਸ਼ੁਰੂਆਤ ਵਿੱਚ ਜਨਰਲ ਸਕੱਤਰ ਕਰਮ ਸਿੰਘ ਵਕੀਲ ਨੇ ਜਨਾਬ ਅਸ਼ਰਫ਼ ਗਿੱਲ ਨਾਲ ਹਾਜ਼ਰੀਨ ਦਾ ਤੁਆਰਫ਼ ਕਰਵਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜਨਮ ਗੁਜਰਾਂਵਾਲਾ ਪਾਕਿਸਤਾਨ ਹੋਇਆ। ਉਨ੍ਹਾਂ ਬੀ.ਏ. ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਕੀਤੀ। ਫਾਜ਼ਲ ਫਾਰਸੀ ਕੀਤੀ। ੨੦ ਸਾਲ ਪਾਕਿਸਤਾਨ ਦੇ ਯੂਨਾਇਟਿਡ ਬੈਂਕ 'ਚ ਨੌਕਰੀ ਕੀਤੀ, ਫੇਰ ਕੈਲੀਫੋਰਨੀਆ ਚਲੇ ਗਏ। ਉਨ੍ਹਾਂ ਨੂੰ ਸਾਹਿਰ ਲੁਧਿਆਣਵੀ ਦੀ ਸ਼ਾਇਰੀ ਤੋਂ ਪ੍ਰੇਰਣਾ ਮਿਲੀ। ਉਨ੍ਹਾਂ ੧੯੬੮ 'ਚ ਲਿਖਣਾ ਸ਼ੁਰੂ ਕਰਕੇ ਤੋਤਲੇ ਬੋਲ, ਕੁਰਲਾਉਂਦੀ ਤਾਨ, ਵਫ਼ਾ ਕਿਉਂ ਨਹੀਂ ਮਿਲਤੀ, ਜੀਵਨ ਰੁੱਤ ਕੰਡਿਆਲੀ ਤੇ ਚਲੋ ਇਕ ਸਾਥ ਚਲਤੇ ਹੈਂ, ਸਾਹਿਤ ਜਗਤ ਦੀ ਝੋਲੀ ਪਾਈਆਂ। ਉਹ ਮਿਰਜ਼ਾ ਗ਼ਾਲਿਬ, ਫੈਜ਼ ਅਹਿਮਦ ਫੈਜ਼, ਮੀਰ ਤਕੀ ਮੀਰ ਅਤੇ ਸਾਹਿਰ ਲੁਧਿਆਣਵੀ ਦੀ ਸ਼ਾਇਰੀ ਨੂੰ ਬਹੁਤ ਪਸੰਦ ਕਰਦੇ ਹਨ। ਵਿਦੇਸ਼ 'ਚ ਸਾਹਿਤ ਨਾਲ ਜੁੜੇ ਹਨ ਤੇ ਉਨ੍ਹਾਂ ਦੀਆਂ ਗ਼ਜ਼ਲਾਂ ਰਿਕਾਰਡ ਹੋਈਆਂ ਕਈ ਕੈਸਟਾਂ ਨਿਕਲੀਆਂ ਹਨ। ਉਹ ਉਰਦੂ ਕਲਚਰਲ ਸੋਸਾਇਟੀ ਆਫ਼ ਕੈਲੀਫੋਰਨੀਆਂ ਦੇ ਐਗਜ਼ੇਕਟਿਵ ਮੈਂਬਰ ਤੇ ਕੈਲੀਫੋਰਨੀਆਂ ਸਾਹਿਤ ਸਭਾ ਦੇ ਵਿੱਤ ਸਕੱਤਰ ਹਨ।

ਰੂਬਰੂ ਦੌਰਾਨ ਅਸ਼ਰਫ਼ ਗਿੱਲ ਹੁਰਾਂ ਗ਼ਜ਼ਲਾਂ ਦੀ ਛਹਿਬਰ ਲਾ ਕੇ ਖੂਬ ਵਾਹਵਾ ਬਟੋਰੀ। ਕੁਝ ਚੁਣੀਂਦਾ ਸ਼ੇਅਰ ਇੰਜ ਸਨ :

—ਚੂਰ ਭਾਵੇਂ ਹੋ ਗਿਐ ਜ਼ੁਲਮਾਂ ਦੀਆਂ ਜ਼ਰਬਾਂ ਦੇ ਨਾਲ,
ਹੌਸਲਾ ਮੇਰਾ ਪਰ ਸੱਚ ਕਹਿਣ ਤੋਂ ਡਰਦਾ ਨਹੀਂ।
—ਦਿਲ ਮਸ਼ੀਨਾਂ ਵਾਂਗਰਾ ਤੇ ਲੋਕ ਹਥਿਆਰਾਂ ਤਰਾਂ,
ਜਿਸ ਨੂੰ ਅਸ਼ਰਫ਼ ਭਾਲਦਾ ਹੈ ਇਹ ਤੇ ਉਹ ਦੁਨੀਆ ਨਹੀਂ।
—ਇਸ ਦਿਲ ਮੇ ਜ਼ਖਮ ਮੈਨੇ ਯੂ ਹੀ ਨਹੀਂ ਸਜਾਏ,
ਦਿਲ ਮੇ ਕਭੀ ਤੋਂ ਮੇਰੇ ਯੇ ਰੌਸ਼ਨੀ ਕਰੇਂਗੇ।
—ਦੋਸਤੀ ਨੇ ਤੇਰੀ ਅਹਿਸਾਨ ਕੀਆ ਬਸ ਇਤਨਾ,
ਮੇਰੇ ਅਹਬਾਬ ਕੋ ਅੰਗਿਆਰ ਬਨਾ ਕੇ ਛੋੜਾ।

ਮੁਸ਼ਾਇਰੇ ਦੌਰਾਨ ਰਾਮ ਤੀਰਥ ਜੋਸ਼ੀ ਦਾ ਸ਼ੇਅਰ ਕੁਝ ਇੰਝ ਸੀ—

*"ਮੌਸਮ-ਏ-ਗੁਲ ਆ ਗਯਾ ਹੈ ਫੂਲ ਭੀ ਖਿਲ ਜਾਏਂਗੇ,*
*ਹਸਰਤੋਂ ਕੇ ਤੁੰਦ ਝੋਂਕੋਂ ਕੋ ਠਹਿਰ ਜਾਨੇ ਤੋ ਦੋ"*

ਜੀ. ਐਸ. ਸਿੱਧਰਾਂ ਨੇ ਹਿੰਦ ਪਾਕ ਦੀ ਸਾਂਝ ਤੇ ਗ਼ਜ਼ਲ ਕਹੀ, ਐਸ.ਐਸ.ਸਾਕੀ ਨੇ ਵਿਅੰਗ ਕੱਸਿਆ, ਕੇਵਲ ਕ੍ਰਿਸ਼ਨ ਕ੍ਰਿਸ਼ਨਪੁਰੀ ਨੇ ਨਜ਼ਮ ਕਹੀ, ਬੀ ਕੇ ਪੰਨੂ ਪ੍ਰਵਾਜ਼ ਦੀ ਉਮਦਾ ਨਜ਼ਮ ਸੀ—ਖਾਲੀ ਖਾਲੀ ਦਿਲ ਹੈ ਮੇਰਾ ਖਾਲੀ ਖਾਲੀ ਸੀ ਹੈ ਰਾਤ....। ਗੁਰਚਰਨ ਸਿੰਘ ਜੀ ਦਾ ਸ਼ੇਅਰ ਕੁਝ ਇੰਜ ਸੀ— "ਮੌਤ ਕੇ ਸਾਏ ਹੀ ਨਾ ਨਿਗਲ ਜਾਏ ਕਹੀ,, ਦੁਖਤਰੇਏ ਮੇਹਰ ਕੋ ਮਿਟਨੇ ਸੇ ਬਚਾਤੇ ਰਹੀਏ"। ਬੱਚੀ ਸੁਚੀਕਾ ਕਿੰਗਰ ਨੇ ਅਜ਼ਾਦੀ ਦਿਵਸ ਉਤੇ ਤੇ ਦੋ ਛੋਟੀਆਂ ਨਜ਼ਮਾਂ ਪੜ੍ਹ ਕੇ ਖੂਬ ਵਾਹਵਾ ਬਟੋਰੀ। ਕੇਵਲ ਮਾਣਕਪੁਰੀ ਨੇ ਤਰਨਮ 'ਚ ਗੀਤ, ਨਵੀਨ ਨੀਰ, ਮਨਮੋਹਨ ਦੋਸਤ ਤੇ ਦੇਵੀ ਦਿਆਲ ਸੈਣੀ ਨੇ ਗ਼ਜ਼ਲਾਂ ਤੇ ਕਵਿਤਾਵਾਂ ਪੜ੍ਹੀਆਂ। ਕਰਮ ਸਿੰਘ ਵਕੀਲ ਨੇ ਗ਼ਜ਼ਲ ਕਹੀ ਸ਼ੇਅਰ ਇੰਜ ਸੀ—

"ਜੁਗਨੂੰਆਂ ਦਾ ਕਾਫਿਲਾ ਬਣਾਓ ਕਿ ਰਾਤ ਬਾਕੀ ਹੈ,
ਹੱਕ ਸੱਚ ਲਈ ਅਵਾਜ਼ ਉਠਾਓ ਕਿ ਰਾਤ ਬਾਕੀ ਹੈ"

ਰਤਨ ਬਾਬਕਬਾਲਾ ਅਤੇ ਸਵਰਨਜੀਤ ਸਿੰਘ ਨੇ ਵੀ ਗੀਤ ਪੇਸ਼ ਕਰਕੇ ਵਾਹ-ਵਾ ਬਟੋਰੀ।

ਪ੍ਰਧਾਨਗੀ ਭਾਸ਼ਨ ਵਿੱਚ ਮਨਮੋਹਨ ਦੋਸਤ ਨੇ ਖਾਸ ਤੌਰ ਤੇ ਜਨਾਬ ਅਸ਼ਰਫ਼ ਗਿੱਲ ਦਾ ਤੇ ਸਾਰੇ ਆਏ ਪਤਵੰਤੇ ਸ਼ਾਇਰਾਂ ਤੇ ਸ਼ਹਿਰੀਆਂ ਦਾ ਧੰਨਵਾਦ ਕੀਤਾ। ਉਨਾਂ ਕਿਹਾ ਸਾਨੂੰ ਦੋਵੇਂ ਮੁਲਕਾਂ ਦੇ ਸਾਹਿਤਕਾਰਾਂ ਨੂੰ ਲੋਕਾਂ ਦੇ ਦਿਲਾਂ ਵਿਚੋਂ ਨੇਤਾਵਾਂ ਦੁਆਰਾ ਫੈਲਾਈ ਕੁੜੱਤਣ ਕੱਢਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਜਨਾਬ ਅਸ਼ਰਫ਼ ਗਿੱਲ ਨੇ ਕਿਹਾ ਉਨ੍ਹਾਂ ਨੂੰ ਜੋ ਪਿਆਰ ਅਤੇ ਖਲੂਸ ਕਵਿਤਾ ਕੇਂਦਰ 'ਚ ਮਿਲਿਐ, ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਨੇ। ਮੰਚ ਸੰਚਾਲਨ ਕਰਮ ਸਿੰਘ ਵਕੀਲ ਨੇ ਬਾਖੂਬੀ ਕੀਤਾ।

*ਜਨਰਲ ਸਕੱਤਰ*
*ਕਵਿਤਾ ਕੇਂਦਰ (ਰਜਿ.) ਚੰਡੀਗੜ੍ਹ*

## ਪਾਠ ਦਾ ਭੋਗ

ਸਵਰਗਵਾਸੀ ਸੂਬਾ ਹਵੇਲਾ ਸਿੰਘ ਜੀ ਬੰਬਈ ਵਾਲੇ ਦੀ ਧਰਮ-ਪਤਨੀ, ਬੀਬੀ ਇੰਦਰਜੀਤ ਕੌਰ ਦੀ ਮਾਤਾ ਜੀ ਅਤੇ ਸ. ਗੁਰਬਚਨ ਸਿੰਘ ਜੀ ਚੰਡੀਗੜ੍ਹ ਵਾਲਿਆਂ ਦੀ ਸੱਸ ਮਾਤਾ—ਮਾਤਾ ਸੰਤ ਕੌਰ ਜੀ ੧੩-੨-੦੪ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਨਮਿਤ ਰੱਖੇ ਪਾਠ ਦਾ ਭੋਗ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ੧੦-੩-੦੪, ਦਿਨ ਬੁੱਧਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਇਸ ਸਮੇਂ ਮਾਸਕ ਵਰਿਆਮ ਨੂੰ ੫੦੦/- ਰੁ. ਸਹਾਇਤਾ ਵੀ ਭੇਜੀ ਗਈ।

-0-

ਡੀ. ਆਰ. ਧਵਨ ਵਲੋਂ ਪੋਤਰੇ ਦੀ ਖੁਸ਼ੀ ਵਿੱਚ ਮਾਸਕ ਵਰਿਆਮ ਨੂੰ ੫੧/-ਰੁ. ਸਹਿਯੋਗ ਭੇਜਿਆ।

ਵਧਾਈਆ।



Namdhari Elibrary NamdhariElibrary@gmail.com

# ਡਾ. ਕਰਤਾਰ ਸਿੰਘ ਸੂਰੀ ਦੀ ‘ਅਮਿੱਟ ਯਾਦਾਂ’ ਦਾ ਰੀਲੀਜ਼ ਸਮਾਰੋਹ

ਪਿਛਲੀ ਦਿਨੀਂ ਡਾ. ਕਰਤਾਰ ਸਿੰਘ ਸੂਰੀ ਦੀ ਪੁਸਤਕ “ਅਮਿੱਟ ਯਾਦਾਂ” ਦਾ ਰੀਲੀਜ਼ ਸਮਾਰੋਹ ਦਾ ਆਯੋਜਨ ਪੰਜਾਬੀ ਸਾਹਿਤ ਸਭਾ (ਰਜਿ:), ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਕੀਤਾ ਗਿਆ। ਮੰਚ ਤੇ ਮੁੱਖ-ਮਹਿਮਾਨ ਪ੍ਰੋ. ਪ੍ਰੀਤਮ ਸਿੰਘ, ਵਿਸ਼ੇਸ਼ ਮਹਿਮਾਨ ਡਾ. ਹਰਭਜਨ ਸਿੰਘ ਦਿਉਲ, ਸਮਾਗਮ ਦੇ ਪ੍ਰਧਾਨ ਪੰਜਾਬੀ ਟ੍ਰਿਬਿਊਨ ਦੇ ਸ੍ਰ. ਸ਼ਾਮ ਸਿੰਘ, ਡਾ. ਕਰਤਾਰ ਸਿੰਘ ਸੂਰੀ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਗੁਰਮੁੱਖ ਸਿੰਘ, ਸਭਾ ਦੇ ਪ੍ਰਧਾਨ ਪ੍ਰਿੰ. ਮੋਹਨ ਸਿੰਘ ਪ੍ਰੇਮ, ਜਨਰਲ ਸਕੱਤਰ ਹਰਸ਼ਰਨ ਸ਼ਰੀਫ ਸੁਸ਼ੋਭਿਤ ਸਨ।

ਵਿਦਵਾਨ ਸਰੋਤਿਆਂ ਦੀ ਭਰਵੀਂ ਹਾਜ਼ਰੀ ਵਿੱਚ ਸਵਾਗਤੀ ਸ਼ਬਦ ਬੋਲਦਿਆਂ ਪ੍ਰਿੰ. ਮੋਹਨ ਸਿੰਘ ਪ੍ਰੇਮ ਨੇ ਕਿਹਾ ਕਿ ਡਾ. ਕਰਤਾਰ ਸਿੰਘ ਸੂਰੀ ਮੇਰੇ ਤੋਂ ਉਮਰ ਵਿੱਚ ਇਕ ਸਾਲ, ਇਕ ਮਹੀਨਾ ਤੇ ਇਕ ਦਿਨ ਵੱਡੇ ਹਨ ਪਰ ਸਾਹਿੱਤਕ ਕੱਦ ਵਿੱਚ ਇਸ ਕਰਕੇ ਮਹਾਨ ਹਨ ਕਿ ਸੂਰੀ ਸਾਹਿਬ ਸ੍ਰ. ਨਾਨਕ ਸਿੰਘ ਨਾਵਲਕਾਰ ਦੇ ਸਹੀ ਅਰਥਾਂ ਵਿੱਚ ‘ਸਪੁੱਤਰ’ ਹੋ ਨਿਬੜੇ ਹਨ। ਉਨ੍ਹਾਂ ਦੀ ਜੀਵਨੀ ਤੇ ਆਧਾਰਤ “ਅਮਿੱਟ ਯਾਦਾਂ” ਸਮਕਾਲੀ ਵੱਡੇ-ਵੱਡੇ ਤੇ ਮਹਾਨ ਵਿਅਕਤੀਆਂ ਦੀ ਲਿਖਤੀ ਦਸਤਾਵੇਜ਼ ਹੈ। ਪ੍ਰੋ. ਪ੍ਰੀਤਮ ਸਿੰਘ ਨੇ “ਅਮਿੱਟ ਯਾਦਾਂ” ਨੂੰ ਰੀਲੀਜ਼ ਕੀਤਾ। ਡਾ. ਗੁਰਮੁੱਖ ਸਿੰਘ ਨੇ “ਅਮਿੱਟ ਯਾਦਾਂ” ਦੇ ਸਾਰਿਆਂ ਪੱਖਾਂ ਤੇ ਵਿਦਵਤਾ ਭਰਪੂਰ ਚਰਚਾ ਕਰਦਿਆਂ ਕਹਾਣੀ-ਰਸ ਪ੍ਰਦਾਨ ਕਰਦੀ ਰਵਾਨੀ-ਭਰੀ ਗਦ ਰਚਨਾ ਕਿਹਾ। ਬੁਲਾਰਿਆਂ ਵਿੱਚ ਪ੍ਰੋ. ਸ. ਸੋਜ਼ ਨੇ ਆਪਣੇ ਨਵੇਕਲੇ ਅੰਦਾਜ਼ ਵਿੱਚ “ਅਮਿੱਟ ਯਾਦਾਂ” ਦੇ ਕਰਤਾ ਬਾਊ ਜੀ ਦੀ ਜ਼ਿੰਦਗੀ ਦਾ ਚਸ਼ਮ-ਦੀਦ ਗਵਾਹ ਹੈ ਤਾਂ ਉਹ ਸੂਰੀ ਹੈ। ਵਾਇਆ ਸੂਰੀ ਅਸੀਂ ਉਸ ਨਾਵਲਕਾਰ ਦੀ ਜ਼ਿੰਦਗੀ ਦਾ ਇਕ ਦਰੀਚਾ ਦਰ-ਕੁਸ਼ਾਂ ਹੋਇਆ ਦੇਖਦੇ ਹਾਂ। ਕੰਪੀਅਰ ਕਰਦਿਆਂ ਤੇ ਬੁਲਾਰੇ ਤੋਂ ਬਾਅਦ ਟਿੱਪਣੀ ਕਰਦਿਆਂ ਹਰਸ਼ਰਨ ਸ਼ਰੀਫ ਨੇ “ਅਮਿੱਟ ਯਾਦਾਂ” ਨੂੰ ਇਕ ਨਾਯਾਬ, ਅਤਿ ਰੌਚਕ ਦਸਤਾਵੇਜ਼ੀ ਕਿਰਤ ਦੱਸਿਆ। ਡਾ. ਕੁਲਦੀਪ ਸਿੰਘ ਧੀਰ ਨੇ ‘ਈਦ ਵਾਲੇ ਦਿਨ ਜਦੋਂ ਚੰਨ ਦੇਖੀਦਾ ਹੈ ਤਾਂ ਮੁਬਾਰਕ ਹੀ ਦਿੱਤੀ ਜਾਂਦੀ ਹੈ-ਈਦ ਮੁਬਾਰਕ ਕਹੀ ਜਾਂਦੀ ਹੈ। ਅੱਜ ਕਿਤਾਬ ਦੇਖੀ ਤਾਂ ਕਿਤਾਬ ਮੁਬਾਰਕ ਕਹਿਣਾ ਬਣਦਾ ਹੈ।” ਉਨ੍ਹਾਂ “ਅਮਿੱਟ ਯਾਦਾਂ” ਦੇ ਦਸਤਾਵੇਜ਼ੀ ਪੱਖ ਨੂੰ ਸਲਾਹਿਆ। ਡਾ. ਨਰਿੰਦਰ ਸਿੰਘ ਕਪੂਰ ਨੇ ਕਿਹਾ ਨਾਨਕ ਸਿੰਘ ਨਾਲ ਜੁੜੇ ਹੋਏ ਵਿਅਕਤੀਆਂ ਸਬੰਧੀ ਸਪਸ਼ਟ ਦ੍ਰਿਸ਼ਟੀ ਤੋਂ, ਅਨੁਭਵੀ ਦ੍ਰਿਸ਼ਟੀ ਤੋਂ ਕਰਤਾਰ ਸਿੰਘ ਸੂਰੀ ਨੇ ਨੇੜਿਓਂ ਸਾਰੇ ਐਂਗਲਜ਼ ਤੋਂ ਦੇਖਿਆ। ਇਸ ਪੁਸਤਕ ਨੂੰ ਦਸਤਾਵੇਜ਼ੀ ‘ਫਿਕਸ਼ਨ ਪਰੋਜ਼’ ਨਾਮਿਆ। ਡਾ. ਅਜਮੇਰ ਸਿੰਘ ਨੇ ਵੀ “ਅਮਿੱਟ ਯਾਦਾਂ” ਨੂੰ ਇਕ ਰੌਚਿਕ ਦਸਤਾਵੇਜ਼ ਮੰਨਿਆ। ਸ੍ਰੀ ਬਾਬੂ ਸਿੰਘ ਰਹਲ ਨੇ “ਅਮਿੱਟ ਯਾਦਾਂ” ਨੂੰ ਇਕ ਇਤਿਹਾਸਕ ਦਸਤਾਵੇਜ਼ ਦੱਸਿਆ ਤੇ ਕਿਹਾ “ਸਰਲਤਾ ਤੇ ਸਪਸ਼ਟਤਾ ‘ਅਮਿੱਟ ਯਾਦਾਂ’ ਦਾ ਮੀਰੀ ਗੁਣ ਹੈ।” ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਅਮਿੱਟ ਯਾਦਾਂ ਵਿੱਚ ਸੋਭਾ ਸਿੰਘ ਚਿੱਤਰਕਾਰ, ਵਿਧਾਤਾ ਸਿੰਘ ਤੀਰ, ਬਲਰਾਜ ਸਾਹਨੀ, ਧਨੀ ਰਾਮ ਚਾਤ੍ਰਿਕ, ਪ੍ਰੋ. ਸੰਤ ਸਿੰਘ ਸੇਖੋਂ ਆਦਿ ਦੇ ਕਈ ਰੇਖਾ ਚਿੱਤਰ ਸੂਰੀ ਸਾਹਿਬ ਨੇ ਸਿਰਜੇ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਨੇ ‘ਸੂਰੀ ਸਾਹਿਬ’ ਨੂੰ ਆਪਣੇ ਹਮ ਉਮਰ ਤੇ ਹਮ ਜਮਾਤੀ ਦੱਸਿਆ। ਉਨ੍ਹਾਂ ਆਪਣੀ ਪੌਣੀ ਸਦੀ ਦਾ ਸਫਰ ਦਾ ਜ਼ਿਕਰ ਵੀ ਕੀਤਾ। ਵਿਸੇਸ਼ ਮਹਿਮਾਨ ਡਾ. ਦਿਉਲ ਨੇ ਆਪਣੇ ਮਹੱਤਵਪੂਰਨ ਵਿਚਾਰ ਵਿਅਕਤ ਕਰਦਿਆਂ ਸੂਰੀ ਸਾਹਿਬ ਨੂੰ ਮੁਬਾਰਕਬਾਦ ਦਿੱਤੀ। ਸ੍ਰ. ਸੁਖਦੇਵ ਸਿੰਘ ਸ਼ਾਂਤ ਨੇ “ਅਮਿੱਟ ਯਾਦਾਂ” ਪੁਸਤਕ ਦੀ ਸ਼ੈਲੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਮੈਨੂੰ “ਸਾਡੇ ਭਾਬੀ ਜੀ”, ਧਨੀ ਰਾਮ ਚਾਤ੍ਰਿਕ ਦੇ ਰੇਖਾ ਚਿੱਤਰ ਦੇ ਸਭ ਤੋਂ ਵੱਧ ਸਵਰਗੀ ਨਾਨਕ ਸਿੰਘ ਦੇ ਨਾਂ ਇੱਕ ਖੱਤ” ਨੇ ਪ੍ਰਭਾਵਿਤ ਕੀਤਾ ਹੈ। ਡਾ. ਪ੍ਰੇਮ ਸਿੰਘ ਬਜਾਜ ਨੇ ਇਸ ਸਮਾਗਮ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਡਾ. ਕਰਤਾਰ ਸਿੰਘ ਸੂਰੀ ਨੇ ਸਭ ਦਾ ਧੰਨਵਾਦ ਕੀਤਾ ਤੇ ਬਾਕੀ ਦੀਆਂ ਯਾਦਾਂ “ਸਿਮਰਤੀਆਂ ਦਾ ਸਰਵਰ” ਵਿੱਚ ਦਿੱਤੀਆਂ ਜਾਣਗੀਆਂ, ਦਾ ਵਾਅਦਾ ਕੀਤਾ। ਪ੍ਰੋ. ਕਿਰਪਾਲ ਸਿੰਘ ਕੋਮਲ ਪ੍ਰੋ. ਪ੍ਰੀਤਮ ਸਿੰਘ ਵੱਲੋਂ ਸੰਕਲਪ “ਪੰਜਾਬੀ ਲੇਖਕ ਕੋਸ਼” ਦਾ ਭਰੇ ਸਮਾਗਮ ਵਿੱਚ ਪ੍ਰੀਚਯ ਦਿੱਤਾ। ਮੁੱਖ ਮਹਿਮਾਨ ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬੀਆਂ ਵਿੱਚ ‘ਸ਼ਰਾਬ’ ਦੀ ਥਾਂ ‘ਕਿਤਾਬਾਂ ਦੀ ਲਹਿਰ’ ਬਣਾਉਣ ਤੇ ਜ਼ੋਰ ਦਿੱਤਾ। ਪੰਜ ਕਿਤਾਬਾਂ ਹਰ ਪੰਜਾਬੀ ਸਾਹਿਤ ਸਭਾ ਨੂੰ ਖਰੀਦਣੀਆਂ ਚਾਹੀਦੀਆਂ ਹਨ ਤੇ ਲਿਖਤ ਵਿੱਚ “ਦੋਹਰ” ਤੋਂ ਬਚਣਾ ਚਾਹੀਦਾ ਹੈ। ਪ੍ਰਧਾਨਗੀ ਭਾਸ਼ਣ ਵਿੱਚ ਸ੍ਰ. ਸ਼ਾਮ ਸਿੰਘ ਨੇ ਅੱਜ ਦੀ ਵਿਚਾਰ-ਚਰਚਾ ਨੂੰ ਬੜਾ ਮੁਲਵਾਨ ਦੱਸਿਆ। ਤੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਜ਼ਨਰਲ ਸਕੱਤਰ ਹਰਸ਼ਰਨ ਸ਼ਰੀਫ ਨੇ ਸਟੇਜ ਪ੍ਰਬੰਧ ਬਾ-ਕਮਾਨ ਨਿਭਾਇਆ।

*—ਦਵਿੰਦਰ ਪਟਿਆਲਵੀ*
*ਪ੍ਰੈਸ ਸਕੱਤਰ*



Namdhari Elibrary NamdhariElibrary@gmail.com

## 'ਯੁੱਧ-ਖੇਤਰ' ਤੇ ਭਰਵੀਂ ਵਿਚਾਰ ਗੋਸ਼ਟੀ

ਪੰਜਾਬੀ ਲੇਖਕ ਸਭਾ, ਜਲੰਧਰ ਵਲੋਂ ਦੇਸ਼ ਭਗਤ ਯਾਦਗਾਰ ਹਾਲ, ਵਿਖੇ ਨੌਜਵਾਨ ਕਥਾਕਾਰ ਬਲਵਿੰਦਰ ਗਰੇਵਾਲ ਦੇ ਕਹਾਣੀ ਸੰਗ੍ਰਹਿ 'ਯੁੱਧ ਖੇਤਰ' ਉਪਰ ੧੭ ਅਪਰੈਲ ੨੦੦੪ ਨੂੰ ਮੁਲਵਾਨ ਅਤੇ ਭਰਵੀਂ ਵਿਚਾਰ-ਗੋਸ਼ਟੀ ਦਾ ਆਯੋਜਨ ਕੀਤਾ ਗਿਆ।

ਸਮਾਗਮ ਦਾ ਆਰੰਭ ਡਾ. ਵਰਿਆਮ ਸਿੰਘ ਸੰਧੂ ਵਲੋਂ ਆਏ ਹੋਏ ਵਿਦਵਾਨਾਂ ਦੇ ਮੋਹ-ਭਿੱਜੇ ਜੀ ਆਇਆਂ ਨਾਲ ਹੋਇਆ। ਡਾ. ਰਘਬੀਰ ਸਿੰਘ ਸਿਰਜਣਾ ਦੀ ਪ੍ਰਧਾਨਗੀ ਹੇਠ ਹੋਈ ਇਸ ਵਿਚਾਰ ਗੋਸ਼ਟੀ ਵਿਚ ਡਾ. ਸੁਰਜੀਤ ਸਿੰਘ ਅਤੇ ਡਾ. ਸੁਖਪਾਲ ਸਿੰਘ ਥਿੰਦ ਨੇ ਪੁਸਤਕ ਸੰਬੰਧੀ ਪਰਚੇ ਪੜ੍ਹੇ। ਡਾ. ਸੁਰਜੀਤ ਸਿੰਘ ਨੇ ਸਮੁੱਚੀਆਂ ਕਹਾਣੀਆਂ ਦੀ ਸਿਰਜਣਾ ਦੇ ਕੇਂਦਰੀ ਸੂਤਰਾਂ ਨੂੰ ਪਛਾਣਿਆ ਅਤੇ ਡਾ. ਥਿੰਦ ਨੇ ਕਹਾਣੀਆਂ ਦੇ ਨਿਕਟ ਅਧਿਐਨ ਰਾਹੀਂ ਸਮੁੱਚੇ ਸੰਗ੍ਰਹਿ ਦੇ ਵਿਸ਼ਾ ਵਸਤੂ ਦੇ ਨਿਵੇਕਲੇ ਨਿਭਾਅ ਨੂੰ ਸਮਝਣ/ਸਮਝਾਉਣ ਦਾ ਯਤਨ ਕੀਤਾ।

ਬਹਿਸ ਦਾ ਆਰੰਭ ਕਰਦਿਆਂ ਡਾ. ਬਲਦੇਵ ਧਾਲੀਵਾਲ ਨੇ ਗਰੇਵਾਲ ਦੀਆਂ ਕਹਾਣੀਆਂ ਵਿਚਲੀ ਅਜਿਹੀ ਸਿਰਜਣਾਤਮਿਕ ਪ੍ਰਤਿਭਾ ਨੂੰ ਪਛਾਣਿਆ ਜਿਸ ਵਿਚ ਗਰੇਵਾਲ ਡਾ. ਧਾਲੀਵਾਲ ਨੂੰ ਵੱਡੀਆਂ ਸੰਭਾਵਨਾਵਾਂ ਵਾਲਾ ਕਥਾਕਾਰ ਨਜ਼ਰ ਆਇਆ। ਡਾ. ਗੁਰਲਾਲ ਸਿੰਘ ਨੇ ਗਰੇਵਾਲ ਦੀਆਂ ਕਹਾਣੀਆਂ ਦੀ ਮੁੱਖ ਕਥਾ ਦੇ ਨਾਲ-ਨਾਲ ਚਲਦੀਆਂ ਉਪ ਕਥਾਵਾਂ/ਵੇਰਵਿਆਂ ਦੀਆਂ ਲੜੀਆਂ ਦੀ ਸਾਰਥਿਕਤਾ ਦਾ ਮੁੱਦਾ ਉਭਾਰਿਆ। ਪ੍ਰੋ. ਪਿਆਰਾ ਸਿੰਘ ਭੋਗਲ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਗਰੇਵਾਲ ਦੀ ਵਿਸ਼ਾ ਚੋਣ ਅਤੇ ਨਿਭਾਓ ਉੱਪਰ ਕਿੰਤੂ ਉਠਾਏ ਪਰ ਨਾਲ ਹੀ ਵਿਸ਼ਿਆਂ ਦੀ ਵੱਖਰਤਾ ਨੂੰ ਵੀ ਉਭਾਰਿਆ।

ਸਮਾਗਮ ਦੇ ਮੁੱਖ ਮਹਿਮਾਨ ਡਾ. ਜੋਗਿੰਦਰ ਸਿੰਘ ਰਾਹੀ ਨੇ ਸਮੁੱਚੇ ਪੰਜਾਬੀ ਗਲਪ-ਸਿਰਜਣ/ਚਿੰਤਨ ਦੇ ਸੰਦਰਭਾਂ ਨੂੰ ਗਰੇਵਾਲ ਦੀਆਂ ਕਹਾਣੀਆਂ ਨਾਲ ਜੋੜ ਕੇ ਦੇਖਣ ਦਾ ਯਤਨ ਕੀਤਾ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਸੁਰਜੀਤ ਪਾਤਰ ਨੇ ਵੀ ਬਲਵਿੰਦਰ ਗਰੇਵਾਲ ਦੀ ਕਥਾ ਉਸਾਰੀ ਦੀ ਲੈਅ ਨੂੰ ਸਲਾਹਿਆ। ਡਾ. ਰਘਬੀਰ ਸਿੰਘ ਸਿਰਜਣਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਗਰੇਵਾਲ ਨੂੰ ਵਿਕਾਸ ਕਰਦੇ ਮੈਂ ਖੁਦ ਤੱਕਿਆ ਹੈ ਤੇ ਮੈਨੂੰ ਖੁਸ਼ੀ ਹੈ ਕਿ ਵਿਦਵਾਨਾਂ ਨੇ ਇਸ ਦੀਆਂ ਕਹਾਣੀਆਂ ਨੂੰ ਕਬੂਲਿਆ ਤੇ ਸਲਾਹਿਆ ਹੈ। ਵਿਚਾਰ-ਚਰਚਾ ਵਿਚ ਉਪਰੋਕਤ ਤੋਂ ਇਲਾਵਾ ਡਾ. ਸਾਧੂ ਸਿੰਘ (ਕੈਨੇਡਾ), ਡਾ. ਕੁਲਵੰਤ ਸਿੰਘ ਸੰਧੂ, ਡਾ. ਬਲਵਿੰਦਰ ਨਸਰਾਲੀ ਅਤੇ ਸ੍ਰੀ ਅਜਮੇਰ ਸਿੱਧੂ ਨੇ ਹਿੱਸਾ ਲਿਆ।

ਇਸੇ ਸਮਾਗਮ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ. ਜੋਗਿੰਦਰ ਸਿੰਘ ਰਾਹੀ ਨੂੰ 'ਡਾ. ਰਵਿੰਦਰ ਰਵੀ ਆਲੋਚਨਾ ਪੁਰਸਕਾਰ' ਪ੍ਰਦਾਨ ਕੀਤਾ ਗਿਆ। ਇਸ ਵਿਚ ਇਕਵੰਜਾ ਸੋ ਰੁਪਏ, ਮੋਮੈਂਟੋ, ਇਕ ਸ਼ਾਲ ਅਤੇ ਸ਼ੋਭਾ ਪੱਤਰ ਸ਼ਾਮਲ ਹੈ। ਸ਼ੋਭਾ ਪੱਤਰ ਸ. ਕੁਲਦੀਪ ਸਿੰਘ ਬੇਦੀ ਨੇ ਪੜ੍ਹਿਆ। ਡਾ. ਰਾਹੀ ਨੂੰ ਪੁਰਸਕਾਰ ਦੇਣ ਵਾਲਿਆਂ ਵਿਚ ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਰਜੀਤ ਪਾਤਰ, ਡਾ. ਸਾਧੂ ਸਿੰਘ, ਡਾ. ਵਰਿਆਮ ਸਿੰਘ ਸੰਧੂ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਕਰਨੈਲ ਸਿੰਘ ਨਿੱਝਰ ਅਤੇ ਸ. ਜਗਦੀਸ਼ ਸਿੰਘ ਵਰਿਆਮ ਸ਼ਾਮਿਲ ਸਨ।

ਇਸ ਸਮਾਗਮ ਵਿਚ ਸਤਵਿੰਦਰ ਕੌਰ ਕੁੱਸਾ ਦਾ ਨਾਵਲ 'ਚਾਰੇ ਕੁੰਡਾ ਢੂੰਡੀਆਂ' ਵੀ ਰੀਲੀਜ਼ ਕੀਤਾ ਗਿਆ। ਨਾਵਲ ਅਤੇ ਲੇਖਿਕਾ ਬਾਰੇ ਡਾ. ਜਗਦੀਸ਼ ਕੌਰ ਨੇ ਲਿਖਤੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਸਮਾਗਮ ਦਾ ਇਕ ਹੋਰ ਆਕਰਸ਼ਣ ਸੀ ਕੈਲੇਫੋਰਨੀਆ ਤੋਂ ਆਏ ਸ਼ਾਇਰ ਅਸ਼ਰਫ ਗਿੱਲ। ਅਸ਼ਰਫ ਗਿੱਲ ਦੇ ਕਵਿਤਾ ਪਾਠ ਨੇ ਵੀ ਸਮਾਗਮ ਦੇ ਅੰਤ ਉੱਪਰ ਸਰੋਤਿਆਂ ਨੂੰ ਇਕ ਵੱਖਰਾ ਹੁਲਾਰਾ ਪ੍ਰਦਾਨ ਕੀਤਾ। ਆਏ ਹੋਏ ਵਿਦਵਾਨਾਂ ਦਾ ਧੰਨਵਾਦ ਸਭਾ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਕੀਤਾ ਅਤੇ ਸਮਾਗਮ ਦਾ ਸੰਚਾਲਨ ਡਾ. ਉਮਿੰਦਰ ਜੌਹਲ ਨੇ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਤੋਂ ਬਾਬਾ ਭਗਤ ਸਿੰਘ ਬਿਲਗਾ, ਸ. ਰਘਬੀਰ ਸਿੰਘ ਛੀਨਾ, ਚਰੰਜੀ ਲਾਲ, ਗੁਰਮੀਤ, ਸ. ਰਾਜੇਸ਼ਵਰ ਸਿੰਘ ਸਮੇਤ, ਪ੍ਰੋ. ਅਵਤਾਰ ਜੌੜਾ, ਸਤਨਾਮ ਮਾਣਕ, ਪ੍ਰੋ. ਗੋਪਾਲ ਸਿੰਘ ਬੁੱਟਰ, ਕੁਲਦੀਪ ਅਮਨ, ਸੁਲੇਖਾ, ਕੁਲਵੰਤ ਸਿੰਘ ਸੰਧੂ, ਜਗਦੀਸ਼ ਨਾਟਕਕਾਰ ਖੰਨਾ, ਭੂਪਿੰਦਰ ਜੱਸਲ ਪੱਤਰਕਾਰ ਖੰਨਾ, ਡਾ. ਡੀ.ਬੀ.ਰਾਏ, ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਲਾਲ ਸਿੰਘ ਕਹਾਣੀਕਾਰ, ਬਲਦੇਵ ਖੁਲਰ, ਜਾਗੀਰ ਕਾਹਲੋਂ, ਜਸਪਾਲ ਜ਼ੀਰਵੀ, ਡਾ. ਸੁਖਵਿੰਦਰ ਸਿੰਘ, ਗੁਰਚਰਨ ਚੀਮਾ, ਵੇਦ ਅਗਨੀਹੋਤਰੀ, ਮਨਿੰਦਰ ਕਾਂਗ, ਬਲਬੀਰ ਪਰਵਾਨਾ, ਰਾਜਿੰਦਰ ਬਿਮਲ, ਜਸ ਮੰਡ, ਸੁਕੀਰਤ, ਵਿਰਸਾ ਸਿੰਘ, ਅਜਮੇਰ ਸਿੱਧੂ, ਕਿਰਪਾਲ ਸਿੰਘ ਦਰਦੀ, ਜਸਵੀਰ ਸਿੰਘ ਰਾਣਾ, ਡਾ. ਰਜਿੰਦਰ ਸਿੰਘ ਅਟਵਾਲ ਆਦਿ ਗੋਸ਼ਟੀ 'ਚ ਸ਼ਾਮਲ ਸਨ।


Namdhari Elibrary NamdhariElibrary@gmail.com

# ਸ਼ੋਕ-ਸੁਨੇਹੇ

ਪੂਜਨੀਕ ਮਾਤਾ ਜੀ ਦੇ ਗੁਰਪੁਰੀ ਸਿਧਾਰ ਜਾਣ ਦੀ ਖਬਰ ਪੜ੍ਹਨ ਕੇ ਬਹੁਤ ਦੁੱਖ ਹੋਇਆ। ਬਜ਼ੁਰਗਾਂ ਦਾ ਸਾਇਆ ਤਾਂ ਬੋਹੜ ਦੀ ਛਾਂ ਵਾਂਗ ਹੁੰਦਾ ਹੈ, ਪਰੰਤੂ ਪ੍ਰਮਾਤਮਾ ਦਾ ਭਾਣਾ ਵੀ ਅਟੱਲ ਹੈ ਜਿਸ ਅੱਗੇ ਹਰੇਕ ਮਨੁੱਖ ਨੂੰ ਸਿਰ ਝੁਕਾਉਣਾ ਹੀ ਪੈਂਦਾ ਹੈ। ਅਸਲ ਵਿਚ ਉਨ੍ਹਾਂ ਦਿਨਾਂ ਵਿੱਚ ਪੰਜਾਬ ਤੋਂ ਬਾਹਰ ਹੋਣ ਕਰਕੇ ਮੈਨੂੰ ਇਸ ਖ਼ਬਰ ਬਾਰੇ ਪਤਾ ਨਹੀਂ ਚੱਲਿਆ। ਹੁਣ ਆਪ ਦਾ ਮੈਗਜ਼ੀਨ ਪ੍ਰਾਪਤ ਹੋਣ ਤੇ ਪਤਾ ਚਲਿਆ ਹੈ। ਪ੍ਰਭੂ ਮਾਤਾ ਜੀ ਦੀ ਆਤਮਾ ਨੂੰ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਬਾਕੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

*—ਸ.ਪ. ਸਿੰਘ*

*(ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ)*

ਵਰਿਆਮ ਵਿਚੋਂ ਇਹ ਜਾਣ ਕੇ ਬਹੁਤ ਦੁੱਖ ਹੋਇਆ ਹੈ ਕਿ ਤੁਹਾਡੇ ਪੂਜਯ ਮਾਤਾ ਜੀ ਸਦੀਵੀ ਵਿਛੋੜਾ ਦੇ ਗਏ ਹਨ। ਨਿਰਸੰਦੇਹ! ਮਾਂ ਦਾ ਹਮੇਸ਼ਾ ਲਈ ਤੁਰ ਜਾਣਾ ਧੀਆਂ-ਪੁੱਤਰਾਂ ਲਈ ਇਕ ਅਸਹਿ ਸਦਮਾ ਹੈ। ਕਿਉਂ ਜੋ ਮਾਵਾਂ ਔਲਾਦ ਲਈ ਠੰਡੀਆਂ ਛਾਵਾਂ ਹੁੰਦੀਆਂ ਹਨ ਅਤੇ ਮਾਂ-ਪਿਆਰ ਦਾ ਹੋਰ ਕੋਈ ਵੀ ਬਦਲ ਸੋਚਿਆ ਹੀ ਨਹੀਂ ਜਾ ਸਕਦਾ। ਇਸ ਦੀ ਇਕ ਵਜ੍ਹਾ ਇਹ ਵੀ ਹੈ ਕਿ ਮਾਂ-ਪਿਆਰ ਵਿੱਚ ਲੈਣ ਨਹੀਂ ਸਗੋਂ ਦੇਣਾ ਹੀ ਹੁੰਦਾ ਹੈ। ਜੇ ਕੋਈ ਇਕ ਜੀਵਨ ਦੂਜੇ ਜੀਵਨ ਵਿੱਚ ਜੀਵਿਆ ਜਾ ਸਕਦਾ ਹੈ ਤਾਂ ਉਸ ਦਾ ਪ੍ਰਮਾਣ ਮਾਂ ਹੀ ਹੈ। ਸਭ ਤੋਂ ਵੱਡੀ ਦੁਖਦਾਈ ਗੱਲ ਇਹ ਹੈ ਕਿ ਤੁਹਾਡੇ ਘਰ ਵਿਚ ਮਾਂ ਦੀਆਂ ਅਸੀਸਾਂ ਦੇਣ ਵਾਲੀ ਥਾਂ ਖਾਲੀ ਹੋ ਗਈ ਹੈ।

ਨਿਰਸੁਆਰਥ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਮਾਂ ਹੀ ਤਾਂ ਹੈ। ਤੁਹਾਡੇ ਜੀਵਨ ਵਿੱਚ ਪ੍ਰਾਪਤੀਆਂ ਦਾ ਬਹੁਤ ਭਾਗ ਮਾਂ ਦੀਆਂ ਅਸੀਸਾਂ ਅਤੇ ਪਿਆਰ ਦਾ ਹੀ ਹੈ। ਲੋਰੀਆਂ ਤੋਂ ਸ਼ੁਰੂ ਕਰਕੇ ਸਾਰੀ ਹਯਾਤੀ ਮੋਹ-ਭਰੀਆਂ ਅਸੀਸਾਂ ਦੇ ਨਾਲ ਹਰ ਮਾਂ ਆਪਣੇ ਬੱਚਿਆਂ ਲਈ ਚੰਗੀ ਸਿਹਤ, ਖੁਸ਼ੀ ਤੇ ਲੰਮੀ ਉਮਰ ਦੀ ਕਾਮਨਾ ਕਰਦੀ ਹੈ। ਮਾਂ ਦਾ ਦੇਣਾ ਕਿਸੇ ਵੀ ਤਰ੍ਹਾਂ ਨਹੀਂ ਦਿੱਤਾ ਜਾ ਸਕਦਾ।

ਪਰ ਮੇਰੇ ਅਜ਼ੀਜ਼! ਮੌਤ ਇਕ ਅਜਿਹੀ ਹਕੀਕਤ ਹੈ, ਜਿਸ ਦੇ ਸਾਹਮਣੇ ਕਿਸੇ ਦੀ ਵੀ ਕੋਈ ਪੇਸ਼ ਨਹੀਂ ਚਲਦੀ। ਵੈਸੇ ਵੀ ਹਰ ਮਾਂ ਦੀ ਆਖਰੀ ਖ਼ਾਹਿਸ਼ ਇਹੀ ਹੁੰਦੀ ਹੈ ਕਿ ਉਸ ਦੀ ਜੀਵਨ-ਯਾਤਰਾ ਔਲਾਦ ਤੋਂ ਪਹਿਲਾਂ ਸਮਾਪਤ ਹੋ ਜਾਏ। ਆਪਣੀ ਹਯਾਤੀ ਵਿੱਚ ਕਿਸੇ ਬੱਚੇ ਦਾ ਦੁੱਖ ਨਾ ਵੇਖਣਾ ਪਵੇ। ਖੁਸ਼ਨਸੀਬ ਮਾਵਾਂ ਆਪਣੇ ਪੁੱਤਰਾਂ/ਧੀਆਂ ਦੀ ਗੋਦ ਵਿੱਚ ਅੱਖਾਂ ਮੀਟਦੀਆਂ ਹਨ।

ਤੁਹਾਡੇ ਪੂਜਯ ਮਾਤਾ ਜੀ ਬਹੁਤ ਭਾਗਾਂ ਵਾਲੇ ਸਨ, ਜਿਨ੍ਹਾਂ ਨੇ ਜਗਦੀਸ਼ ਵਰਿਆਮ ਜਹੇ ਹੋਣਹਾਰ ਦੇ ਦਾਨਿਸ਼ਵਰ ਸਪੂਤ ਨੂੰ ਜਨਮ ਦਿੱਤਾ।

ਅਜਿਹੀ ਸਥਿਤੀ ਵਿੱਚ ਗੁਰਬਾਣੀ ਦੀ ਓਟ ਲੈਂਦੇ ਹੋਇਆਂ ਅਕਾਲ ਪੁਰਖ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਸਾਡੀ ਅਰਦਾਸ ਹੈ ਕਿ ਪਰਮਾਤਮਾ ਤੁਹਾਡੇ ਪੂਜਯ ਮਾਤਾ ਜੀ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਤੁਸੀ ਇਸ ਸਦਮੇ ਨੂੰ ਉਸ ਦੀ ਰਜ਼ਾ ਸਮਝ ਕੇ ਬਰਦਾਸ਼ਤ ਕਰ ਸਕੋ।

ਵਰਿਆਮ ਬਕਾਇਦਗੀ ਨਾਲ ਮਿਲ ਰਿਹਾ ਹੈ। ਤੁਹਾਡੀ ਬਹੁਤ ਮਿਹਰਬਾਨੀ।

ਸ਼ੁਭ ਇਛਾਵਾਂ

*—ਕਰਨੈਲ ਸਿੰਘ ਥਿੰਦ (ਡਾ.)*

*ਮੋਹਾਲੀ*

ਮਾਰਚ ਮਹੀਨੇ ਦਾ 'ਵਰਿਆਮ' ਮਿਲਿਆ ਜਿਸ ਨੂੰ ਪੜ੍ਹ ਕੇ ਪਤਾ ਲੱਗਾ ਹੈ ਕਿ ਆਪ ਜੀ ਦੇ ਅਤੇ ਸ. ਨਰੈਣ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਚੜ੍ਹਾਈ ਕਰ ਗਏ ਹਨ ਅਤੇ ਉਨ੍ਹਾਂ ਦੇ ਨਮਿੱਤ ਪਾਠ ਦਾ ਭੋਗ ਵੀ ਪੈ ਗਿਆ ਹੈ ਪਰ ਮੈਨੂੰ ਇਸ ਖਬਰ ਦਾ ਸਿਰਫ 'ਵਰਿਆਮ' ਤੋਂ ਪਤਾ ਲੱਗਾ ਹੈ।

'ਮਾਂ' ਭਾਵੇਂ ਕਿਸੇ ਵੀ ਅਵੱਸਥਾ ਵਿੱਚ ਹੋਵੇ ਉਸ ਦਾ ਵਿਛੋੜਾ ਕਾਫੀ ਕੁਛ ਲੈ ਜਾਂਦਾ ਹੈ ਅਤੇ ਇਕ ਇਤਹਾਸ ਭੂਤਕਾਲ ਬਣ ਜਾਂਦਾ ਹੈ ਅਤੇ ਵਰਤਮਾਨ ਇਤਿਹਾਸ ਸ਼ੁਰੂ ਹੋ ਜਾਂਦਾ ਹੈ। ਮਾਂ ਦਾ ਪ੍ਰਤਾਪ ਅਜਿਹਾ ਹੁੰਦਾ ਹੈ ਕਿ ਉਸ ਦੇ ਘਰ ਹੁੰਦਿਆਂ ਘਰ ਵਿੱਚ ਰੌਣਕਾਂ ਲੱਗੀਆਂ ਰਹਿੰਦੀਆਂ, ਬਰਕਤਾਂ ਦਾ ਪਹਿਰਾ ਹੁੰਦਾ ਹੈ। ਪਰ ਜਾਣ ਨਾਲ ਸਾਰਿਆਂ ਦੇ ਹੁੰਦਿਆਂ ਹੋਇਆਂ ਘਰ ਸੁੰਨਾ-ਸੁੰਨਾ ਲਗਦਾ ਹੈ ਅਤੇ ਕੁਝ ਗੁਆਚਿਆ-ਗੁਆਚਿਆ ਮਹਿਸੂਸ ਹੁੰਦਾ ਹੈ ਭਾਵ ਕੋਈ ਘਾਟ ਮਹਿਸੂਸ ਹੁੰਦੀ ਹੈ।

ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਗੁਰੂ ਦੀ ਮਹਾਨਤਾ, ਪਿਆਰ ਤੇ ਸੰਭਾਲ ਨੂੰ ਦਰਸਾਉਣ ਲਈ ਪਹਿਲਾਂ 'ਗੁਰਦੇਵ ਮਾਤਾ'....ਫਿਰ ਗੁਰਦੇਵ ਪਿਤਾ ਕਿਹਾ ਹੈ, ਕਿਉਂਕਿ ਮਾਤਾ ਬੱਚੇ ਨੂੰ ਜਨਮ ਦਿੰਦੀ, ਪਾਲਦੀ ਹੈ, ਉਸ ਦਾ ਵਧੀਆਂ ਭਵਿੱਖ ਬਣਾਉਣ ਲਈ ਆਪਣਾ ਸਾਰਾ ਜੀਵਨ ਲਗਾ ਦਿੰਦੀ ਹੈ, ਬੱਚੇ ਨੂੰ ਗੁਰੂ ਦਾ ਗਿਆਨ ਕਰਾਉਂਦੀ ਹੈ। ਯੋਧੇ ਸੂਰਬੀਰ ਅਤੇ ਭਗਤ ਬਣਾ ਦਿੰਦੀ ਹੈ, ਬੱਚੇ ਵਿੱਚ ਪ੍ਰੇਮ ਭਗਤੀ ਭਰ ਦਿੰਦੀ ਹੈ। ਇਸ ਲਈ ਲਗਦਾ ਹੈ ਕਿ 'ਮਾਂ' ਦਾ ਬਦਲ ਹੋਰ ਕੋਈ ਹੈ ਨਹੀਂ।



Namdhari Elibrary NamdhariElibrary@gmail.com

ਆਪ ਜੀ ਦੇ ਮਾਤਾ ਜੀ ਵਿਛੋੜਾ ਦੇ ਗਏ ਜੋ ਪਰਵੱਸ ਹੈ, ਕੋਈ ਚਾਰਾ ਨਹੀਂ, ਕੁਦਰਤ ਦਾ ਨਿਯਮ ਹੈ, ਅਟੱਲ ਹੈ, ਬੇਰੋਕ ਹੈ, ਜਿਸ ਅੱਗੇ ਮੰਨਣ ਲਈ ਝੁਕਣਾ ਹੀ ਪੈਣਾ ਹੈ।

ਮੈਂ ਇਸ ਗੱਲ ਦੀ ਖੁਸ਼ੀ ਵੀ ਮਹਿਸੂਸ ਕਰਦਾ ਹਾਂ ਕਿ ਅਜਿਹੀ ਮਾਤਾ ਨੇ ਅਜਿਹੇ ਪੁਤਰ ਧੀਆਂ ਨੂੰ ਜਨਮ ਦਿੱਤਾ ਹੈ ਜੋ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਹਨ, ਦਸਾਂ ਨਹੁੰਆਂ ਦੀ ਕਮਾਈ ਕਰਦੇ ਹਨ, ਗਰੀਬ ਨੂੰ ਦੁੱਖ ਨਹੀਂ ਦਿੰਦੇ ਸਗੋਂ ਮਦਦ ਕਰਦੇ ਹਨ, ਕਿਸੇ ਨਾਲ ਧੱਕਾ ਨਹੀਂ ਕਰਦੇ, ਇਨ੍ਹਾਂ ਦੀ ਸਮਾਜ ਅਤੇ ਸਾਹਿਤ ਨੂੰ ਬਹੁਤ ਦੇਣ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਹੱਥ ਇਨ੍ਹਾਂ ਦੇ ਸਿਰ ਉਪਰ ਹੈ।

ਸਤਿਗੁਰੂ ਜੀ ਕ੍ਰਿਪਾ ਕਰਨ ਉਸ ਮਾਤਾ-ਪਿਤਾ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ, ਮਾਤਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ ਚੜ੍ਹਦੀ ਕਲਾ ਵਿੱਚ ਰਹੇ ਅਤੇ ਗੁਰੂ ਚਰਨਾਂ ਦਾ ਸਿਦਕੀ ਸਿੱਖ ਬਣ ਕੇ ਰਹਿਣ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਰਹੇ।

*—ਤਰਸੇਮ ਸਿੰਘ ਨਾਮਧਾਰੀ*
*ਕੈਨੇਡਾ*

ਮਾਰਚ ੨੦੦੪ ਦਾ 'ਵਰਿਆਮ' ਪਰਚੇ ਦੇ ਪਹਿਲੇ ਅੰਦਰਲੇ ਪੰਨੇ ਤੇ ਆਪ ਜੀ ਦੇ ਪਰਮ ਪੂਜਯ ਸ੍ਰੀ ਮਾਤਾ ਸਵਰਨ ਕੌਰ ਜੀ ਦੇ ਸਵਰਗਵਾਸ-ਸਦੀਵੀਂ ਵਿਛੋੜੇ ਦੀ ਫੋਟੋ ਸਮੇਤ ਖਬਰ ਪੜ੍ਹੀ। ਮਨ ਨੂੰ ਬੜਾ ਦੁਖ ਅਨੁਭਵ ਹੋਇਆ। ਤੁਸੀਂ ਵੀ ਸਾਡੇ ਕਈਆਂ ਵਾਂਗ ਜਨਮ ਦਾਤੀ ਮਾਤਾ ਜੀ ਦੇ ਪਿਆਰ ਤੋਂ ਸਦਾ ਲਈ ਵਾਂਝੇ ਹੋ ਗਏ ਹੋ। ਮਾਂ ਕਿੰਨੀ ਵੀ ਬਜ਼ੁਰਗ ਅਵਸਥਾ ਵਿੱਚ ਕਿਉਂ ਨਾ ਹੋਵੇ ਮਾਂ ਮਾਂ ਹੀ ਹੁੰਦੀ ਹੈ। ਮਾਂ ਦਾ ਪ੍ਰੇਮ ਪਿਆਰ ਅਭੁੱਲ ਤੇ ਸਦੀਵ ਕਾਲ ਲਈ ਸਦਾ ਅੰਗ ਸੰਗ ਹੀ ਰਹਿੰਦਾ ਹੈ। ਦੋ ਤਿੰਨ ਸਾਲ ਪਹਿਲਾਂ ਜਦੋਂ ਮੈਂ ਤੁਹਾਡੇ ਦਫਤਰ ਤੁਹਾਨੂੰ ਮਿਲਣ ਲਈ (ਜਲੰਧਰ) ਪੁੱਜਾ ਸੰਖੇਪ ਵਿਚਾਰਾਂ ਬਾਦ ਤੁਸੀਂ ਦਾਸ ਨੂੰ ਆਪਣੇ ਘਰ ਲੈ ਗਏ। ਵਿਹੜੇ ਵੜਦਿਆਂ ਅੱਗੇ ਮੰਜੇ ਤੇ ਤੁਹਾਡੇ ਪੂਜਯ ਮਾਤਾ ਜੀ ਬੈਠੇ ਹੋਏ ਹਨ। ਜਦੋਂ ਮੈਂ ਉਹਨਾਂ ਨੂੰ ਨਮਸਕਾਰ ਕੀਤੀ ਉਹਨਾਂ ਕਿਹਾ ਮੇਰੇ ਪਾਸ ਬੈਠ ਜਾਓ। ਫਿਰ ਉਹਨਾਂ ਮੇਰੀ ਤੇ ਪਰਿਵਾਰ ਦੀ ਰਾਜ਼ੀ ਖੁਸ਼ੀ ਬੜੇ ਪਿਆਰ ਸਹਿਤ ਪੁੱਛੀ ਤੇ ਜਲ ਪਾਣੀ ਮੰਗਵਾ ਲਿਆ। ਮੈਂ ਤੱਕਿਆ ਮਾਤਾ ਜੀ ਬੜੇ ਮਿਲਾਪੜੇ, ਨਿੱਘੇ, ਸੰਤ ਸੁਭਾ ਵਾਲੇ ਗੁਰੂ ਚਰਨਾਂ ਪ੍ਰਤੀ ਆਸਥਾ ਵਾਲੇ ਅਤੇ ਨਾਮ ਬਾਣੀ ਵਿੱਚ ਰੰਗੇ ਰਹਿਣ ਵਾਲੇ ਵਿਅਕਤੀ ਸਨ। ਉਹਨਾਂ ਦੀ ਗੁਰੂ ਘਰ ਤੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰਾਂ ਦੇ ਚਰਨਾਂ ਨਾਲ ਅਟੁੱਟ ਲਗਨ ਸੀ। ਆਪ ਜੀ ਉਮਰ ਕਰਕੇ ਵਡੇਰੇ ਤੇ ਬਿਰਤੀ ਕਰਕੇ ਬੜੇ ਸੁਲਝੇ ਤੇ ਸਿਆਣੇ ਸਨ। ਆਪ ਜੀ ਵਰਿਆਮ ਪਰਿਵਾਰ ਦੇ ਬੋਹੜ ਤੇ ਥੰਮ ਆਗੂ ਸਨ। ਉਹਨਾਂ ਦੀ ਸਦੀਵੀਂ ਜੁਦਾਈ ਤੁਹਾਡੇ ਸਾਰੇ ਪਰਿਵਾਰ ਲਈ ਇਕ ਵੱਡੀ ਘਾਟ ਅਸਹਿ ਸਦਮਾ ਹੈ। ਤੁਸੀਂ ਸਾਰੇ ਪਰਿਵਾਰ ਨੇ ਪਰਿਵਾਰਿਕ ਛੱਤਰ ਛਾਇਆ ਹੇਠ ਸਦਾ ਹੀ ਬੜਾ ਅੰਮ੍ਰਿਤ ਅਨੰਦ ਤੇ ਨਿੱਘ ਮਾਣਿਆ ਹੈ। ਉਹਨਾਂ ਦੀ ਵੱਡਮੁੱਲੀਆਂ ਪਿਆਰ ਅਸੀਸਾਂ ਸਦਕਾ ਤੁਸੀਂ ਅੱਜ ਇਕ ਸਿਰਕੱਢ ਪ੍ਰਸਿੱਧ ਸਾਹਿਤਕਾਰ ਬਣੇ ਹੋ। ਸਦੀਵੀਂ ਜੁਦਾਈ ਵਿਛੋੜਾ ਕੁਦਰਤੀ ਰਚਨਾ ਦਾ ਇਕ ਅਟੱਲ ਅਸੂਲ ਅੰਗ ਹੈ। ਜਿਸ ਸਦਕਾ ਇਸ ਜਗ ਵਿੱਚ ਸਦਾ ਲਈ ਕੋਈ ਵੀ ਥਿਰ ਤਕ ਨਹੀਂ ਰਹਿ ਸਕਦਾ। ਸਭ ਜਗ ਚੱਲਣ ਹਾਰ ਹੈ ਤੇ ਸਭ ਪ੍ਰਦੇਸੀ ਜਓੁੜੇ ਬਣੀ ਬੈਠੇ ਹਨ। ਆਪੋ ਆਪਣੀ ਵਾਰੀ ਸਭ ਨੇ ਨਿੱਜ ਘਰ ਨੂੰ ਇਕ ਦਿਨ ਪਿਆਨੇ ਕਰਨਾ ਹੈ। ਹੁਣ ਤੇ ਵਰਿਆਮ ਜੀ ਸੱਚੇ ਪਾਤਸ਼ਾਹ ਜੀ ਸਤਿਗੁਰੂ ਜੀ ਹੀ ਮਾਤਾ ਪਿਤਾ ਜੀ ਹਨ। ਦੁਨਿਆਵੀਂ ਤੇ ਰੂਹਾਨੀ।

ਅਸੀਂ ਦੂਰ ਬੈਠੇ ਹੋਏ, ਦਿਲੋਂ ਨੇੜੇ ਹੋ, ਤੁਹਾਡੇ ਸਮੂਹ ਪਰਿਵਾਰ ਨਾਲ ਮਾਤਾ ਜੀ ਦੇ ਵਿਛੋੜੇ ਦਾ ਗਹਿਰਾ ਸ਼ੋਕ ਪ੍ਰਗਟ ਕਰਦੇ ਹੋਏ ਸੱਚੇ ਪਾਤਸ਼ਾਹ ਜੀ ਦੇ ਪਾਵਨ ਚਰਨਾਂ ਵਿੱਚ ਦੋਵੇਂ ਹੱਥ ਜੋੜੇ ਕੇ ਅਰਦਾਸ ਕਰਦੇ ਹਾਂ, ਸੱਚੇ ਪਾਤਸ਼ਾਹ ਜੀ ਉਹਨਾਂ ਦੀ ਆਤਮਾ ਨੂੰ ਆਪਣੇ ਚਰਨ ਕੰਵਲਾਂ ਵਿੱਚ ਸਦੀਵੀਂ ਨਿਵਾਸ ਬਖਸ਼ਣ।

*—ਵਾਸਦੇਵ ਸਿੰਘ ਭਮਰਾ*
*ਵੁਲਵਰਹੈਂਪਟਨ, ਯੂ.ਕੇ*

ਸਤਿਕਾਰ ਯੋਗ, ਮਾਣਯੋਗ, ਪ੍ਰੇਮ ਅਦਬ ਸਹਿਤ ਸ੍ਰ. ਜਗਦੀਸ਼ ਸਿੰਘ ਜੀ "ਵਰਿਆਮ"

ਆਪ ਜੀ ਨੂੰ ਜਸਵਿੰਦਰ ਜੀਤ ਬਾਜਵਾ ਵਲੋਂ ਦਰਦ ਯਾਦਾਂ ਦੀ ਨਿੱਘੀ ਤੇ ਪਿਆਰ ਭਰੀ ਦੋਵੇਂ ਹੱਥ ਜੋੜ ਚਰਨੀ ਸੀਸ ਝੁਕਾ ਕੇ ਸਤਿ ਸ੍ਰੀ ਅਕਾਲ।

ਆਪ ਜੀ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ ਜਦੋਂ ਆਪ ਜੀ ਨੇ ਮੈਨੂੰ ਵਰਿਆਮ ਮੈਗਜ਼ੀਨ ਭੇਟ ਕੀਤਾ। ਜਦ ਘਰ ਆ ਕੇ ਮੈਗਜ਼ੀਨ ਪੜ੍ਹਨ ਲੱਗਾ ਤਾਂ ਅਚਾਨਕ ਪਹਿਲੇ ਸਫੇ ਤੇ ਆਪ ਜੀ ਦੀ ਪੂਜਨੀਕ ਮਾਤਾ ਜੀ ਦੀ ਤਸਵੀਰ ਅੱਖਾਂ ਸਾਹਮਣੇ ਆਈ ਜੋ ਕਿ ੨੭ ਜਨਵਰੀ ੨੦੦੪ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਵਿਛੋੜੇ ਦਾ ਪੜ੍ਹ ਕੇ ਮਨ ਨੂੰ ਬਹੁਤ ਦੁੱਖ ਹੋਇਆ। ਕਿ ਮਾਂ ਤਾਂ ਮਾਂ ਹੀ ਹੁੰਦੀ ਹੈ। ਪਰ ਮਾਂ ਦੇ ਪਿਆਰ ਦਾ ਚੇਤਾ ਸਾਰੀ ਉਮਰ ਨਹੀਂ ਭੁਲਦਾ। ਕਰਮਾਂ-ਭਾਗਾਂ ਵਾਲੇ ਸੀ ਮਾਤਾ ਜੀ ਜੋ ੯੩ ਸਾਲ ਤੱਕ ਏਨੀ ਲੰਮੀ ਤੇ ਸੋਹਣੀ ਉਮਰ ਭੋਗ ਕੇ ਗਏ ਹਨ। ਆਪ ਜੀ ਦੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਕਿ ਸਤਿਗੁਰੂ ਜਗਜੀਤ ਆਪਣੇ ਚਰਨਾਂ ਵਿੱਚ ਵਿਛੜੀ ਰੂਹ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰੇ।

ਆਪ ਜੀ ਦੇ ਦੁੱਖ ਵਿੱਚ ਸ਼ਾਮਿਲ

***ਜਸਵਿੰਦਰ ਜੀਤ ਬਾਜਵਾ***
***ਰਮਦਾਸ-ਲਾਈਰਕ B.A.P.R.***
***ਅੰਮ੍ਰਿਤਸਰ***



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਦੇ ਅਪ੍ਰੈਲ ੨੦੦੪ ਅੰਕ ਵਿੱਚ ਛਪਿਆ ਸ੍ਰ. ਤਾਰਾ ਸਿੰਘ 'ਅਨਜਾਣ' ਜੀ ਦਾ ਲੇਖ "ਦੇਸ਼ ਦੀ ਆਜ਼ਾਦੀ ਤੇ ਨਾਮਧਾਰੀ ਸਾਹਿਤ" ਭਾਰਤ ਸਰਕਾਰ ਦੇ ਉਸ ਰੁਕਨ ਨੂੰ ਪੜ੍ਹਾ ਦਿੱਤਾ ਜਾਵੇ ਜਿਸ ਨੇ ਆਪਣੇ ਹਲਫ਼ਨਾਮੇ ਵਿੱਚ ਨਾਮਧਾਰੀ ਅਤੇ ਕਾਮਾਗਾਟਾਮਾਰੂ ਸ਼ਹੀਦਾਂ ਨੂੰ ਕੌਮੀ ਸ਼ਹੀਦ ਨਹੀਂ ਮੰਨਿਆਂ। ਇਹ ਲੇਖ ਪੜ੍ਹਨ ਪਿੱਛੋਂ ਉਸ ਰੁਕਨ ਦਾ ਮਨ ਸਹਿਜੇ ਹੀ ਠੀਕ ਪਾਸੇ ਵਲ ਮੁੜ ਆਵੇਗਾ।

ਨਾਮਧਾਰੀ ਸਿੰਘਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲੇ ਨੂੰ ਚਾਲੇ ਪਾਉਣ ਸਮੇਂ ਸ਼ਹੀਦੀਆਂ ਪ੍ਰਾਪਤ ਕਰਨ ਲਈ ਅਰਦਾਸ ਕੀਤੀ ਅਤੇ ਹੋਕਾ ਦਿੱਤਾ ਸੀ ਕਿ "ਸ਼ਹੀਦੀ ਜਹਾਜ਼ ਚੱਲਿਆ ਹੈ ਜਿਸ ਨੇ ਦੇਸ਼ ਕੌਮ ਦੀ ਆਜ਼ਾਦੀ ਲਈ ਸ਼ਹੀਦ ਹੋਣਾ ਉਹ ਚੜ੍ਹ ਜਾਓ।"

ਅਸੀਂ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਦਾ ਪੂਰਾ ਸਤਿਕਾਰ ਕਰਦੇ ਹਾਂ ਕਿਉਂਕਿ ਉਹ ਸਾਰੇ ਦੇਸ਼ ਦੀ ਆਜ਼ਾਦੀ ਦੀ ਗੱਲ ਕਰਨ ਲਈ ਇਕੱਠੇ ਹੋਏ ਸੀ, ਪਰ ਘਰੋਂ ਮਰਨ ਲਈ ਨਹੀਂ ਸੀ ਆਏ। ਗੋਰਿਆਂ ਨੇ ਨਿਰਦੋਸ਼ ਲੋਕਾਂ ਤੇ ਗੋਲੀਆਂ ਚਲਾਈਆਂ। ਗੋਲੀਆਂ ਤੋਂ ਬਚਣ ਲਈ ਲੋਕ ਦੌੜੇ, ਗੋਲੀਆਂ ਲੱਗੀਆਂ ਤੇ ਕਈ ਖੂਹ ਵਿੱਚ ਛਾਲਾਂ ਮਾਰ ਕੇ ਸ਼ਹੀਦ ਹੋਏ। ਪਰ ਜੇਹੜੇ ਘਰੋਂ ਤੁਰੇ ਹੀ ਦੇਸ਼ ਕੌਮ ਦੀ ਆਜ਼ਾਦੀ ਲਈ ਮਰਨ ਵਾਸਤੇ ਸਨ ਉਹ ਸਿਰਮੌਰ ਸ਼ਹੀਦ ਹਨ ਤੇ ਕੌਮੀ ਸ਼ਹੀਦ ਹਨ।

ਮੈਂ ਆਪਣੀ ਕਵਿਤਾ ਦਾ ਇਕ ਸ਼ੇਅਰ ਲਿਖਣਾ ਮੁਨਾਸਬ ਸਮਝਦਾ ਹਾਂ—

*ਗੋਲੀਆਂ ਤੋਂ ਬਚਣ ਲਈ ਖੂਹਾਂ 'ਚ ਛਾਲਾਂ ਮਾਰੀਆਂ,*
*ਛਾਤੀ 'ਚ ਗੋਲੇ ਖਾ ਉਡੇ ਵਰਿਆਮ ਸਿੰਘ ਤੋਪਾਂ ਦੇ ਨਾਲ।*

ਮੈਂ ਸ੍ਰ. ਮਾਲਵਿੰਦਰ ਜੀਤ ਸਿੰਘ ਵੜੈਚ ਦੇ ਉੱਦਮ ਲਈ ਦਿਲੋਂ ਰਿਣੀ ਹਾਂ ਤੇ ਉਨ੍ਹਾਂ ਦੀ ਸਫਲਤਾ ਲਈ ਕਾਮਨਾ ਕਰਦਾ ਹਾਂ।

*—ਗੁਰਦੇਵ ਸਿੰਘ ਚੱਗਰ*

*ਚਚਰਾੜੀ (ਸੁਰਇਆ)*

ਵਰਿਆਮ ਦਾ ਅਪ੍ਰੈਲ ੨੦੦੪ ਦਾ ਅੰਕ ਹੁਣੇ ਹੀ ਮਿਲਿਆ। ਜੀਅ ਕੀਤਾ ਕਿ ਕੁਝ ਪੜ੍ਹਿਆ ਜਾਵੇ। ਸਮੱਗਰੀ ਬਦੋਬਦੀ ਪੜ੍ਹਨ ਲਈ ਮਜਬੂਰ ਕਰਦੀ ਹੈ, ਐਸਾ ਅੰਕ ਕੱਢਣ ਲਈ ਵਧਾਈ।

ਭਾਸ਼ਾ ਵਿਭਾਗ ਪੰਜਾਬ ਵਲੋਂ ਪਟਿਆਲਾ ਵਿੱਚ ਨਾਮਧਾਰੀ ਲਹਿਰ ਤੇ ਸੈਮੀਨਾਰ ਦੀ ਰਿਪੋਰਟ ਦੇਖ ਕੇ ਮਨ ਵਿੱਚ ਇਹ ਉਠਿਆ ਕਿ ਜੇ ਪਰਚੇ ਨਹੀਂ ਤਾਂ ਉਨ੍ਹਾਂ ਵਿੱਚ ਜੋ ਖਾਸ ਹੈ ਉਸ ਬਾਰੇ ਨਾਮਧਾਰੀ ਤੇ ਹੋਰ ਲੋਕਾਂ ਨੂੰ ਪਤਾ ਲਗੇ। ਇਹ ਕੰਮ ਆਪ ਹੀ ਕਰ ਸਕਦੇ ਹੋ। ਸੰਤ ਤਾਰਾ ਸਿੰਘ ਅਨਜਾਣ ਜੀ ਦਾ ਲੇਖ "ਦੇਸ਼ ਦੀ ਆਜਾਦੀ ਤੇ ਨਾਮਧਾਰੀ ਸਾਹਿਤ" ਚੰਗਾ ਹੈ।

ਕਿਰਪਾ ਕਰ ਇਸ ਸੈਮੀਨਾਰ ਦੇ ਮੁਦਿਆਂ ਦੀ ਜਾਣਕਾਰੀ ਵੀ ਛਾਪਣੀ ਹੈ।

ਮੈਨੂੰ ਸੈਮੀਨਾਰ ਦੇ ਦਿਨ ਹੀ ਸੈਮੀਨਾਰ ਦਾ ਪਤਾ ਲੱਗਾ। ਆਉਣਾ ਮੁਸ਼ਕਿਲ ਸੀ ਤੇ ਨਾਲੇ (Entry Pass) ਵੀ ਚਾਹੀਦਾ ਹੁੰਦਾ ਹੈ।

*—ਸੁਰਿੰਦਰ ਪਾਲ ਸਿੰਘ (ਪ੍ਰੋ.)*

*ਸੁੰਦਰ ਨਗਰ (ਹਿ. ਪ੍ਰ.)*

"ਵਰਿਆਮ" ਦੀ ਇੰਤਜ਼ਾਰ ਘਰ ਵਿੱਚ ਕਿਸੇ ਖਾਸ ਹਰਮਨ ਪਿਆਰੇ ਹਮਦਰਦ ਰਹਿਨੁਮਾ ਵਾਂਗ ਹੋਣ ਲੱਗ ਪਈ ਹੈ। ਮਿਲਦਿਆਂ ਹੀ ਸਭ ਕੰਮ ਭੁਲ ਜਾਂਦੇ ਨੇ ਤੇ ਇਸ ਨੂੰ ਪੜ੍ਹਨ 'ਚ ਰੁਝ ਜਾਂਦਾ ਹਾਂ। ਤਿੰਨ ਚਾਰ ਦਿਨ ਲਾ ਕੇ ਪੜ੍ਹਿਆ..ਬਹੁਤ ਕੁਝ ਨਵਾਂ ਸੀ...ਬਹੁਤ ਕੁਝ ਸਿਖਿਐ। ਸ਼ਾਲਾ! ਵਰਿਆਮ ਐਦਾਂ ਹੀ ਸਾਡੇ ਵਿਹੜੇ ਆ ਕੇ ਚਾਨਣ ਵੰਡਦਾ ਰਹੇ।

ਸਮੇਂ ਦੀ ਸਰਕਾਰ ਨੇ ਤਾਂ ਸ਼ਰਮ ਹੀ ਤਿਆਗ ਦਿੱਤੀ ਹੈ ਅਸੀਂ ਕਹਿੰਦੇ ਹਾਂ ਕੇ ਭਾਰਤ ਸੋਨੇ ਦੀ ਚਿੜੀ ਸੀ ਪਰ ਆਪਣੇ ਜੁਝਾਰੂ ਪੂਰਵਜਾਂ ਨੂੰ ਭੁਲਦੇ ਜਾ ਰਹੇ ਹਾਂ ਕਿਉਂ ? ਨਾਮਧਾਰੀ ਲਹਿਰ ਅਤੇ ਕਾਮਾਗਾਟਾ ਮਾਰੂ ਸਾਕਾ ਦੇ ਜੁਝਾਰੂਆਂ ਨੂੰ ਅੱਜ ਦੀ ਸਰਕਾਰ ਆਜ਼ਾਦੀ ਸੰਗਰਾਮੀਏ ਨਹੀਂ ਮੰਨਦੀ, ਆਖਿਰ ਕਿਉਂ ? ਦੇਸ਼ ਦੇ ਪਹਿਲੇ ਵੱਡੇ ਤੇ ਸੰਗਠਿਤ ਅਜ਼ਾਦੀ ਸੰਗਰਾਮ ਨੂੰ ਭਾਜਪਾ ਸਰਕਾਰ ਹੀ ਅਣਦੇਖਿਆ ਕਰ ਸਕਦੀ ਹੈ ਜੋ ਕਿ ਪੜ੍ਹਾਈ ਵਿੱਚ ਵੀ ਥਾਂ ਥਾਂ ਭਗਵਾਂਕਰਨ ਕਰਕੇ ਤੇ ਵਿਦਿਆਰਥੀਆਂ ਦੇ ਸਲੇਬਸ ਮਨਮਰਜ਼ੀ ਨਾਲ ਬਦਲਕੇ ਆਪਣਾ ਉੱਲੂ ਸਿਧਾ ਕਰ ਰਹੀ ਹੈ। ਸਰਕਾਰ ਕੁਝ ਵੀ ਕਹੇ ਪਰ ਦੇਸ਼ ਵਾਸੀ ਕੂਕੇ ਸਿੰਘਾਂ ਅਤੇ ਕਾਮਾਟਾਗਾਟਾਮਾਰੂ ਦੇ ਸ਼ਹੀਦਾਂ ਨੂੰ ਕਦੇ ਨਹੀਂ ਭੁਲਾ ਸਕਦੇ। ਮਲਵਿੰਦਰਜੀਤ ਸਿੰਘ ਵੜੈਚ ਯੋਜਨਾਬਧ ਕਾਨੂੰਨੀ ਲੜਾਈ ਲਈ ਵਧਾਈ ਦੇ ਪਾਤਰ ਹਨ। ਸ਼ਾਲਾ ਉਨ੍ਹਾਂ ਨੂੰ ਜਿੱਤ ਵੀ ਸਤਿਗੁਰ ਦੀ ਦਯਾ ਨਾਲ ਨਸੀਬ ਹੋਵੇਗੀ।

"ਦੇਸ਼ ਦੀ ਆਜ਼ਾਦੀ ਦੇ ਨਾਮਧਾਰੀ ਸਾਹਿਤ" ਸ੍ਰੀ ਤਾਰਾ ਸਿੰਘ ਅਨਜਾਣ ਦਾ ਵਡਮੁਲਾ ਤੇ ਗਿਆਨਵਰਧਕ ਲੇਖ ਹੈ। ਕਾਸ਼! ਕੇਂਦਰ ਸਰਕਾਰ ਨੂੰ ਸੰਤ ਖਾਲਸੇ ਦੀ ਸਥਾਪਨਾ ਤੋਂ ਲੈ ਕੇ ਅਜੋਕੇ ਯੁੱਗ ਤੱਕ ਦੇ ਕੂਕਾ ਇਤਿਹਾਸ ਦੀ ਜਾਣਕਾਰੀ ਉਨ੍ਹਾਂ ਦਾ ਕੋਈ ਵਿਦਵਾਨ ਦੇ ਦੇਵੇ....ਤੇ ਸਮੇਂ ਦੀ ਸਰਕਾਰ ਕੁਝ ਸਮ੍ਰੱਤੀ ਕਰਕੇ ਆਪਣੀ ਭੁੱਲ ਸੁਧਾਰੇ। ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਧਰਮ ਵਿਸ਼ਵਾਸ, ਹਸਨਪੁਰੀ ਦੀਆਂ ਰਚਨਾਵਾਂ, ਗੁਰਭਜਨ ਗਿੱਲ ਦੇ ਗੀਤ, ਆਦਲ ਦਿਆਲਪੁਰੀ ਦੀਆਂ ਕਾਵਿ ਟੁਕੜੀਆਂ, ਭਿੰਡਰ ਵੀਰ ਦੀ ਗ਼ਜ਼ਲ, ਸੁਜਾਨ ਸਿੰਘ ਦਾ ਗੀਤ, ਮੇਰਾ ਨਾਂ ਮਜ਼ਦੂਰ, ਬਖਸ਼ੀਸ਼ ਪੰਜਾਬੀ ਦੀ ਗ਼ਜ਼ਲ ਤੇ ਦਲਬੀਰ ਸਿੰਘ ਤਰਸ ਜੀ ਦੀ ਉਸ ਥਾਂ ਬਹੁਤ ਪਸੰਦ ਆਈਆਂ। ਖਬਰਨਾਮਾ ਸਾਹਿਤਕ ਗਤੀਵਿਧੀਆਂ ਦਾ ਲਾਜਵਾਬ ਸ਼ੀਸ਼ਾ ਹੈ ਜਿਸ ਨੂੰ ਪੜ੍ਹ ਕੇ ਅਨੰਦ ਆ ਜਾਂਦਾ ਹੈ।

*—ਕਰਮ ਸਿੰਘ ਵਕੀਲ*

*ਚੰਡੀਗੜ੍ਹ*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code 01824

**For Fitting Diesel Engines in Foreign**

&

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

**G.T. Road, Opp. Jalandhar Octroi Post,**

**PHAGWARA**



Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲਿ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prof. S. Ajit Singh Namdhari

---

**JANTA**
**HYDRAULIC PRESSES**



JANTA ENGG. WORKS

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

---

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar. Ph. : 458795, 459056




Namdhari Elibrary NamdhariElibrary@gmail.com




Namdhari Elibrary NamdhariElibrary@gmail.com









# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੁਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246

ਖਰਬੂਜਾ : N.S. 7455 ਅਤੇ ਅਭੀਜੀਤ

ਲੌਕੀ (ਘੀਆ) : ਕਾਵੇਰੀ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:

**Namdhari Seeds Pvt. Ltd.**

Bidadi - Banglore (India)

Tel. : 080 - 72 82 653
72 82 654

City Office:080- 8602167

Fax :080 8602168

ਰੀਜਨਲ ਆਫਿਸ :

ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ

ਫੋਨ : 0161- 834036, 834420

ਮੋਬਾਇਲ : 98141-33109

Namdhari Elibrary NamdhariElibrary@gmail.com

# ਅਮਰ ਭਾਰਤੀ ਜੀ ਦੀ ਯਾਦ ਵਿੱਚ



ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਗੀਤ ਦੇ ਉੱਚ ਕਲਾਕਾਰਾਂ ਦੀ ਮੰਡਲੀ ਨਾਲ ਭਾਰਤੀ ਜੀ



ਪਿਆਰਾ ਸਿੰਘ ਦਾਤਾ, ਨਰਿੰਦਰ ਭੁੱਲਰ, ਦਵਿੰਦਰ ਸਤਿਆਰਥੀ ਅਤੇ ਭਾਰਤੀ ਜੀ

NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 May 2004

## ਅਮਰ ਭਾਰਤੀ ਜੀ ਦੀ ਯਾਦ ਵਿੱਚ



ਅਮਰ ਭਾਰਤੀ, ਸਤਿਗੁਰੂ ਜੀ ਅਤੇ ਐਚ. ਐਸ. ਹੰਸਪਾਲ



ਅਮਰ ਭਾਰਤੀ, ਡਾ. ਹਰਿਭਜਨ ਸਿੰਘ, ਜਗਦੀਸ਼ ਸਿੰਘ ਵਰਿਆਮ ਅਤੇ ਤਾਰਾ ਸਿੰਘ ਅਨਜਾਣ

---

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਂਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ।
ਫੋਨ : 2222543, ਨਿਵਾਸ : 2456289

Namdhari Elibrary NamdhariElibrary@gmail.com